ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 11 | 11 March 2020 to 17 March 2020 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਕੋਰੋਨਾਵਾਇਰਸ ਅਮਰੀਕਾ ਦੇ ਕਈ ਹਿੱਸਿਆਂ ਵਿੱਚ ਫੈਲਿਆ

## ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਰਾਜਸੀ ਰੈਲੀਆਂ ਜਾਰੀ ਰੱਖਣ ਦਾ ਐਲਾਨ

**ਸੈਕਰਾਮੈਂਟੋ/ ਹੁਸਨ ਲੜੋਆ ਬੰਗਾ:** ਕੋਰੋਨਾਵਾਇਰਸ ਨੇ ਅਮਰੀਕਾ ਵਿੱਚ ਇਸ ਕਦਰ ਪੈਰ ਪਸਾਰ ਲਏ ਹਨ ਕਿ ਕਰਮਚਾਰੀਆਂ ਨੂੰ ਘਰੋਂ ਹੀ ਕੰਮ ਕਰਨ ਲਈ ਕਿਹਾ ਗਿਆ ਹੈ, ਕਈ ਰਾਜਾਂ ਦੇ ਪਬਲਿਕ ਸਕੂਲ ਜ਼ਿਲੇ ਬੰਦ ਹੋ ਗਏ ਹਨ, ਯੂਨੀਵਰਸਿਟੀਆਂ ਸਿਰਫ ਕਲਾਸਾਂ ਨੂੰ ਸਿਰਫ ਆਨਲਾਈਨ ਭੇਜ ਰਹੀਆਂ ਹਨ, ਅਤੇ ਇੱਥੋਂ ਤਕ ਕਿ ਲੋਕ ਚਰਚ ਸੇਵਾਵਾਂ ਜਾਂ ਪ੍ਰਾਰਥਨਾ ਸਭਾਵਾਂ ਨੂੰ ਸੀਮਤ ਕਰ ਰਹੇ ਹਨ। ਕੈਲੀਫੋਰਨੀਆ ਦੇ ਤੱਟ ਤੇ ਕੋਰੋਨਾਵਾਇਰਸ ਦੇ ਸ਼ੱਕੀ ਯਾਤਰੀਆਂ ਵਾਲਾ ਇਕ ਹੋਰ ਕਰੂਜ਼ ਸਮੁੰਦਰੀ ਜਹਾਜ਼ ਪੁੱਜ ਗਿਆ ਹੈ। ਵਿਦੇਸ਼ ਵਿਭਾਗ ਨੇ ਅਮਰੀਕੀਆਂ ਨੂੰ, ਖ਼ਾਸਕਰ ਉਨਾਂ ਦੀ ਸਿਹਤ ਦੇ ਮੱਦੇਨਜਰ ਕਰੂਜ਼ ਸਮੁੰਦਰੀ ਜਹਾਜ਼ਾਂ 'ਤੇ ਯਾਤਰਾ ਨਾ ਕਰਨ ਦੀ ਸਲਾਹ ਦਿੱਤੀ। ਜਿਉਂ ਹੀ ਕੋਰੋਨਾਵਾਇਰਸ ਅਮਰੀਕਾ ਦੇ ਦੋ-ਤਿਹਾਈ ਹਿੱਸਿਆਂ ਵਿੱਚ ਫੈਲ ਗਿਆ, ਅਮਰੀਕੀ ਉਨਾਂ ਨੂੰ ਮਿਲ ਰਹੇ ਖ਼ਤਰੇ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਹੈ, ਹਫਤੇ ਦੇ ਅੰਤ ਵਿੱਚ, ਕੇਸਾਂ ਵਿੱਚ ਤਕਰੀਬਨ 600 ਕੇਸ ਸਾਹਮਣੇ ਆਏ ਹਨ ਅਤੇ ਹੁਣ ਤੱਕ 30 ਮੌਤਾਂ ਦੀ ਪੁਸ਼ਟੀ ਹੋਈ ਹੈ। ਵਾਸ਼ਿੰਗਟਨ ਰਾਜ ਵਿੱਚ, ਸੀਆਟਲ ਖੇਤਰ ਵਿੱਚ ਗਵਰਨਰ ਜੇ ਇਨਸਲੀ ਨੇ ਐਤਵਾਰ ਨੂੰ ਕਿਹਾ ਕਿ ਉਹ ਲੋਕਾਂ ਨੂੰ ਵੱਖ ਵੱਖ ਰੱਖਣ ਤੇ ਉਨਾਂ ਨੂੰ ਲਾਜ਼ਮੀ ਸਹਾਇਤਾ ਲਈ ਵਿਚਾਰ ਕਰ ਰਿਹਾ ਹੈ। ਫੈਡਰਲ ਪਬਲਿਕ ਹੈਲਥ ਅਧਿਕਾਰੀਆਂ ਨੇ ਇਹ ਸੰਕੇਤ ਵੀ ਦਿੱਤਾ ਕਿ ਨਵੇਂ ਕੇਸ ਸਾਹਮਣੇ ਆ ਰਹੇ ਹਨ ਜਿਨਾਂ ਦਾ ਵਿਦੇਸ਼ੀ ਯਾਤਰਾ ਨਾਲ ਕੋਈ ਸਬੰਧ ਨਹੀਨ ਹੈ ਤੇ ਨਵੇਂ,



ਸਖਤ ਉਪਾਵਾਂ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਬਿਮਾਰੀ ਤੋਂ ਹੋਣ ਵਾਲੀਆਂ ਮੌਤਾਂ ਨੂੰ ਘੱਟ ਤੋਂ ਘੱਟ ਕਰਨ ਅਤੇ ਇਸ ਦੇ ਫੈਲਣ ਨੂੰ ਹੌਲੀ ਕਰਨ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ ਤਾਂ ਜੋ ਹਸਪਤਾਲ ਤੇ ਹਾਵੀ ਨਾ ਹੋਣ।ਐਤਵਾਰ ਨੂੰ ਨੈਸ਼ਨਲ ਇੰਸਟੀਚਿਊਟ ਆਫ਼ ਐਲਰਜੀ ਅਤੇ ਛੂਤ ਦੀਆਂ ਬਿਮਾਰੀਆਂ ਦੇ ਡਾਇਰੈਕਟਰ ਡਾ. ਐਂਥਨੀ ਫੌਸੀ ਨੇ ਕਿਹਾ, ਕਿ "ਅਸੀਂ ਜੋ ਪ੍ਰਸਾਰ ਵੇਖਦੇ ਹਾਂ, ਤੁਹਾਨੂੰ ਪਤਾ ਹੈ ਕਿ ਕੁਝ ਵੀ ਸੰਭਵ ਹੈ,'। ਸਭ ਤੋਂ ਵੱਡੀ ਚਿੰਤਾ ਬਜ਼ੁਰਗ ਲੋਕਾਂ ਲਈ ਹੈ, ਖ਼ਾਸਕਰ ਉਨਾਂ ਲਈ ਜਿਨਾਂ ਦੀ ਸ਼ੂਗਰ, ਦਿਲ ਦੀ ਬਿਮਾਰੀ, ਫੇਫੜੇ ਦੀਆਂ ਸਮੱਸਿਆਵਾਂ ਅਤੇ ਕਮਜ਼ੋਰ ਪ੍ਰਤੀਰੋਧ ਵਰਗੀਆਂ ਸਥਿਤੀਆਂ ਹਨ.ਫੌਸੀ ਨੇ ਕਿਹਾ, ਭੀੜ ਵਾਲੀਆਂ ਥਾਵਾਂ 'ਤੇ ਨਾ ਜਾਓ, ਇਕ ਜਹਾਜ਼ ਦੀ ਲੰਬੀ ਯਾਤਰਾ ਤੋਂ ਪਹਿਲਾਂ ਦੋ ਵਾਰ ਸੋਚੋ, ਅਤੇ ਕਿਸੇ ਵੀ ਸਫ਼ਰ ਤੇ ਨਾ ਜਾਓ,"। ਵੈਂਡਰਬਲਟ ਯੂਨੀਵਰਸਿਟੀ ਦੇ ਇੱਕ ਛੂਤ ਵਾਲੀ ਬਿਮਾਰੀ ਮਾਹਰ ਡਾ. ਵਿਲੀਅਮ ਸ਼ੈਫਨਰ ਨੇ ਕਿਹਾ। 'ਭਾਵੇਂ ਤੁਹਾਡਾ ਪਰਿਵਾਰ ਧਾਰਮਿਕ ਹੈ, ਬਾਕੀ ਸਮੂਹਾਂ ਨਾਲ ਇਨਾਂ ਧਾਰਮਿਕ ਸੇਵਾਵਾਂ ਵਿਚ ਜਾਣ ਦੀ ਬਜਾਏ ਘਰ ਵਿਚ ਸਤਿਕਾਰ ਕਰਨ ਬਾਰੇ ਸੋਚੋ ਤੇ ਫਿਲਮਾਂ ਤੇ ਵੀ ਨਾ ਜਾਈਏ। ਸਾਡਾ ਟੀਚਾ ਘੱਟੋ ਘੱਟ ਇਸ ਮਹਾਂਮਾਰੀ ਨੂੰ ਘਟਾਉਣਾ ਹੈ। ਦੂਸਰੇ ਪਾਸੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਆਪਣੀਆਂ ਰਾਜਸੀ ਰੈਲੀਆਂ ਕਰਦੇ ਰਹਿਣਗੇ, ਜੋ ਕਈ ਵਾਰ 20,000 ਲੋਕਾਂ ਤੱਕ ਰੈਲੀਆਂ ਚ ਪਹੁੰਚਦੇ ਹਨ। 3 ਨਵੰਬਰ ਨੂੰ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਉਨਾਂ ਨੂੰ ਚੁਣੌਤੀ ਦੇਣ ਲਈ ਮੁਕਾਬਲਾ ਕਰ ਰਹੇ ਡੈਮੋਕਰੇਟਸ, ਯੂ ਐਸ ਦੇ ਸੈਨੇਟਰ ਬਰਨੀ ਸੈਂਡਰਜ਼ ਅਤੇ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਨੇ ਹੁਣ ਤੱਕ ਦੇ ਕਿਸੇ ਵੀ ਮੁਹਿੰਮ ਦੇ ਪ੍ਰੋਗਰਾਮ ਨੂੰ ਰੱਦ ਨਹੀਂ ਕੀਤਾ।

# ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ 'ਚ ਹੋਲੇ ਮਹੱਲੇ ਦੀਆਂ ਰੌਣਕਾਂ

**ਸ੍ਰੀ ਅਨੰਦਪੁਰ ਸਾਹਿਬ/ਏ.ਟੀ ਨਿਊਜ਼ :** ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਤਿਹਾਸਕ ਹੋਲਾ ਮਹੱਲਾ 8 ਤੋਂ 10 ਮਾਰਚ ਤੱਕ ਪੂਰੀ ਸ਼ਰਧਾ ਅਤੇ ਖ਼ਾਲਸਾਈ ਜਾਹੋ ਜਲਾਲ ਨਾਲ ਮਨਾਇਆ ਗਿਆ। ਇਤਿਹਾਸਕ ਮੇਲੇ ਦੀ ਆਰੰਭਤਾ 8 ਮਾਰਚ ਨੂੰ ਤਖਤ ਸ੍ਰੀ ਕੇਸਗੜ ਸਾਹਿਬ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਪ੍ਰਕਾਸ਼ ਨਾਲ ਹੋਈ। 10 ਮਾਰਚ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਅਰਦਾਸ ਉਪਰੰਤ ਇਤਿਹਾਸਕ ਨਗਰ ਕੀਰਤਨ ਸ਼ੁਰੂ ਹੋਇਆ। ਚਰਨਗੰਗਾ ਸਟੇਡੀਅਮ ਵਿਖੇ ਨਗਰ ਕੀਰਤਨ ਦੀ ਸਮਾਪਤ ਮਗਰੋਂ ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਨੇ ਬਾਬਾ ਬਲਬੀਰ ਸਿੰਘ ਮੁਖੀ 96ਵੇਂ ਕਰੋੜੀ ਚਲਦਾ ਵਹੀਰ ਬੁੱਢਾ ਦਲ ਵਿਸ਼ਵ ਦੀ ਅਗਵਾਈ ਹੇਠ ਘੋੜ ਸਵਾਰੀ, ਨੇਜ਼ੇਬਾਜ਼ੀ ਅਤੇ ਗਤਕੇ ਦੇ ਕਰਤੱਬ ਵਿਖਾਏ। ਨਿਹੰਗ ਸਿੰਘ ਨੀਲੀਆਂ ਅਤੇ ਕੇਸਰੀ ਦਸਤਾਰਾਂ ਤੇ ਰਵਾਹਿਤੀ ਬਾਣੇ ਵਿਚ ਸਜੇ ਹੋਏ ਸਨ। ਸੰਗਤਾਂ ਨੇ ਵੀ ਰੰਗ ਬਿਰੰਗੀਆਂ ਪੁਸ਼ਾਕਾਂ ਪਹਿਨੀਆਂ ਹੋਈਆਂ ਸਨ। ਭਾਵੇਂ ਸਰਕਾਰ ਨੇ ਕਰੋਨਾਵਾਇਰਸ ਕਾਰਨ ਇਕੱਠ ਨਾ ਕਰਨ ਦੀ ਅਪੀਲ ਕੀਤੀ ਸੀ ਪਰ ਸੰਗਤਾਂ ਦੇ ਉਤਸ਼ਾਹ ਤੋਂ ਇਸ ਵਾਇਰਸ ਦਾ ਕੋਈ ਡਰ ਨਹੀਂ ਸੀ ਵਿਖਾਈ ਦੇ ਰਿਹਾ।



# ਪੰਜਾਬ ਯੂਨੀਵਰਸਿਟੀ ਵਿਚ ਗੁਰਦਾਸ ਮਾਨ ਦਾ ਵਿਰੋਧ

## ਸਟੇਜ ਸਾਹਮਣੇ ਮਾਰੇ ਨਾਅਰੇ

**ਚੰਡੀਗੜ/ਏ.ਟੀ.ਨਿਊਜ਼:** ਪੰਜਾਬ ਯੂਨੀਵਰਸਿਟੀ ਚੰਡੀਗੜ ਵਿਚ ਗੁਰਦਾਸ ਮਾਨ ਦੇ ਅਖਾੜੇ ਦੌਰਾਨ ਵਿਦਿਆਰਥੀਆਂ ਵੱਲੋਂ ਗੁਰਦਾਸ ਮਾਨ ਦੇ ਪੰਜਾਬੀ ਭਾਸ਼ਾ ਵਿਰੋਧੀ ਬਿਆਨ ਅਤੇ ਪੰਜਾਬੀਆਂ ਪ੍ਰਤੀ ਵਰਤੀ ਭੱਦੀ ਸ਼ਬਦਾਵਲੀ ਦੇ ਰੋਸ ਵਜੋਂ ਸਟੇਜ ਦੇ ਸਾਹਮਣੇ ਪਹੁੰਚ ਕੇ ਨਾਅਰੇਬਾਜ਼ੀ ਕੀਤੀ ਗਈ। ਵਿਰੋਧ ਕਰ ਰਹੇ ਸੱਥ ਦੇ ਵਿਦਿਆਰਥੀਆਂ ਨਾਲ ਪੁਲਸ ਅਤੇ ਅਖਾੜਾ ਲਵਾ ਰਹੀ ਕਾਂਗਰਸ ਦੀ ਵਿਦਿਆਰਥੀ ਇਕਾਈ ਐਨ.ਐਸ.ਯੂ.ਆਈ ਦੇ ਆਗੂਆਂ ਵੱਲੋਂ ਧੱਕਾ ਮੁੱਕੀ ਕੀਤੀ ਗਈ ਜਿਸ ਵਿਚ ਸਿੱਖ ਵਿਦਿਆਰਥੀਆਂ ਦੀਆਂ ਦਸਤਾਰਾਂ ਵੀ ਲਹਿ ਗਈਆਂ। ਇਸ ਦੌਰਾਨ ਸੱਥ ਅਤੇ ਏਐਫਐਸਐਸ ਨਾਲ ਸਬੰਧਿਤ ਪੰਜ ਵਿਦਿਆਰਥੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਸੀ, ਜਿਹਨਾਂ ਨੂੰ ਦੇਰ ਰਾਤ ਰਿਹਾਅ ਕਰ ਦਿੱਤਾ ਗਿਆ।

ਸੱਥ ਦੀ ਪੰਜਾਬ ਇਕਾਈ ਦੇ ਮੁੱਖ ਸੇਵਾਦਾਰ ਜੁਝਾਰ ਸਿੰਘ ਨੇ ਕਿਹਾ ਕਿ ਗੁਰਦਾਸ ਮਾਨ ਵੱਲੋਂ ਭਾਜਪਾ ਦੀ 'ਇਕ ਦੇਸ਼ ਇਕ ਭਾਸ਼ਾ' ਨੀਤੀ ਦਾ ਸਮਰਥਨ ਕਰਕੇ ਮਾਂ-ਬੋਲੀਆਂ ਦੇ ਕਤਲੇਆਮ ਦਾ ਸਮਰਥਨ ਕੀਤਾ ਜਾ ਰਿਹਾ ਹੈ ਅਤੇ ਵਿਰੋਧ ਕਰਨ ਵਾਲੇ ਪੰਜਾਬੀਆਂ ਪ੍ਰਤੀ ਜਨਤਕ ਸਟੇਜ ਤੋਂ ਭੱਦੀ ਸ਼ਬਦਾਵਲੀ ਵਰਤੀ ਗਈ ਸੀ। ਇਸ ਕਾਰਨ ਗੁਰਦਾਸ ਮਾਨ ਦੇ ਵਿਰੋਧ ਦਾ ਸੱਦਾ ਦਿੱਤਾ ਗਿਆ ਸੀ, ਪਰ ਯੂਨੀਵਰਸਿਟੀ ਪ੍ਰਸ਼ਾਸਨ ਨੇ ਪੰਜਾਬੀ ਭਾਈਚਾਰੇ ਪ੍ਰਤੀ ਭੱਦੀ ਸ਼ਬਦਾਵਲੀ ਵਰਤਣ ਵਾਲੇ ਗੁਰਦਾਸ ਮਾਨ ਦਾ ਅਖਾੜਾ ਰੱਦ ਨਹੀਂ ਕੀਤਾ।

ਉਹਨਾਂ ਕਿਹਾ ਕਿ ਐਨਐਸਯੂਆਈ ਨੇ ਇਕ ਦੇਸ਼ ਇਕ ਭਾਸ਼ਾ ਦੇ ਸਮਰਥਕ ਗੁਰਦਾਸ ਮਾਨ ਦਾ ਅਖਾੜਾ ਲਵਾ ਕੇ ਇਕ ਵਾਰ ਫੇਰ ਸਾਬਤ ਕਰ ਦਿੱਤਾ ਹੈ ਕਿ ਕਾਂਗਰਸ ਵੀ ਮਾਂ-ਬੋਲੀਆਂ ਨੂੰ ਖਤਮ ਕਰਨ ਦੀ ਨੀਤੀ ਵਿਚ ਬਰਾਬਰ ਦੀ ਭਾਈਵਾਲ ਹੈ। ਉਹਨਾਂ ਕਿਹਾ ਕਿ ਮਾਂ-ਬੋਲੀ ਪੰਜਾਬੀ ਦੀ ਤੌਹੀਨ ਕਰਨ ਵਾਲੇ ਲੋਕਾਂ ਨੂੰ ਪੰਜਾਬ ਦੇ ਲੋਕ ਕਦੇ ਮੁਆਫ ਨਹੀਂ ਕਰ ਸਕਦੇ।

ਜਿਕਰਯੋਗ ਹੈ ਕਿ ਕੋਰੋਨਾਵਾਇਰਸ ਦੇ ਖਤਰੇ ਕਾਰਨ ਯੂ.ਜੀ.ਸੀ.ਵੱਲੋਂ ਹਦਾਇਤਾਂ ਜਾਰੀ ਕਰਕੇ ਯੂਨੀਵਰਸਿਟੀਆਂ, ਕਾਲਜਾਂ ਵਿਚ ਕਿਸੇ ਵੀ ਕਿਸਮ ਦੇ ਇਕੱਠ 'ਤੇ ਰੋਕ ਲਗਾਈ ਗਈ ਸੀ ਪਰ ਇਸਦੇ ਬਾਵਜੂਦ ਵੀ ਪੰਜਾਬ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਗੁਰਦਾਸ ਮਾਨ ਦੇ ਅਖਾੜੇ ਨੂੰ ਪ੍ਰਵਾਨਗੀ ਦਿੱਤੀ ਗਈ। ਸੱਥ ਆਗੂ ਸੁਖਵਿੰਦਰ ਸਿੰਘ ਅਤੇ ਵਿਦਿਆਰਥੀ ਕਾਉਂਸਲ ਦੇ ਪ੍ਰਧਾਨ ਚੇਤਨ ਚੌਧਰੀ ਵੱਲੋਂ ਇਤਰਾਜ਼ ਵੀ ਪ੍ਰਗਟ ਕੀਤਾ ਗਿਆ ਪਰ ਯੂਨੀਵਰਸਿਟੀ ਪ੍ਰਸ਼ਾਸਨ ਨੇ ਵਿਦਿਆਰਥੀਆਂ ਦੀ ਸਿਹਤ ਤੋਂ ਜ਼ਿਆਦਾ ਤਰਜੀਹ ਗੁਰਦਾਸ ਮਾਨ ਦੇ ਅਖਾੜੇ ਨੂੰ ਦਿੱਤੀ।



















ਮਰਦਮਸ਼ੁਮਾਰੀ
CALIFORNIA ALL
2020

# ਜਨਗਣਨਾ ਹੋਣ ਵਾਲੀ ਹੈ ਇਸ ਬਸੰਤ ਵਿੱਚ

ਇਹ ਸੂਚਿਤ ਕਰਨ ਵਿੱਚ ਮਦਦ ਕਰਨ ਲਈ ਅਸੀਂ

ਮਾਰਚ ਦੇ ਅੱਧ ਤੋਂ ਸ਼ੁਰੂ ਕਰਕੇ ਨੌਂ ਅਸਾਨ ਪ੍ਰਸ਼ਨਾਂ ਦੇ ਉੱਤਰ ਦੇ ਸਕਦੇ ਹਾਂ

ਕਿ ਅਗਲੇ 10 ਸਾਲਾਂ ਵਿਚ ਸਾਡੇ ਭਾਈਚਾਰਿਆਂ ਵਿਚ ਪੈਸਾ ਕਿਵੇਂ ਖਰਚਿਆ ਜਾਵੇਗਾ।

ਸਾਰੇ ਜਵਾਬ ਸੁਰੱਖਿਅਤ ਅਤੇ ਗੁਪਤ ਹਨ।

CaliforniaCensus.org 'ਤੇ ਹੋਰ ਜਾਣੋ

# ਵਰਲਡ ਸਿੱਖ ਪਾਰਲੀਮੈਂਟ ਵੱਲੋਂ ਲਗਾਏ ਗੁਰਮਤਿ ਕੈਂਪ ਦੀ ਪ੍ਰਸੰਸਾ

## ਨਿਊਯਾਰਕ ਨਿਊਜਰਸੀ ਏਰੀਏ ਦੀਆਂ ਸੰਗਤਾਂ ਨੇ ਪਰਿਵਾਰਾਂ ਸਹਿਤ ਸ਼ਿਰਕਤ ਕੀਤੀ



**ਨਿਊਯਾਰਕ/ਰਾਜ ਗੋਗਨਾ:** ਨਿਊਯਾਰਕ ਦੇ ਰਿਚਮੰਡ ਹਿੱਲ ਦੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਖੇਂ ਗੁਰਮਤਿ ਕੋਰਸ ਕੈਂਪ ਲਗਾਇਆ ਗਿਆ ਪਹਿਲੇ ਦਿਨ ਦਾ ਮੁੱਖ ਵਿਸ਼ਾ: ਵਾਹਿਗੁਰੂ ਨਾਲ ਵਿਚਾਰ , ਜਿਸ ਵਿੱਚ ਬੱਚਿਆਂ ਨੂੰ ਵਾਹਿਗੁਰੂ ਸਿਮਰਨ ਅਤੇ ਕਿਵੇਂ ਅਸੀਂ ਵਾਹਿਗੁਰੂ ਨਾਲ ਜਪੁਜੀ ਸਾਹਿਬ ਰਾਹੀਂ ਉਸ ਵਾਹਿਗੁਰੂ ਨਾਲ ਗੱਲ-ਬਾਤ ਸਵਾਲ ਜਵਾਬ ਕਰਦੇ ਹਾਂ, ਬੱਚਿਆਂ ਅਤੇ ਮਾਤਾ ਪਿਤਾ ਨਾਲ ਸਵਾਲ ਜਵਾਬ ਵੀ ਹੋਏ ਜੋ ਕਿ ਬਹੁਤ ਹੀ ਪ੍ਰਭਾਵਸ਼ਾਲੀ ਸਨ, ਬੱਚਿਆਂ ਨਾਲ ਉਹਨਾਂ ਦੀਆਂ ਦਿਲਚਸਪੀਆਂ ਵਾਰੇ ਵੀ ਗੱਲ-ਬਾਤ ਹੋਈ ਜਿਸ ਵਿੱਚ ਬਾਣੀ ਦੇ ਰਾਗਾਂ ਵਾਰੇ ਵਿਸ਼ੇਸ਼ ਜਾਣਕਾਰੀ ਸਾਂਝੀ ਕੀਤੀ ਗਈ ਜਿਸ ਵਿੱਚ ਬੱਚਿਆਂ ਨੇ ਬਹੁਤ ਦਿਲਚਸਪੀ ਦਿਖਾਈ।

ਪਰਿਵਾਰਕ ਕੋਰਸ :- **(Bombay Theatre ) Fresh Meadow** ਨਿਊਯਾਰਕ ਵਿੱਚ ਹੋਇਆ ਜਿਸ ਲਈ ਇੱਕ ਥਿਏਟਰ (ਸਿਨੇਮਾ )ਹਾਲ ਬੁੱਕ ਕੀਤਾ ਗਿਆ ਸੀ ਜਿਸ ਵਿੱਚ ਬੱਚੇ ਅਤੇ ਪਰਿਵਾਰ ਵੱਡੀ ਗਿਣਤੀ ਵਿੱਚ ਪਹੁੰਚੇ ਇਹ ਪ੍ਰੋਗਰਾਮ ਸਵੇਰੇ 11 ਵਜੇ ਅਰੰਭ ਹੋਇਆ ਸ਼ਾਮ 5 ਵਜੇ ਤੱਕ ਚੱਲਿਆਂ। ਇਸ ਪ੍ਰੋਗਰਾਮ ਵਿੱਚ ਵੀ ਵੱਖ ਵੱਖ ਮਸਲਿਆਂ ਦੇ ਉੱਪਰ ਬਹੁਤ ਡੂੰਘੀਆਂ ਵਿਚਾਰਾਂ ਹੋਈਆਂ ਜਿਸ ਵਿੱਚ ਪਰਿਵਾਰਕ ਮਸਲਿਆਂ ਬਾਰੇ ਕਿਵੇਂ ਮਾਤਾ ਪਿਤਾ ਬੱਚਿਆਂ ਨੂੰ ਆਪਣੇ ਨਜ਼ਦੀਕ ਰੱਖ ਸਕਦੇ ਹਨ, ਘਰਾਂ ਵਿੱਚ ਬਣ ਰਹੇ ਤਣਾਉ ਕਿਵੇਂ ਖਤਮ ਕੀਤੇ ਜਾ ਸਕਦੇ ਹਨ ਅਤੇ ਅੱਜ ਦੇ ਸਮੇਂ ਵਿੱਚ ਟੈਕਨੌਲਜੀ ਦਾ ਬੱਚਿਆ ਉੱਪਰ ਅਸਰ ਜਿਵੇਂ ਫ਼ੋਨ ਟੇਬਲਟ ਦੀ ਆਦਤ ਦੇ ਜੋ ਅਸਰ ਪੈ ਰਹੇ ਹਨ ਉਹਨਾ ਬਾਰੇ ਵੀ ਗੱਲ ਬਾਤ ਹੋਈ ਬੱਚਿਆ ਨਾਲ ਵਿਚਾਰ ਹੋਈ ਕਿਵੇਂ ਉਹ ਆਪਣਾ ਸਮਾਂ ਟੈਕਨੌਲਜੀ ਦੀ ਬਿਜਾਏ ਹੋਰ ਪਾਸੇ ਲਗਾ ਸਕਦੇ ਹਨ ਜਿਸ ਦਾ ਉਹਨਾ ਲਈ ਕਾਫ਼ੀ ਲਾਭ ਹੋਵੇਗਾ। ਗੁਰਦੁਆਰਾ ਸਾਹਿਬ ਰਿਚਮੰਡ ਹਿੱਲ ਸਿੱਖ ਕਲਚਰਲ ਸੁਸਾਇਟੀ ਨਿਊਯਾਰਕ ਗੁਰੂ ਘਰ ਵਿਖੇ ਹੋਇਆ ਜਿਸ ਦਾ ਮੁੱਖ ਵਿਸ਼ਾ **“ The Tale of Two Souls”** ਜਿਸ ਵਿੱਚ ਗੁਰਮੁੱਖ ਦੀ ਜ਼ਿੰਦਗੀ ਅਤੇ ਮਨਮੁੱਖ ਦੀ ਜ਼ਿੰਦਗੀ ਕਿਹੋ ਜਿਹੀ ਹੁੰਦੀ ਹੈ ਬਾਰੇ ਬਹੁਤ ਸੋਹਣੀ ਵਿਚਾਰ ਬੱਚਿਆਂ ਨਾਲ ਸਾਂਝੀ ਹੋਈ ਇਸੇ ਤਰਾਂ ਵੱਖ ਵੱਖ ਵਿਚਾਰਾਂ ਇਹਨਾ ਤਿੰਨ ਦਿਨ ਵਿੱਚ ਹੋਈਆਂ ਜਿਵੇਂ : ਧਰਮ ਉੱਪਰ ਵਿਚਾਰ , ਬਰਾਬਰਤਾ, ਸਿਮਰਨ, ਕਿਵੇਂ ਛੂਆ-ਛਾਤ ਜਾਂ ਜਾਤ-ਪਾਤ ਤੋਂ ਸਿੱਖ ਬੱਚਿਆ ਨੂੰ ਜਾਗ੍ਰਿਤ ਕੀਤਾ ਅਤੇ ਦੱਸਿਆ ਕਿਵੇਂ ਗੁਰੂ ਨਾਨਕ ਪਾਤਸ਼ਾਹ ਨੇ ਬ੍ਰਹਮਣ ਦੇ ਬਣਾਏ ਚਾਰੇ ਵਰਣਾਂ ਨੂੰ ਖਤਮ ਕੀਤਾ ਹੈ ਅਤੇ ਸਿੱਖ ਦੀ ਕੋਈ ਜਾਤ ਨਹੀਂ ਹੈ ਇਸ ਸਾਰੇ ਪ੍ਰੋਗਰਾਮ ਦੇ ਲਈ ਇੰਗਲੈਡ ਤੋਂ ਪਹੁੰਚੇ ਭਈ ਜਗਜੀਤ ਸਿੰਘ ਜੋ ਕਿ ਵਰਲਡ ਸਿੱਖ ਪਾਰਲੀਮੈਂਟ ਦੀ **Education Council** ਦੇ ਕੋਅਰਡੀਨੇਟਰ ਵੀ ਹਨ।ਇਸ ਪ੍ਰੋਗਰਾਮ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਅਮਰੀਕਾ ਤੋਂ **Education Council** ਦੇ ਭਾਈ ਜਗਦੀਸ਼ ਸਿੰਘ ਇੰਡਿਆਨਾ ਸੂਬੇ ਤੋ ਅਤੇ ਹਿਰਦੇਪਾਲ ਸਿੰਘ ਨਿਊਯਾਰਕ ਨੇ ਵਿਸ਼ੇਸ਼ ਤੌਰ ਤੇ ਉਚੇਚਾ ਯੋਗਦਾਨ ਪਾਇਆ। **Education Council** ਵੱਲੋਂ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਦੇ ਪ੍ਰਬੰਧਕਾਂ ਦਾ ਉਚੇਚਾ ਧੰਨਵਾਦ ਕੀਤਾ ਜ਼ਿਹਨਾਂ ਨੇ ਖੁੱਲਦਿਲੀ ਨਾਲ ਇਸ ਪ੍ਰੋਗਰਾਮ ਨੇਪਰੇ ਚਾੜਨ ਵਿੱਚ ਪੂਰਨ ਸਹਿਯੋਗ ਦਿੱਤਾ।

# ਫਰਿਜ਼ਨੋ ਨਿਵਾਸੀ ਪਾਲ ਸਹੋਤਾ ਬਣੇ ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ:** ਪਿਛਲੇ ਦਿਨੀਂ ਪੰਜਾਬ ਅੰਦਰ ਹੋਈਆਂ ਐਨ. ਆਰ. ਆਈ. ਸਭਾ ਪੰਜਾਬ ਦੀਆਂ ਚੋਣਾਂ ਵਿੱਚ ਫਰਿਜ਼ਨੋ ਨਿਵਾਸੀ ਉੱਘੇ ਕਾਰੋਬਾਰੀ ਪਾਲ ਸਹੋਤਾ (ਕਿਰਪਾਲ ਸਿੰਘ ਸਹੋਤਾ) ਨੇ ਆਪਣੇ ਵਿਰੋਧੀ ਜਸਵੀਰ ਸਿੰਘ ਗਿੱਲ ਨੂੰ 160 ਵੋਟਾਂ ਨਾਲ ਹਰਾਕੇ ਐਨ. ਆਰ. ਆਈ. ਸਭਾ ਪੰਜਾਬ ਦੀ ਪ੍ਰਧਾਨਗੀ ਆਪਣੇ ਨਾਮ ਕੀਤੀ। ਕੁੱਲ 22923 ਮੈਂਬਰਾਂ ਵਾਲੀ ਐਨ. ਆਰ. ਆਈ. ਸਭਾ ਦੇ ਪ੍ਰਧਾਨ ਦੇ ਅਹੁਦੇ ਲਈ ਇਹਨਾਂ ਵਿੱਚੋਂ ਸਿਰਫ 360 ਮੈਂਬਰ ਹੀ ਵੋਟ ਪਾਉਣ ਲਈ ਮੈਦਾਨ ਵਿੱਚ ਆਏ। ਇਹਨਾਂ ਵਿੱਚੋਂ 260 ਵੋਟ ਪਾਲ ਸਿੰਘ ਸਹੋਤਾ ਦੇ ਹੱਕ ਵਿੱਚ ਪਏ ‘ਤੇ ਸਿਰਫ 100 ਵੋਟ ਵਿਰੋਧੀ ਜਸਵੀਰ ਸਿੰਘ ਗਿੱਲ ਨੂੰ ਪਏ ‘ਤੇ 2 ਵੋਟਾਂ ਰੱਦ ਹੋ ਗਈਆ। ਇਸ ਵਾਰ ਸਭਾ ਦੀ ਪ੍ਰਧਾਨਗੀ ਲਈ ਸਿਰਫ ਦੋ ਉਮੀਦਵਾਰਾਂ ਵਿੱਚ ਹੀ ਮੁੱਖ ਮੁਕਾਬਲਾ ਸੀ, ਤੀਸਰੇ ਉਮੀਦਵਾਰ ਪ੍ਰੀਤਮ ਸਿੰਘ ਨੇ ਆਪਣਾ ਨਾਮ ਵਾਪਸ ਲੈਂਦਿਆਂ ਪਾਲ ਸਹੋਤਾ ਦਾ ਸਮਰਥਨ ਕਰਨ ਦਾ ਐਲਾਨ ਕਰ ਦਿੱਤਾ ਸੀ। ਇਸ ਵਾਰ ਦੀ ਸਭਾ ਦੀ ਚੋਣ ਵਿੱਚ ਅਮਰੀਕਾ, ਫਰਾਂਸ, ਇੰਗਲੈਂਡ, ਕਨੇਡਾ, ਆਸਟਰੇਲੀਆ ਆਦਿ ਦੇਸ਼ਾਂ ਦੇ ਐਨ. ਆਰ. ਆਈਜ਼ ਨੇ ਭਾਗ ਲਿਆ। ਐਨ. ਆਰ. ਆਈ. ਸਭਾ ਪੰਜਾਬ ਦੀ ਪਹਿਲੀ ਚੋਣ 2010 ਵਿੱਚ ਹੋਈ ਸੀ ਅਤੇ ਉਸ ਸਮੇਂ 12.5% ਵੋਟਿੰਗ ਹੋਈ ਸੀ। ਇਸ ਬਾਅਦ 2013 ਵਿੱਚ 9.22% ਵੋਟਿੰਗ ਹੋਈ ਅਤੇ ਇਸ ਵਾਰ ਸਿਰਫ 1.5% ਵੋਟਿੰਗ ਹੋਈ। ਇਸ ਵਾਰ ਜ਼ਿਆਦਾ ਘੱਟ ਵੋਟਿੰਗ ਲਈ ਸ਼ਾਇਦ ਕਰੋਨਾ ਵਾਇਰਸ ਕਰਕੇ ਟਰੈਵਲ ਬੈਨ ਵਗੈਰਾ ਵੀ ਜ਼ੁੰਮੇਵਾਰ ਹੋ ਸਕਦਾ ਹੈ। ਕੁਲ ਮਿਲਾਕੇ ਪਾਲ ਸਹੋਤਾ ਦੀ ਜਿੱਤ ਕਾਰਨ ਅਮਰੀਕਾ ਵਿੱਚ ਪੰਜਾਬੀ ਭਾਈਚਾਰੇ ਅੰਦਰ ਖ਼ੁਸ਼ੀ ਦੀ ਲਹਿਰ ਹੈ। ਪਾਲ ਸਹੋਤਾ ਇਲਾਕੇ ਦੀ ਜਾਣੀ-ਪਹਿਚਾਣੀ ਸਖ਼ਸ਼ੀਅਤ ਹੈ। ਉਹ ਹਮੇਸਾ ਪਾਰਟੀ ਅਤੇ ਹੋਰ ਵਿਤਕਰੇ ਤੋਂ ਉਪਰ ਉੱਠ ਕੇ ਸਮਾਜਿਕ ਕੰਮਾਂ ਅਤੇ ਲੋਕਾਂ ਨਾਲ ਹਰ ਵੇਲੇ ਮਦਦ ਲਈ ਖੜਨ ਵਾਲਾ ਇਨਸਾਨ ਹੈ। ਖਾਸ ਤੌਰ ‘ਤੇ ਉਹ ਪਹਿਲਾ ਤੋਂ ਪ੍ਰਦੇਸੀਆਂ ਦੀਆ



ਸਮੱਸਿਆਵਾ ਨੂੰ ਭਾਰਤ ਸਰਕਾਰ ਦੇ ਨਾਲ ਸਾਂਝਾ ਕਰਦਾ ਰਿਹਾ ਹੈ ਅਤੇ ਉਨਾਂ ਦੇ ਹੱਲ ਕਰਨ ਲਈ ਯਤਨਸੀਲ ਵੀ ਰਿਹਾ।

ਇਸ ਕਰਕੇ ਨਿਵਾਸੀ ਵੀ ਆਪਣੇ ਮਹਿਬੂਬ ਲੀਡਰ ਪਾਲ ਸਹੋਤਾਂ ਦੀ ਜਿੱਤ ਦੇ ਜਸ਼ਨ ਮਨਾਉਦੇ ਨਜ਼ਰ ਆਏ। ਇਸ ਮੌਕੇ ਫੋਨ ‘ਤੇ ਗੱਲ-ਬਾਤ ਕਰਦਿਆਂ ਪਾਲ ਸਹੋਤਾਂ ਨੇ ਕਿਹਾ ਕਿ ਉਹ ਸਮੂਹ ਵੋਟਰਾਂ ਦਾ ਧੰਨਵਾਦ ਕਰਦੇ ਹਨ ਅਤੇ ਵਿਸ਼ਵਾਸ ਦਿਵਾਉਂਦੇ ਹਨ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠਕੇ, ਬਿਨਾਂ ਕਿਸੇ ਭੇਦਭਾਵ ਐਨ. ਆਰ. ਆਈ. ਭੈਣ-ਭਰਾਵਾਂ ਦੇ ਮਸਲੇ ਪਹਿਲ ਦੇ ਅਧਾਰ ਤੇ ਉਠਾਉਣਗੇ, ‘ਤੇ ਉਹਨਾਂ ਨੂੰ ਹੱਲ ਕਰਵਾਉਣ ਲਈ ਹਰ ਸਾਰਥਿਕ ਉਪਰਾਲਾ ਕਰਨਗੇ। ਪਾਲ ਸਿੰਘ ਸਹੋਤਾ ਨੇ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਐਨ. ਆਰ. ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਵੋਟਾਂ ਨਾਲ ਹੋਵੇ, ਸਗੋਂ ਉਹ ਸਰਬ-ਸੰਮਤੀ ਦੇ ਹੱਕ ਵਿੱਚ ਹਨ। ਉਹਨਾਂ ਕਿਹਾ ਕਿ ਉਹ ਜਲਦ ਅਮਰੀਕਾ ਪਰਤਣਗੇ ਤੇ ਆਪਣੇ ਦਫਤਰ ਜ਼ਰੀਏ ਐਨ. ਆਰ. ਆਈ. ਸਭਾ ਪੰਜਾਬ ਲਈ ਫ਼ੋਨ ਨੰਬਰ ਵਗੈਰਾ ਜਾਰੀ ਕਰਨਗੇ ਤਾਂ ਜੋ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੇ ਮਸਲਿਆਂ ਨੂੰ ਸੁਣਕੇ ਪੰਜਾਬ ਸਰਕਾਰ ਤੱਕ ਪਹੁੰਚਾਇਆ ਜਾ ਸਕੇ। ਉਹਨਾਂ ਸਮੂਹ ਐਨ. ਆਰ. ਆਈਜ਼ ਦਾ ਸਹਿਯੋਗ ਲਈ ਸ਼ੁਕਰੀਆ ਅਦਾ ਕੀਤਾ।

NJ Truck Lines



WANTED
OWNER OPERATORS and DRIVERS
- Dry vans only
- Grater Midwest area/East /Tx
- Phoenix/Portland
- Competitive Rates
- Next Day Pay
- Fuel card/Fuel Discounts
- Dispatch With Rate Confirmation copy
- No Forced Dispatch

APPLY TODAY
CALL: 209 341 9196
dispatch@njtruckline.com

# ਪੰਜਾਬ ਭਵਨ ਸਰੀ ਵੱਲੋਂ ਨਾਟਕ ‘ਪੀਟਰ ਕੈਨੇਡੀਅਨ’ ਟੀਮ ਦਾ ਸਨਮਾਨ

**ਸਰੀ/ਰਾਜ ਗੋਗਨਾ:** ਬੀਤੇ ਦਿਨ ਪੰਜਾਬ ਭਵਨ ਸਰੀ ਕੈਨੇਡਾ ਦੇ ਸੰਸਥਾਪਕ ਸ੍ਰੀ ਸੁੱਖੀ ਬਾਠ ਵੱਲੋਂ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਉੱਚਾ ਚੁੱਕਣ ਲਈ ਕੀਤੇ ਜਾ ਰਹੇ ਉਪਰਾਲੇ ਜਿੱਥੇ ਦੇਸ਼ ਅਤੇ ਵਿਦੇਸ਼ ਵਿੱਚ ਵੱਸਦੇ ਪੰਜਾਬੀ ਭਾਈਚਾਰੇ ਲਈ ਕਾਰਗਰ ਸਿੱਧ ਹੋ ਰਹੇ ਹਨ ਉੱਥੇ ਕੈਨੇਡਾ ਵਿੱਚ ਪੰਜਾਬ ਭਵਨ ਦੀ ਉਸਾਰੀ ਤੋਂ ਪੰਜਾਬ ਅਤੇ ਪੰਜਾਬੀਅਤ ਨੂੰ ਚਾਰ ਚੰਨ ਲੱਗ ਚੁੱਕੇ ਹਨ।ਬੀਤੇ ਦਿਨੀਂ ਸੁੱਖੀ ਬਾਠ ਅਤੇ ਪੰਜਾਬ ਭਵਨ ਦੀ ਟੀਮ ਨਾਟਕ ਪੀਟਰ ਕੈਨੇਡੀਅਨ ਦੀ ਸਫਲ ਪੇਸ਼ਕਾਰੀ ਦੇਖਦਿਆਂ ਟੀਮ ਨੂੰ ਹੋਰ ਉਤਸ਼ਾਹਿਤ ਕਰਨ ਲਈ ਉਨਾਂ ਦੀ ਪੂਰੀ ਟੀਮ ਦਾ ਸਨਮਾਨ ਕਰਨ ਦਾ ਐਲਾਨ ਕੀਤਾ। ਸਨਮਾਨ ਸਮਾਗਮ 8 ਮਾਰਚ ਨੂੰ ਉਲੀਕਿਆ ਗਿਆ। ਭਰਵੀਂ ਹਾਜ਼ਰੀ ਵਿੱਚ ਨਾਟਕ ਦੀ ਸਾਰੀ ਟੀਮ ਦੇ ਸਨਮਾਨ ਉਪਰੰਤ ਸ੍ਰੀ ਸੁੱਖੀ ਬਾਠ ਵੱਲੋਂ ਆਉਂਦੇ ਦਿਨਾਂ ਵਿੱਚ ਨਾਟਕ ਦੀ ਮੁੜ ਪੇਸ਼ਕਾਰੀ ਦਾ ਵੀ ਐਲਾਨ ਕੀਤਾ ਗਿਆ।

ਪੀਟਰ ਕੈਨੇਡੀਅਨ ਨਾਟਕ ਦੀ ਪੂਰੀ ਟੀਮ ’ਚ ਮਨਪ੍ਰੀਤ



ਰਿਆੜ, ਗੁਰਨਾਮ ਸਿੰਘ, ਥਾਂਦੀ ਬਿੱਲਾ, ਤੱਖੜ ਬਲਵੀਰ ਢਿੱਲੋਂ, ਦਰਸ਼ਪ੍ਰੀਤ ਕੰਬੋਜ, ਹਰਮੀਤ ਗਿੱਲ, ਸਵਤੰਤਰ ਸਿੰਘ ਖੋਸਾ, ਸੁੱਖੀ ਰੋਡੇ, ਨੂਤਨ ਠਾਕੁਰ, ਬਲਵਿੰਦਰ ਰੋਡੇ, ਇੰਦਰਜੀਤ ਰੋਡੇ, ਨਰਿੰਦਰ ਮੰਗੂਵਾਲ਼,ਨਵਰੀਤ ਸ਼ੇਖਾਂ, ਗੁਰਦੀਪ ਭੁੱਲਰ, ਪਰਮਿੰਦਰ ਕੌਰ ਭੁੱਲਰ, ਤਨਵੀਰ ਭੁੱਲਰ, ਗੁਰਪਾਲ ਸ਼ੋਕਰ ਅਤੇ ਅੰਮ੍ਰਿਤਪਾਲ ਸਿੰਘ ਦੇ ਨਾਂ ਵਰਨਣਯੋਗ ਹਨ।

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

# 1986 ਸਾਕਾ ਨਕੋਦਰ ਦੀ ਬੇ-ਇਨਸਾਫ਼ੀ ਦੀ ਗੂੰਜ ਯੂ ਐੱਨ ਓ ਵਿੱਚ ਪਈ

**ਜਨੇਵਾ/ਏ.ਟੀ.ਨਿਊਜ਼ :** ਡਾ. ਇਕਤਿਦਾਰ ਕਰਾਮਾਤ ਚੀਮਾ ਵਲੋਂ ਯੂ ਐਨ ਓ ਦੇ ਜਨੇਵਾ ਸਥਿਤ ਮੁੱਖ ਦਫਤਰ ਵਿੱਚ 43ਵੇਂ ਮਨੁੱਖੀ ਅਧਿਕਾਰ ਕੌਂਸਿਲ ਦੇ ਖਾਸ ਸ਼ੈਸ਼ਨ ਨੂੰ ਸੰਬੋਧਨ ਹੁੰਦਿਆਂ 1986 ਸਾਕਾ ਨਕੋਦਰ ਦੀ ਬੇਇਨਸਾਫ਼ੀ ਦੀ ਦਾਸਤਾਨ ਦੁਨੀਆਂ ਸਾਹਮਣੇ ਰੱਖੀ ਕਿ ਭਾਰਤੀ ਰਾਸ਼ਟਰ ਦੀਆਂ ਸਰਕਾਰਾਂ ਪੀੜਿਤ ਪਰਿਵਾਰਾਂ ਨੂੰ 34 ਸਾਲਾਂ ਬਾਅਦ ਵੀ ਇਨਸਾਫ਼ ਦੇਣ ਤੋਂ ਇਨਕਾਰੀ ਹਨ। ਡਾ. ਚੀਮਾ ਨੇ ਕਿਹਾ ਕਿ ਪੁਲਿਸ ਨੇ 34 ਸਾਲ ਪਹਿਲਾਂ ਪੁਰਅਮਨ, ਨਿਹੱਥੇ ਤੇ ਬੇਗੁਨਾਹ ਸਿੱਖ ਨੌਜਵਾਨਾਂ ਨੂੰ ਕਤਲ ਕਰ ਦਿੱਤਾ ਸੀ ਅਤੇ ਸਰਕਾਰ ਵਲੋਂ ਆਪਣੇ ਵਲੋਂ ਕਾਰਵਾਈ ਨਿਆਂਇਕ ਜਾਂਚ ਰਿਪੋਰਟ ਵੀ ਅਜੇ ਤੱਕ ਲਾਗੂ ਨਹੀਂ ਕੀਤੀ ਅਤੇ ਪਰਿਵਾਰ ਅੱਜ ਵੀ ਇਨਸਾਫ਼ ਦੀ ਗੁਹਾਰ ਲਾ ਰਹੇ ਹਨ।

ਯਾਦ ਰਹੇ ਕਿ 4 ਫਰਵਰੀ 1986 ਨੂੰ ਪੰਜਾਬ ਪੁਲਿਸ ਨੇ ਗੁਰੂ ਗਰੰਥ ਸਾਹਿਬ ਜੀ ਦੇ ਅਗਨ ਭੇਂਟ ਹੋਏ ਪੰਜ ਸਰੂਪਾਂ ਦੀ ਸੰਭਾਲ ਲਈ ਜਾ ਰਹੀ ਪੁਰਅਮਨ ਸੰਗਤ ਤੇ ਬਿਨਾ ਕਿਸੇ ਭੜਕਾਹਟ ਦੇ ਕੀਤੀ ਪੁਲਿਸ ਗੋਲੀਬਾਰੀ ਨਾਲ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸੰਬੰਧਿਤ ਚਾਰ ਸਿੱਖ ਨੌਜਵਾਨ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ, ਸ਼ਹੀਦ ਭਾਈ ਬਲਧੀਰ ਸਿੰਘ ਰਾਮਗੜ, ਸ਼ਹੀਦ ਭਾਈ ਝਲਮਣ ਸਿੰਘ ਗੋਰਸੀਆਂ ਤੇ ਸ਼ਹੀਦ ਭਾਈ ਹਰਮਿੰਦਰ ਸਿੰਘ ਚਲੂਪਰ ਸ਼ਹਾਦਤਾਂ ਪ੍ਰਾਪਤ



ਕਰ ਗਏ ਸਨ। ਇਸ ਸੰਬੰਧੀ ਪੰਜਾਬ ਸਰਕਾਰ ਵਲੋਂ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਤੋਂ ਨਿਆਂਇਕ ਜਾਂਚ ਤਾਂ ਕਰਵਾ ਲਈ ਗਈ ਪਰ ਜਾਂਚ ਰਿਪੋਰਟ ਸਰਕਾਰਾਂ ਵਲੋਂ ਤੇਤੀ ਸਾਲ ਦੱਬੀ ਰੱਖੀ ਰਹੀ। ਪਰਿਵਾਰਾਂ ਦੇ ਲੰਬੇ ਸ਼ੰਘਰਸ਼ ਦੇ ਬਾਵਜੂਦ ਅਜੇ ਵੀ ਇਸ ਰਿਪੋਰਟ ਦਾ ਪਹਿਲਾ ਭਾਗ ਹੀ ਮਿਲ ਸਕਿਆ ਹੈ, ਦੂਸਰਾ ਭਾਗ ਅਜੇ ਤੱਕ ਦੱਬਿਆ ਹੋਇਆ ਹੈ। ਐੱਮ ਐੱਲ ਏ ਕੰਵਰ ਸੰਧੂ, ਹਰਵਿੰਦਰ ਸਿੰਘ ਫੂਲਕਾ, ਸਿਮਰਜੀਤ ਸਿੰਘ ਬੈਂਸ ਵਲੋਂ ਪੰਜਾਬ ਦੀ ਵਿਧਾਨ ਸਭਾ ਵਿੱਚ ਅਤੇ ਡਾ ਧਰਮਵੀਰ ਗਾਂਧੀ ਵਲੋਂ ਗ੍ਰਿਹ ਮੰਤਰੀ ਰਾਜਨਾਥ ਸਿੰਘ ਨੂੰ ਮਿਲਕੇ ਵੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਨੂੰ ਜਨਤਿਕ ਕਰਨ ਤੇ ਇਸ ਤੇ ਕਾਰਵਾਈ ਕਰਕੇ ਦੋਸ਼ੀਆਂ ਨੂੰ ਸਜ਼ਾ ਦਵਾਉਣ ਲਈ ਕੀਤੇ ਉਪਰਾਲੇ ਵੀ ਕਾਮਯਾਬ ਨਹੀਂ ਹੋਏ। ਮੌਜੂਦਾ ਮੁੱਖ ਮੰਤਰੀ ਅਮਰਿੰਦਰ ਸਿੰਘ ਜੀ ਵਲੋਂ ਵੀ ਸਾਕਾ ਨਕੋਦਰ ਦਾ ਕੇਸ ਦੋਬਾਰਾ ਖੁਲਵਾਉਣ, ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਤੇ ਸਦਨ ਵਿੱਚ ਬਹਿਸ ਕਰਕੇ ਅਤੇ ਜੱਜ ਸਾਹਿਬ ਵਲੋਂ ਕੀਤੀਆਂ ਸਿਫਾਰਸ਼ਾਂ ਤੇ ਕਾਰਵਾਈ ਕਰਨ ਲਈ ਬਰਗਾੜੀ ਦੀ ਤਰਜ਼ ਤੇ ਸ਼ਪੈਸ਼ਲ ਜਾਂਚ ਟੀਮ ਬਣਾ ਕੇ ਦੋਸ਼ੀਆਂ ਨੂੰ ਸਜਾਵਾਂ ਦੇਣ ਦੇ ਵਾਅਦੇ ਵੀ ਖੋਖਲੇ ਹੀ ਸਾਬਿਤ ਹੋਏ ਹਨ। ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਾਪੂ ਬਲਦੇਵ ਸਿੰਘ ਲਿੱਤਰਾਂ ਨੇ ਡਾ ਚੀਮਾ ਦਾ ਧੰਨਵਾਦ ਕੀਤਾ ਹੈ ਕਿ ਉਨਾਂ ਨੇ ਇਹ ਕੇਸ ਯੂ ਐੱਨ ਓ ਵਿੱਚ ਰੱਖਿਆ ਹੈ ਅਤੇ ਆਸ ਪ੍ਰਗਟਾਈ ਹੈ ਕਿ ਪੰਜਾਬ ਸਰਕਾਰ ਮਸਲੇ ਦੀ ਗੰਭੀਰਤਾ ਨੂੰ ਸਮਝਦੀ ਹੋਈ ਜਲਦ ਹੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਨੂੰ ਜਨਤਿਕ ਕਰਕੇ, ਜੱਜ ਸਾਹਿਬ ਵਲੋਂ ਕੀਤੀਆਂ ਸਿਫਾਰਸ਼ਾਂ ਨੂੰ ਲਾਗੂ ਕਰਕੇ ਦੋਸ਼ੀਆਂ ਨੂੰ ਬਣਦੀ ਸਜ਼ਾ ਦਵਾਉਣ ਲਈ ਕਾਰਵਾਈ ਕਰੇਗੀ।

# ਦਲ ਖਾਲਸਾ ਵੱਲੋਂ ਪੰਥ ਪ੍ਰਵਾਨਿਤ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕਰਨ ਦੀ ਅਪੀਲ

**ਅੰਮ੍ਰਿਤਸਰ/ ਏ.ਟੀ.ਨਿਊਜ਼:** ਦਲ ਖਾਲਸਾ ਨੇ 14 ਅਪ੍ਰੈਲ 2003 ਤੋਂ ਪੰਥ ਪ੍ਰਵਾਨਿਤ ਮੂਲ ਨਾਨਕਸ਼ਾਹੀ ਕੈਲੰਡਰ ਸਮੰਤ 552 ਜਾਰੀ ਕੀਤਾ ਅਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਅਕਾਲ ਤਖਤ ਸਹਿਬ ਦੇ ਫੈਸਲੇ 'ਸਿੱਖ ਇੱਕ ਵੱਖਰੀ ਕੌਮ ਹੈ, ਇੱਕ ਵੱਖਰਾ ਧਰਮ ਹੈ, ਇਹ ਹਿੰਦੂ ਧਰਮ ਦਾ ਅੰਗ ਨਹੀ ਹੈ' ਦੇ ਸਿਧਾਂਤ ਦੀ ਰੌਸ਼ਨੀ ਵਿੱਚ ਨਾਨਕਸ਼ਾਹੀ ਕੈਲੰਡਰ ਸਬੰਧੀ ਚਲ ਰਹੇ ਵਿਵਾਦ ਨੂੰ ਸੁਲਝਾਉਣ ਲਈ ਪਹਿਲ ਕਦਮੀ ਕਰੇ।

ਜਥੇਬੰਦੀ ਨੇ ਨਾਲ ਇਹ ਵੀ ਸਪਸ਼ਟ ਕੀਤਾ ਕਿ ਇਸ ਮੁੱਦੇ ਨੂੰ ਸੁਲਝਾਉਣ ਲਈ ਮਾਹਿਰਾਂ ਅਤੇ ਇਤਿਹਾਸਕਾਰਾਂ ਦੀ ਮਦਦ ਲਈ ਜਾਵੇ।

ਇਸ ਤੋਂ ਪਹਿਲਾਂ ਦਲ ਖ਼ਾਲਸਾ ਦੇ ਸਿੰਘਾਂ ਨੇ ਅਕਾਲ ਤਖਤ ਸਾਹਿਬ ਵਿਖੇ ਅਰਦਾਸ ਕੀਤੀ। ਅਰਦਾਸ ਉਪਰੰਤ ਜਦੋਂ ਦਲ ਖਾਲਸਾ ਮੈਂਬਰ ਕੈਲੰਡਰ ਰਿਲੀਜ਼ ਕਰਨ ਲਗੇ ਤਾਂ ਸ਼੍ਰੋਮਣੀ ਕਮੇਟੀ ਨੇ ਉਹਨਾਂ ਨੂੰ ਬਾਹਰ ਜਾ ਕੇ ਰਿਲੀਜ਼ ਕਰਨ ਲਈ ਬੇਨਤੀ ਕੀਤੀ, ਇਸ 'ਤੇ ਉਹ ਅਕਾਲ ਤਖਤ ਸਕਤਰੇਤ ਚਲੇ ਗਏ ਪਰ ਉਥੇ ਵੀ ਉਹਨਾਂ ਨੂੰ ਟਾਸਕ ਫੋਰਸ ਵਲੋਂ ਰੋਕਿਆ ਗਿਆ, ਪਰ ਜਥੇਬੰਦੀ ਦੇ ਮੈਂਬਰ ਆਪਣੇ ਸਟੈਂਡ 'ਤੇ ਅੜੇ ਰਹੇ, ਜਿਥੇ ਗਰਮਾ-ਗਰਮੀ ਅਤੇ ਧੱਕਾ-ਮੁੱਕੀ ਤੋਂ ਬਾਅਦ ਸਕਤਰੇਤ ਦੇ ਇੰਚਾਰਜ ਨੇ ਦਖਲਅੰਦਾਜੀ ਕਰਕੇ ਦਲ ਖਾਲਸਾ ਆਗੂਆਂ ਨੂੰ ਕੈਲੰਡਰ ਜਾਰੀ ਕਰਨ ਲਈ ਹਾਮੀ ਭਰ ਦਿੱਤੀ ਅਤੇ ਟਾਸਕ ਫੋਰਸ ਨੇ ਦਲ ਖਾਲਸਾ ਪਾਸੋਂ ਮੁਆਫੀ ਮੰਗ ਲਈ।

ਕਰਤਾਰਪੁਰ ਲਾਂਘੇ ਨੂੰ ਪੰਥ ਲਈ ਮੀਲ-ਪੱਥਰ ਉਪਲਬਧੀ ਮੰਨਦਿਆਂ ਜਥੇਬੰਦੀ ਵਲੋਂ ਪ੍ਰਕਾਸ਼ਿਤ ਕੈਲੰਡਰ ਲਾਂਘੇ ਨੂੰ ਸਮਰਪਿਤ ਕੀਤਾ ਗਿਆ ਅਤੇ ਮੁੱਖ ਤਸਵੀਰ ਜਨਾਬ ਇਮਰਾਨ ਖਾਨ ਵਲੋ ਲਾਘੇ ਦੇ ਉਦਘਾਟਨੀ ਸਮਾਰੋਹ ਦੀ ਲਗਾਈ ਗਈ ਅਤੇ ਲਾਂਘੇ ਲਈ ਪਾਕਿਸਤਾਨ ਦਾ ਧੰਨਵਾਦ ਕੀਤਾ ਗਿਆ।

'ਅਰਦਾਸ ਤੋਂ ਜੱਫੀ ਤੋਂ ਹਕੀਕਤ ਤੱਕ' ਦੇ ਸਿਰਲੇਖ ਹੇਠ ਲਾਂਘੇ ਬਾਬਤ ਸੰਖੇਪ ਜਾਣਕਾਰੀ ਦਿੱਤੀ ਗਈ ਹੈ ਅਤੇ ਲਿਖਿਆ ਹੈ ਕਿ ਕਰਤਾਰਪੁਰ ਲਾਂਘੇ ਲਈ ਦਹਾਕਿਆਂ ਦਾ ਸਫ਼ਰ ਅਰਦਾਸਾਂ, ਆਸਾਂ, ਅੜਚਣਾ, ਸ਼ੰਕਿਆਂ ਅਤੇ ਵਾਅਦਿਆਂ ਦਾ ਸੁਮੇਲ ਰਿਹਾ। ਪਾਕਿਸਤਾਨ ਫੌਜ ਮੁੱਖੀ ਜਨਰਲ ਬਾਜਵਾ ਦੀ ਨਵਜੋਤ ਸਿੰਘ ਸਿੱਧੂ ਨਾਲ ਚਰਚਿਤ ਜੱਫੀ ਨੇ ਇਸਦਾ ਮੁੱਢ ਬੰਨਿਆ। ਜਨਾਬ ਇਮਰਾਨ ਖਾਨ ਦੀ ਗੂਗਲੀ (ਕੂਟਨੀਤੀ) ਨੇ ਇਹ ਯਕੀਨੀ ਬਣਾਇਆ ਕਿ ਭਾਰਤ ਸਰਕਾਰ, ਸਿੱਖ ਪੰਥ ਦੀ ਲੰਮੇਰੀ ਇੱਛਾ ਨੂੰ ਪਾਕਿ ਸਰਕਾਰ ਨਾਲ ਮਿਲ ਕੇ ਸਾਕਾਰ ਕਰੇ। 9 ਨਵੰਬਰ 2019 ਨੂੰ ਲਾਂਘੇ ਦੇ ਹੋਂਦ ਵਿੱਚ ਆਉਣ ਨਾਲ ਉਨਾਂ ਸਾਰੀਆਂ ਸ਼ਕਤੀਆਂ ਦੇ ਮਨਸੂਬੇ ਫੇਲ ਹੋ ਗਏ, ਜੋ ਸਿੱਖ-ਮੁਸਲਿਮ ਸਾਂਝ ਅਤੇ ਦੋਸਤੀ ਦੀਆਂ ਵੈਰੀ ਹਨ।




ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਿਤ ਕੈਲੰਡਰ ਸਿਰਫ ਨਾਂ ਦਾ ਹੀ ਨਾਨਕਸ਼ਾਹੀ ਰਹਿ ਗਿਆ ਹੈ। ਅਸਲ ਵਿੱਚ ਇਹ ਬਿਕਰਮੀ ਕੈਲੰਡਰ ਹੈ ਜਿਸ ਨੂੰ ਧੋਖੇ ਨਾਲ ਨਾਨਕਸ਼ਾਹੀ ਦੇ ਨਾਮ ਹੇਠ ਸ਼੍ਰੋਮਣੀ ਕਮੇਟੀ ਛਾਪ ਅਤੇ ਪ੍ਰਚਾਰ ਰਹੀ ਹੈ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਤੇ ਬੈਠੇ 'ਸੇਵਾਦਾਰਾਂ' ਨੇ ਸਿੱਖ ਕੌਮ ਦੇ ਵੱਖਰੇ ਕੈਲੰਡਰ ਨੂੰ ਬਣਾਉਣ ਦੀ ਸੋਚ ਅਤੇ ਭਾਵਨਾ ਹੀ ਮਾਰ ਦਿਤੀ ਹੈ। ਉਨਾਂ ਕਿਹਾ ਕਿ ਕੈਲੰਡਰ ਦਾ ਬਿਕਰਮੀਕਰਨ ਆਰ.ਐਸ.ਐਸ. ਦੇ ਪ੍ਰਭਾਵ ਹੇਠ ਕੀਤਾ ਗਿਆ ਹੈ।

ਉਨਾਂ ਜਥੇਦਾਰ ਅਕਾਲ ਤਖਤ ਸਾਹਿਬ ਦੀ ਪਦਵੀ ਦੀ ਗੱਲ ਕਰਦਿਆਂ ਕੰਵਰਪਾਲ ਸਿੰਘ ਨੇ ਕਿਹਾ ਕਿ "ਮਾਰਚ-ਅਪ੍ਰੈਲ 2003 ਵਿੱਚ ਖਾਲਸਾ ਪੰਥ ਦੀ ਮਨਜ਼ੂਰੀ ਨਾਲ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਲੋਂ ਪ੍ਰਵਾਨ ਨਾਨਕਸ਼ਾਹੀ ਕੈਲੰਡਰ ਸਿੱਖ ਪੰਥ ਨੂੰ ਸਮਰਪਿਤ ਕੀਤਾ। ਉਨਾਂ ਤੋਂ ਬਾਅਦ ਉਸੇ ਪਦਵੀ 'ਤੇ ਬੈਠੇ ਗਿਆਨੀ ਗੁਰਬਚਨ ਸਿੰਘ ਨੇ ਬਾਦਲ ਪਰਿਵਾਰ ਦੇ ਦਬਾਅ ਹੇਠ ਅਖੌਤੀ ਸੋਧਾਂ ਦੇ ਨਾਮ ਹੇਠ ਕੈਲੰਡਰ ਦੀ ਰੂਹ ਦਾ ਕਤਲ ਕੀਤਾ। ਉਨਾਂ ਕਿਹਾ ਕਿ ਅੱਜ ਉਸੇ ਸਥਾਨ 'ਤੇ ਸੇਵਾ ਨਿਭਾ ਰਹੇ ਗਿਆਨੀ ਹਰਪ੍ਰੀਤ ਸਿੰਘ ਉਤੇ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਨਾਨਕਸ਼ਾਹੀ ਦੇ ਨਾਮ 'ਤੇ ਹੇਠ ਕੌਮ ਨਾਲ ਹੋ ਰਹੇ ਧੋਖੇ ਨੂੰ ਬੰਦ ਕਰਵਾਉਣ ਅਤੇ ਮੂਲ ਨਾਨਕਸ਼ਾਹੀ ਨੂੰ ਮੁੜ ਲਾਗੂ ਕਰਵਾਉਣ ਅਤੇ ਇਸ ਕਾਰਜ ਲਈ ਸਮੂਹ ਪੰਥਕ ਧਿਰਾਂ ਅੰਦਰ ਸਹਿਮਤੀ ਬਨਾਉਣ ਤਾਂ ਜੋ ਕੈਲੰਡਰ ਦੇ ਨਾਮ ਹੇਠ ਕੌਮ ਅੰਦਰ ਪਾਈਆਂ ਵੰਡੀਆਂ ਖਤਮ ਹੋਣ।

ਬਾਕੀ ਸਫ਼ਾ 31 'ਤੇ

# ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਨੂੰ ਸਮਰਪਿਤ ਸੈਮੀਨਾਰ ਦੀਆਂ ਤਿਆਰੀਆਂ ਮੁਕੰਮਲ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸੈਂਟਰਲ ਕੈਲੀਫੋਰਨੀਆਂ ਦੇ ਸਮੂਹ ਗੁਰੂਘਰਾਂ ਦੀ ਸਾਂਝੀ ਕਮੇਟੀ 'ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆਂ' ਵੱਲੋਂ 14 ਮਾਰਚ ਦਿਨ ਸ਼ਨੀਵਾਰ ਸਵੇਰੇ 10:30 ਤੋਂ ਸ਼ਾਮ 3:30 ਤੱਕ ਕੈਲੀਫੋਰਨੀਆਂ ਸਟੇਟ ਯੂਨੀਵਰਸਿਟੀ ਦੇ 'ਸੈਟਲਾਈਟ ਸਟੂਡੈਂਟ ਯੂਨੀਅਨ ਹਾਲ' 2485 E. San Ramon, CA ਵਿੱਚ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਜਿਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਹੈ ਕਿ ਇਸ ਸੈਮੀਨਾਰ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਸੈਮੀਨਾਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਨੂੰ ਸਮਰਪਿਤ ਹੋਵੇਗਾ ਜਿਸ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਧਾਂਤਾਂ ਬਾਰੇ ਪ੍ਰਮੁੱਖ ਚਾਰ ਫ਼ਿਲਾਸਫ਼ਰ ਆਪਣੀ ਖੋਜ ਦੇ ਅਧਾਰਤ ਵਿਚਾਰ ਪੇਸ਼ ਕਰਨਗੇ। ਇਸ ਸੈਮੀਨਾਰ ਦਾ ਮੰਤਵ ਧਰਮ ਤੋਂ ਦੂਰ ਹੋ ਰਹੇ ਸਾਡੇ ਬੱਚਿਆਂ ਨੂੰ ਧਾਰਮਿਕ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਣ, ਗ਼ੈਰ ਸਿੱਖ ਵੱਖ-ਵੱਖ ਧਰਮਾਂ ਅਤੇ ਦੇਸ਼ਾਂ ਦੇ ਲੋਕਾਂ ਨੂੰ ਸਿੱਖ ਇਤਿਹਾਸ ਅਤੇ ਗੁਰਸਿੱਖੀ ਤੋਂ ਜਾਣੂ ਕਰਵਾਉਣਾ ਹੈ। ਇਸ ਕਰਕੇ ਇਹ ਸਾਰਾ ਸੈਮੀਨਾਰ ਅੰਗਰੇਜ਼ੀ ਭਾਸ਼ਾ ਵਿੱਚ ਹੋਵੇਗਾ। ਇਸ ਵਿੱਚ ਪਹੁੰਚ ਰਹੇ ਪ੍ਰਮੁੱਖ ਚਾਰ ਬੁਲਾਰੇ ਡਾ. ਇਕਤਿਆਰ ਚੀਮਾ, ਪ੍ਰੋ. ਬਲਵੰਤ ਸਿੰਘ ਢਿੱਲੋ, ਡਾ. ਪ੍ਰਿਆ ਲਾਲ ਗਰਗ ਅਤੇ ਡਾ. ਸ੍ਰੀਮਤੀ ਮਨੀਸਾ ਬੰਗੜ ਹੋਣਗੇ। ਇਸ ਤੋਂ ਇਲਾਵਾ ਹੋਰ ਬੁਲਾਰੇ ਵੀ ਸਿੱਖ ਧਰਮ ਪ੍ਰਤੀ ਜਾਣਕਾਰੀ ਭਰਪੂਰ ਵਿਚਾਰਾਂ ਦੀ ਸਾਂਝ ਪਾਉਣਗੇ। ਸਮੁੱਚੇ ਪ੍ਰੋਗਰਾਮ ਦੌਰਾਨ ਇਲਾਕੇ ਦੇ ਸ਼ਿਟੀ ਕੌਂਸਲ ਮੈਂਬਰ ਕਮੇਟੀਆਂ, ਬਹੁਤ ਸਾਰੇ ਵੱਖ-ਵੱਖ ਧਰਮਾਂ ਦੇ ਅਤੇ ਭਾਈਚਾਰਿਆਂਦੇ ਲੋਕ ਹਾਜ਼ਰ ਹੋਣਗੇ। ਜਿਨਾਂਨੂੰ ਸਿੱਖ ਧਰਮ ਦੀ ਪਹਿਚਾਣ ਅਤੇ ਸਿਧਾਂਤਾਂ ਤੋਂ ਜਾਣੂ ਕਰਵਾਇਆ ਜਾਵੇਗਾ। ਸਮੁੱਚਾ ਪ੍ਰੋਗਰਾਮ ਗੁਰੂ ਨਾਨਕ ਦੇਵ ਹੀ ਦੇ ਮਿਸ਼ਨ ਅਤੇ ਸਿਧਾਂਤਾਂ 'ਤੇ ਅਧਾਰਤ ਹੋਵੇਗਾ। ਇਸ ਸੈਮੀਨਾਰ ਸਬੰਧੀ ਵਧੇਰੇ ਜਾਣਕਾਰੀ ਸੁਖਦੇਵ ਸਿੰਘ ਚੀਮਾ ਨਾਲ ਫ਼ੋਨ ਨੰਬਰ (559) 300-0711'ਤੇ ਸੰਪਰਕ ਕੀਤਾ ਜਾ ਸਕਦਾ ਹੈ। ਪ੍ਰਬੰਧਕਾਂ ਵੱਲੋਂ ਸਮੁੱਚੇ ਪੰਜਾਬੀ ਅਤੇ ਅਮਰੀਕਨ ਭਾਈਚਾਰੇ ਨੂੰ ਪਰਿਵਾਰਾਂ ਸਮੇਤ ਸੈਮੀਨਾਰ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ ਗਿਆ ਹੈ।

# ਭਾਈ ਹਰਮਿੰਦਰ ਸਿੰਘ ਮਿੰਟੂ ਅਤੇ ਭਾਈ ਹਰਮੀਤ ਸਿੰਘ ਦੀਆਂ ਤਸਵੀਰਾਂ ਸ਼ਹੀਦੀ ਗੈਲਰੀ ਵਿੱਚ ਲੱਗੀਆਂ

**ਲੰਡਨ/ ਏ.ਟੀ.ਨਿਊਜ਼:** ਸਿੱਖ ਯੂਥ ਯੂ.ਕੇ. ਵਲੋਂ ਦਸਮੇਸ਼ ਦਰਬਾਰ ਗੁਰਦਵਾਰਾ ਲੈਸਟਰ ਵਿਖੇ ਖਾਲਿਸਤਾਨ ਦੀ ਜੰਗੇ ਅਜਾਦੀ ਦੇ ਸ਼ਹੀਦਾਂ ਅਤੇ ਜੇਹਲਾਂ ਵਿੱਚ ਬੰਦ ਸਿੰਘਾਂ ਨੂੰ ਸਮਰਪਤਿ ਸਾਲਾਨਾ ਸਮਾਗਮ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬੜੇ ਹੀ ਜੋਸ਼ੋ ਖਰੋਸ਼ ਨਾਲ ਕਰਵਾਇਆ ਗਿਆ। ਸ਼ਹੀਦਾਂ ਦੇ ਨਮਿੱਤ ਅਰੰਭ ਕਰਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਿੱਖ ਨੌਜਵਾਨਾਂ ਦੇ ਰਾਗੀ ਜਥੇ ਵਲੋਂ ਆਰਤੀ ਦੇ ਸ਼ਬਦਾਂ ਦਾ ਗਾਇਣ ਕਰਨ ਮਗਰੋਂ ਯੂ.ਕੇ. ਦੇ ਜੰਮਪਲ ਨੌਜਵਾਨ ਪ੍ਰਚਾਰਕ ਭਾਈ ਮਨੀ ਸਿੰਘ ਸਲੋਹ ਵਲੋਂ ਸਿੱਖ ਇਤਿਹਾਸ ਦੀ ਕਥਾ ਕੀਤੀ ਗਈ ਉਪਰੰਤ ਬੀਬੀ ਤਰਨ ਕੌਰ ਅਤੇ ਭਾਈ ਅਵਿਨਾਸ਼ ਸਿੰਘ ਦੇ ਜਥਿਆਂ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਗੁਰਦੁਆਰਾ ਪਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਰਨੈਲ ਸਿੰਘ ਰਾਣਾ ਨੂੰ ਸਿੱਖ ਯੂਥ ਯੂ.ਕੇ. ਦੀ ਤਰਫੋਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਸ਼ਹੀਦ ਭਾਈ ਹਰਮਿੰਦਰ ਸਿੰਘ ਨਿਹੰਗ ਉਰਫ ਮਿੰਟੂ ਅਤੇ ਸ਼ਹੀਦ ਭਾਈ ਹਰਮੀਤ ਸਿੰਘ ਉਰਫ ਪੀ.ਐੱਚ.ਡੀ. ਦੀਆਂ ਤਸਵੀਰਾਂ ਭੇਂਟ ਕਰਦਿਆਂ ਸਿਰੋਪਾਉ ਨਾਲ ਸਨਮਾਨਿਤ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਉਕਤ ਦੋਵਾਂ ਸ਼ਹੀਦਾਂ ਦੀਆਂ ਤਸਵੀਰਾਂ ਉਸੇ ਵਕਤ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿੱਚ ਬਣੀ ਸ਼ਹੀਦੀ ਗੈਲਰੀ ਵਿੱਚ ਸ਼ਸ਼ੋਬਿਤ ਕਰ ਦਿੱਤੀਆਂ ਗਈਆਂ, ਜਿਸਦਾ ਸਿੱਖ ਸੰਗਤਾਂ ਨੇ ਜੈਕਾਰਿਆਂ ਅਤੇ ਖਾਲਿਸਤਾਨ ਦੇ ਨਾਹਰਿਆਂ ਨਾਲ ਗਰਮਜੋਸ਼ੀ ਨਾਲ ਸਵਾਗਤ ਕੀਤਾ। ਯੂਨਾਈਟਿਡ ਖਾਲਸਾ ਦਲ ਯੂ.ਕੇ. ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਸਿੱਖ ਸੰਗਤਾਂ ਨੂੰ ਖਾਲਿਸਤਾਨ ਦੇ ਸ਼ਹੀਦਾਂ, ਸਿੱਖ ਮਸਲਿਆਂ ਅਤੇ ਸਿੱਖਾਂ ਦੇ ਕੌਮੀ ਨਿਸ਼ਾਨੇ ਬਾਰੇ ਵਾਰ ਵਾਰ ਜਾਣੂ ਕਰਵਾਉਂਦਿਆਂ ਇਸ ਦੀ ਪੂਰਤੀ ਲਈ ਯਤਨਸ਼ੀਲ ਕਾਫਲਿਆਂ ਦਾ ਸਾਥ ਦੇਣ ਦੀ ਅਪੀਲ ਕੀਤੀ। ਭਾਈ



ਜਗਤਾਰ ਸਿੰਘ ਜੱਗੀ ਜੌਹਲ ਦੇ ਭਰਾਤਾ ਭਾਈ ਗੁਰਪ੍ਰੀਤ ਸਿੰਘ ਜੌਹਲ ਨੇ ਜਿੱਥੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਅਰਪਤਿ ਕੀਤੇ ਉੱਥੇ ਸਿੱਖ ਕੌਮ ਨੂੰ ਦਰਪੇਸ਼ ਮਸਲਿਆਂ ਬਾਰੇ ਸਿੱਖ ਸੰਗਤਾਂ ਨੂੰ ਜਾਣੂ ਕਰਵਾਇਆ। ਸਟੇਜ ਤੋਂ ਸਿੱਖ ਕੌਮ ਵਿੱਚ ਦੁਬਿਧਾ ਪਾਉਣ ਵਾਲੇ ਅਤੇ ਕੌਮ ਵਿੱਚ ਖਾਨਾ ਜੰਗੀ ਦੇ ਹਾਲਾਤ ਪੈਦਾ ਕਰਨ ਲਈ ਯਤਨਸ਼ੀਲ ਵਿਵਾਦ ਗ੍ਰਸਤ ਪ੍ਰਚਾਰਕਾਂ, ਆਗੂਆਂ ਨੂੰ ਆੜੇ ਹੱਥੀਂ ਲਿਆ। ਰਣਜੀਤ ਸਿੰਘ ਢੱਡਰੀਆਂ ਵਾਲੇ ਦੀ ਤੁਲਨਾ ਨਕਲੀ ਨਿਰੰਕਾਰੀ ਗੁਰਬਚਨ ਸਿੰਹੁ ਨਾਲ ਕਰਦਿਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਗੁਰਬਾਣੀ, ਗੁਰਇਤਿਹਾਸ, ਸਿੱਖ ਇਤਿਹਾਸ, ਸਿੱਖ ਸਰੋਤਾਂ, ਗੁਰ ਅਸਥਾਨਾਂ ਤੇ ਕਿੰਤੂ ਕਰਨ ਵਾਲੇ ਪ੍ਰਚਾਰਕਾਂ ਨੂੰ ਮੂੰਹ ਨਾ ਲਾਇਆ ਜਾਵੇ। ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨਤਾ ਬਾਰੇ ਬੋਲਦਿਆਂ ਆਖਿਆ ਗਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਸਰਵਉੱਚ ਸੀ, ਸਰਵਉੱਚ ਹੈ ਅਤੇ ਸਦਾ ਹੀ ਸਰਵਉੱਚ ਰਹੇਗਾ, ਇਸ ਨਾਲ ਟਕਰਾਉਣ ਵਾਲਿਆਂ ਸਦਾ ਹੀ ਹਸ਼ਰ ਮਾੜਾ ਹੋਇਆ ਹੈ, ਕਿਉਂਕਿ ਇਸਦੀ ਸਿਰਜਣਾ ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਹੁਕਮ ਨਾਲ ਉਨਾਂ ਦੀ ਨਿਗਰਾਨੀ ਹੇਠ ਸਤਿਕਾਰਯੋਗ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਵਰਗੇ ਬ੍ਰਹਮਗਿਆਨੀ ਮਹਾਂਪੁਰਖਾਂ ਦੇ ਕਰ ਕਮਲਾਂ ਨਾਲ ਕੀਤੀ ਗਈ ਹੈ।

ਬਾਕੀ ਸਫ਼ਾ 31 'ਤੇ

# ਸੈਕਰਾਮੈਂਟੋ ਚ ਗੁਰੂ ਨਾਨਕ ਦੇਵ ਜੀ ਤੇ ਦਸਤਾਵੇਜ਼ੀ ਫਿਲਮ ਦਰਸ਼ਕਾਂ ਨੇ ਉਤਸ਼ਾਹ ਨਾਲ ਦੇਖੀ




**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਸੈਕਰਾਮੈਂਟੋ ਦੇ ਮਿਰਾਜ ਬੈਂਕੁਟ ਹਾਲ ਵਿੱਚ 700 ਤੋਂ ਵੱਧ ਦਰਸ਼ਕ ਗੁਰੂ ਨਾਨਕ ਦੇਵ ਜੀ ਦੀ ਦਸਤਾਵੇਜ਼ੀ ਫਿਲਮ ਦਾ ਪ੍ਰੀਮੀਅਰ ਦੇਖਣ ਲਈ ਆਏ। ਇਹ ਨੈਸ਼ਨਲ ਸਿੱਖ ਮੁਹਿੰਮ ਦੀ ਸਥਾਨਕ ਟੀਮ ਦੁਆਰਾ ਆਯੋਜਿਤ ਕੀਤਾ ਗਿਆ ਸੀ। ਗੁਰੂ ਨਾਨਕ ਦਾ ਸਿੱਖ ਫਾਰ ਲਾਈਫ ਐਂਡ ਲੀਗੇਸੀ ਦੇ ਸਿਰਲੇਖ ਵਾਲੀ ਇਹ ਫਿਲਮ ਆਉਟੂਰ ਪ੍ਰੋਡਕਸ਼ਨਜ਼ ਦੁਆਰਾ ਬਣਾਈ ਗਈ ਹੈ ਅਤੇ ਇਹ ਪੀਬੀਐਸ ਚੈਨਲ ਦੁਆਰਾ ਪੂਰੇ ਅਮਰੀਕਾ ਦੇ 200 ਟੀਵੀ ਸਟੇਸ਼ਨਾਂ ਤੇ ਪ੍ਰਦਰਸ਼ਿਤ ਕੀਤੀ ਜਾਵੇਗੀ। ਨੈਸ਼ਨਲ ਸਿੱਖ ਮੁਹਿੰਮ ਨੇ ਇਸ ਡਾਕੂਮੈਂਟਰੀ ਨੂੰ ਬਣਾਉਣ ਵਿਚ ਸਹਾਇਤਾ ਕੀਤੀ ਹੈ। ਐਨਐਸਸੀ ਦੀ ਟੀਮ ਨੇ ਵੱਖ-ਵੱਖ ਨੇਤਾਵਾਂ, ਚੁਣੇ ਹੋਏ ਨੁਮਾਇੰਦਿਆਂ ਅਤੇ ਪੁਲਿਸ ਅਧਿਕਾਰੀਆਂ ਦਾ ਪ੍ਰਭਾਵਸ਼ਾਲੀ ਪੈਨਲ ਇਕੱਠਾ ਕੀਤਾ ਸੀ, ਫਿਲਮ ਦੇ ਖ਼ਤਮ ਹੋਣ 'ਤੇ ਦਰਸ਼ਕਾਂ ਵਲੋਂ ਪ੍ਰਸ਼ੰਸਾ ਹੋਈ ਅਤੇ ਲੋਕਾਂ ਨੇ ਫਿਲਮ ਨਿਰਮਾਤਾ ਜੈਰਲਡ ਕ੍ਰੇਲ ਨੂੰ ਉਸਦੇ ਕਲਾਤਮਕ ਯੋਗਦਾਨ ਲਈ ਧੰਨਵਾਦ ਕੀਤਾ। ਐਨਐਸਸੀ ਦੇ ਬੋਰਡ ਮੈਂਬਰ ਡਾ: ਲਖਵਿੰਦਰ ਸਿੰਘ ਰੰਧਾਵਾ ਨੇ ਹਾਜ਼ਰੀਨ ਦਾ ਸਵਾਗਤ ਕਰਦਿਆਂ ਕਿਹਾ, ਇਹ ਦਸਤਾਵੇਜ਼ੀ ਭਾਈਚਾਰੇ ਦੇ ਮੈਂਬਰਾਂ ਦੇ ਸਹਿਯੋਗ ਨਾਲ ਬਣਾਈ ਗਈ ਹੈ ਅਤੇ ਇਹ ਸ਼ਾਨਦਾਰ ਨਤੀਜਾ ਰਿਹਾ। ਅਸੀਂ ਫਿਲਮ ਨਿਰਮਾਤਾਵਾਂ ਦੀ ਉਨਾਂ ਦੀ ਸਖਤ ਮਿਹਨਤ ਅਤੇ ਗੁਰੂ ਨਾਨਕ ਦੇਵ ਜੀ ਦੀ ਕਥਾ ਨੂੰ ਬਹੁਤ ਹੀ ਦਿਲਚਸਪ ਢੰਗ ਨਾਲ ਪੇਸ਼ ਕਰਨ ਲਈ ਤਹਿ ਦਿਲੋਂ ਧੰਨਵਾਦੀ ਹਾਂ। ਆਉਟੂਰ ਪ੍ਰੋਡਕਸ਼ਨਜ਼ ਨੂੰ ਇਸ ਫਿਲਮ ਲਈ ਪਿਛਲੇ ਸਾਲ ਲਾਸ ਏਂਜਲਸ ਦੇ ਜਾਗਰੂਕਤਾ ਫਿਲਮ ਫੈਸਟੀਵਲ ਵਿਖੇ 'ਸਰਬੋਤਮ ਨਿਰਦੇਸ਼ਕ ਦਾ ਪੁਰਸਕਾਰ ਵੀ ਮਿਲਿਆ ਹੈ। ਪੀਬੀਐਸ ਇਸ ਫਿਲਮ ਨੂੰ ਅਮਰੀਕਾ ਵਿਚ ਪੂਰੇ ਦੇਸ਼ ਵਿਚ ਇਸ ਦੇ ਐਫੀਲੀਏਟ ਸਟੇਸ਼ਨਾਂ 'ਤੇ ਪ੍ਰਦਰਸ਼ਤ ਕਰ ਰਹੀ ਹੈ। ਨੈਸ਼ਨਲ ਸਿੱਖ ਮੁਹਿੰਮ ਦੇ ਸੀਨੀਅਰ ਸਲਾਹਕਾਰ ਡਾ. ਰਾਜਵੰਤ ਸਿੰਘ ਨੇ ਕਿਹਾ, "ਇਹ ਦਸਤਾਵੇਜ਼ੀ ਮੁੱਖ ਤੌਰ 'ਤੇ ਪੱਛਮੀ ਦਰਸ਼ਕਾਂ ਲਈ ਬਣਾਈ ਗਈ ਹੈ ਕਿਉਂਕਿ ਅਮਰੀਕਾ ਅਤੇ ਵਿਸ਼ਵ ਦੇ ਹੋਰ ਹਿੱਸਿਆਂ ਵਿਚ ਗੁਰੂ ਨਾਨਕ ਦੇਵ ਬਾਰੇ ਪੂਰੀ ਅਣਜਾਣਤਾ ਹੈ।"ਸਮਾਗਮ ਦੇ ਪ੍ਰਬੰਧਕ ਵਿਚੋਂ ਇਕ, ਡਾ: ਰਵਨੀਤ ਢਿਲੋਂ ਨੇ ਕਿਹਾ, ਅਸੀਂ ਭਾਈਚਾਰੇ ਦੇ ਹੁੰਗਾਰੇ ਤੋਂ ਖੁਸ਼ ਹਾਂ। ਮੈਂ ਪ੍ਰਭਾਵਿਤ ਹੋਇਆ ਕਿ ਕਿਵੇਂ ਛੋਟੇ ਬੱਚਿਆਂ ਨੇ ਵੀ ਇਸ ਫਿਲਮ ਨੂੰ ਬਹੁਤ ਧਿਆਨ ਨਾਲ ਵੇਖਿਆ.।ਉਸਨੇ ਅੱਗੇ ਕਿਹਾ, ਇਹ ਫਿਲਮ ਸਾਨੂੰ ਦੂਸਰੇ ਭਾਈਚਾਰਿਆਂ ਤੱਕ ਪਹੁੰਚਣ ਅਤੇ ਸੰਵਾਦ ਸ਼ੁਰੂ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਗੈਰ-ਸਿੱਖ ਸਰੋਤਿਆਂ ਨੇ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਬਹੁਤ ਹੀ ਸਵੀਕਾਰ ਕੀਤਾ, ਖ਼ਾਸਕਰ ਇਸ ਨੂੰ ਦਸਤਾਵੇਜ਼ੀ ਵਿਚ ਕਿਵੇਂ ਪੇਸ਼ ਕੀਤਾ ਗਿਆ ਹੈ। ਕੋਹਿਨੂਰ ਕਲੱਬ ਦੇ ਮੁਖੀ ਅਤੇ ਇਸ ਪ੍ਰੋਗਰਾਮ ਦੇ ਮੁੱਖ ਪ੍ਰਬੰਧਕ, ਡਾ: ਪਰਮ ਰੰਧਾਵਾ ਨੇ ਕਿਹਾ, ਦਸਤਾਵੇਜ਼ੀ ਲੋਕਾਂ ਦੀਆਂ ਉਮੀਦਾਂ ਨੂੰ ਪਾਰ ਕਰ ਗਈ ਹੈ। ਇਕ ਈਸਾਈ ਆਗੂ ਵਰਜਿਲ ਨੈਲਸਨ ਨੇ ਕਿਹਾ, ਮੇਰੇ ਲਈ ਇਹ ਦਸਤਾਵੇਜ਼ੀ ਸਿੱਖ ਧਰਮ ਦੀਆਂ ਕਦਰਾਂ ਕੀਮਤਾਂ ਅਤੇ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੇ ਅਸਲ ਜੀਵਣ ਦੀ ਗਵਾਹੀ ਹੈ। ਸਟੈਨਫੋਰਡ ਯੂਨੀਵਰਸਿਟੀ ਦੇ ਵਿਦਿਆਰਥੀ ਜੇ ਜੇ ਸਿੰਘ ਕਪੂਰ ਅਤੇ ਜਿਸ ਨੇ ਫਿਲਮ ਵਿਚ ਭੂਮਿਕਾ ਨਿਭਾਈ ਹੈ, ਨੇ ਕਿਹਾ ਕਿ, ਇਹ ਫਿਲਮ ਸਾਡੇ ਬਾਰੇ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਯਾਤਰਾ ਇੱਕ ਜਵਾਨ ਵਿਅਕਤੀ ਵਜੋਂ ਅਰੰਭ ਕੀਤੀ ਅਤੇ ਇਹ ਸ਼ਕਤੀਸ਼ਾਲੀ ਹੈ। ਸ਼ੈਰਿਫ ਵਿਭਾਗ ਦੇ ਕਪਤਾਨ ਜੇਮਜ਼ ਬਾਰਨਜ਼ ਨੇ ਕਿਹਾ, ਇਸ ਫਿਲਮ ਦਾ ਸੰਦੇਸ਼ ਮੇਰੇ ਨਾਲ ਚਲੇਗਾ। ਇਹ ਸਮਾਜ ਵਿਚ ਸਮਝ ਪੈਦਾ ਕਰਨ ਵਿਚ ਮਦਦਗਾਰ ਹੋਵੇਗਾ। ਇਸ ਫਿਲਮ ਦੀ ਕੀਮਤ 430,000 ਡਾਲਰ ਸੀ ਅਤੇ ਪੂਰੇ ਅਮਰੀਕਾ ਤੋਂ ਬਹੁਤ ਸਾਰੇ ਵਿਅਕਤੀਆਂ ਅਤੇ ਭਾਰਤ ਤੋਂ ਆਏ ਕੁਝ ਲੋਕਾਂ ਨੇ ਇਸ ਫਿਲਮ ਨੂੰ ਬਣਾਉਣ ਵਿਚ ਆਪਣਾ ਯੋਗਦਾਨ ਪਾਇਆ।

# ਪੰਜਾਬੀ ਕਲਚਰਲ ਸੋਸਾਇਟੀ ਸ਼ਿਕਾਗੋ ਵੱਲੋਂ ਵਰਕਿੰਗ ਬੋਰਡ ਦਾ ਗਠਨ

## ਰੰਗਲਾ ਪੰਜਾਬ 2020, 11 ਅਪ੍ਰੈਲ ਨੂੰ ਐਲਗਿਨ 'ਚ ਹੋਵੇਗਾ




**ਪੈਲਾਟਾਈਨ/ਏ ਟੀ ਨਿਊਜ਼:** ਪੰਜਾਬੀ ਕਲਚਰਲ ਸੋਸਾਇਟੀ ਸ਼ਿਕਾਗੋ ਨੇ ਸਾਲ 2020 ਲਈ ਆਪਣੇ ਵਰਕਿੰਗ ਬੋਰਡ ਦਾ ਗਠਨ ਕਰ ਦਿੱਤਾ ਹੈ। ਪੰਜਾਬੀ ਕਲਚਰਲ ਸੋਸਾਇਟੀ ਇਕ ਗੈਮੁਨਾਫ਼ਾਕਾਰੀ ਸਵੈ ਸੇਵੀ ਸੰਸਥਾ ਹੈ ਜੋ ਪੰਜਾਬੀ ਭਾਈਚਾਰੇ ਅਤੇ ਅਮਰੀਕਨ ਭਾਈਚਾਰੇ ਵਿਚ ਪੰਜਾਬੀ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਪ੍ਰਫੁੱਲਤ ਕਰ ਰਹੀ ਹੈ।

ਪੀ ਸੀ ਐਸ ਦੀ ਮੀਟਿੰਗ ਵਿਚ ਕੇਵਿਨਦੀਪ ਸਿੰਘ ਅਟਵਾਲ ਸਾਲ 2020 ਲਈ ਪੰਜਾਬੀ ਕਲਚਰਲ ਸੋਸਾਇਟੀ ਦੇ ਆਨਰੇਰੀ ਚੇਅਰਮੈਨ ਚੁਣੇ ਗਏ ਹਨ। ਸ੍ਰੀ ਅਟਵਾਲ ਇਕ ਕਾਮਯਾਬ ਕਾਰੋਬਾਰੀ ਹਨ ਜੋ ਰਿਵਰਵੁਡਜ਼ ਦੀ ਡਿਸਕਵਰ ਫਾਈਨਾਂਸ਼ੀਅਲ ਸਰਵਿਸਜ਼ ਕੰਪਨੀ ਨਾਲ ਕੰਮ ਕਰਦੇ ਹਨ। ਉਹ ਪਹਿਲਾਂ ਸ਼ਿਕਾਗੋ, ਲੰਡਨ, ਹਾਂਗਕਾਂਗ ਅਤੇ ਸਾਨਫਰਾਂਸਿਸਕੋ ਵਿਚ ਵੀ ਕੰਮ ਕਰ ਚੁੱਕੇ ਹਨ। ਪੰਜਾਬੀ ਢੋਲ ਵਾਦਨ ਉਨਾਂ ਦਾ ਸ਼ੌਕ ਹੈ ਅਤੇ ਉਹ ਸ਼ਿਕਾਗੋ ਥੈਂਕਸਗਿਵਿੰਗ ਡੇਅ ਪਰੇਡ 'ਚ ਪੇਸ਼ਕਾਰੀ ਦੇ ਚੁੱਕੇ ਹਨ। ਉਘੇ ਇਲੈਕਟਰਿਕ ਇੰਜਨੀਅਰ ਬਲਵਿੰਦਰ ਸਿੰਘ ਗਿਰਨ ਪੀ ਸੀ ਐਸ ਸ਼ਿਕਾਗੋ ਦੇ ਪ੍ਰਧਾਨ ਚੁਣੇ ਗਏ ਹਨ। ਉਹ ਗਣਿਤ ਸ਼ਾਸਤਰੀ ਅਤੇ ਸੂਚਨਾ ਤਕਨਾਲੋਜੀ ਮਾਹਿਰ ਹਨ। ਉਹ ਵੱਖ ਵੱਖ ਖੇਤਰਾਂ 'ਚ ਕਈ ਪੁਰਸਕਾਰ ਜਿੱਤ ਚੁੱਕੇ ਹਨ।

ਬੋਰਡ ਦੇ ਬਾਕੀ ਡਾਇਰੈਕਟਰਾਂ ਵਿਚ ਮਨਜੀਤ ਸਿੰਘ ਭੱਲਾ- ਸੀਨੀਅਰ ਉਪ ਪ੍ਰਧਾਨ, ਪਰਵਿੰਦਰ ਸਿੰਘ ਨਨੂਆ- ਉਪ ਪ੍ਰਧਾਨ, ਭੂਪਿੰਦਰ ਸਿੰਘ ਧਾਲੀਵਾਲ- ਕਾਰਜਕਾਰੀ ਸਕੱਤਰ, ਬਿਕਰਮ ਸਿੰਘ ਸੋਹੀ- ਸਹਾਇਕ ਕਾਰਜਕਾਰੀ ਸਕੱਤਰ, ਗੁਰਲਾਲ ਸਿੰਘ ਭੱਠਲ- ਸਹਾਇਕ ਫਾਈਨਾਂਸ ਡਾਇਰੈਕਟਰ, ਪਰਮਜੋਤ ਸਿੰਘ ਸਿੱਧੂ- ਇੰਟਰ ਕਮਿਊਨਿਟੀ ਡਾਇਰੈਕਟਰ ਚੁਣੇ ਗਏ ਹਨ।

ਪੀ ਸੀ ਐਸ ਦਾ ਸਾਲਾਨਾ ਸਮਾਗਮ ਰੰਗਲਾ ਪੰਜਾਬ 2020, 11 ਅਪ੍ਰੈਲ ਨੂੰ ਐਲਗਿਨ ਵਿਖੇ ਹੈਮਨਜ਼ ਕਲਚਰਲ ਸੈਂਟਰ ਆਡੀਟੋਰੀਅਮ ਵਿਚ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਰਾਜਿੰਦਰ ਸਿੰਘ ਮਾਗੋ ਨੇ ਦਿੱਤੀ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ 209.487.3699
ਹਰਨੇਕ ਸਿੰਘ ਅਟਵਾਲ 209.351.5965
2850 Loomis Rd, Stockton, CA 95205

# ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਨੂੰ ਇਤਿਹਾਸਕ ਦਰਜਾ ਦਿਵਾਉਣ ਲਈ ਉਪਰਾਲੇ



**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਗੁਰੂ ਨਾਨਕ ਸਿੱਖ ਟੈਂਪਲ ਸੈਂਟਰਲ ਵੈਲੀ ਕੈਲੀਫੋਰਨੀਆਂ ਦਾ ਸਭ ਤੋਂ ਪੁਰਾਣਾ ਗੁਰਦੁਆਰਾ ਹੈ। ਜੇ ਇਤਿਹਾਸ ਦੀ ਗੱਲ ਕਰੀਏ ਤਾਂ ਕੈਲੀਫੋਰਨੀਆ ਵਿੱਚ ਪਹਿਲਾ ਸਟਾਕਟਨ ਸ਼ਹਿਰ ਵਿਖੇ ਗਦਰੀ ਬਾਬਿਆਂ ਨੇ ਗੁਰਦੁਆਰਾ ਸਥਾਪਿਤ ਕੀਤਾ। ਇਸ ਉਪਰੰਤ ਯੂਬਾ ਸਿਟੀ ਸ਼ਹਿਰ ਵਿਖੇ ਗੁਰਦੁਆਰਾ ਬਣਾਇਆ ਗਿਆ। ਇਸ ਬਾਅਦ ਜਦੋਂ ਪੰਜਾਬੀ ਭਾਈਚਾਰਾ ਆਪਣੇ ਖੇਤੀ-ਬਾੜੀ ਵਾਲੇ ਕੰਮਾਂ ਦੀ ਭਾਲ ਵਿੱਚ ਫਰਿਜ਼ਨੋ ਨਜ਼ਦੀਕੀ ਕਸਬੇ ਸਨਵਾਕੀਨ ਵਿੱਚ ਆ ਵਸਿਆ। ਇੱਥੋ ਦੀਆ ਸੰਗਤਾਂ ਵਿੱਚ ਹਰ ਹਫ਼ਤੇ ਲਗਭਗ ਤਿੰਨ ਤੋਂ ਚਾਰ ਘੰਟੇ ਗੱਡੀ ਚਲਾ ਐਤਵਾਰ ਦੀ ਛੁੱਟੀ ਦੇ ਦਿਨ ਸਟਾਕਟਨ ਜਾਂ ਯੂਬਾ ਸਿਟੀ ਦੇ ਗੁਰੂਘਰ ਜਾਣਾ ਬਹੁਤ ਔਖਾ ਹੁੰਦਾ ਸੀ। ਇਸੇ ਕਰਕੇ ਇਲਾਕੇ ਅੰਦਰ ਆ ਵਸੀ ਸੰਗਤ ਨੇ ਰਲ ਕੇ 1970 ਦੇ ਦਹਾਕੇ ਵਿੱਚ ਗੁਰੂਘਰ ਦੀ ਸਥਾਪਨਾ ਇਕ ਸਟੋਰ ਦੀ ਬਹੁਤ ਵੱਡੀ ਦੋ-ਮੰਜਲਾ ਇਮਾਰਤ ਲੈ ਕੇ ਕੀਤੀ। ਗੁਰਦੁਆਰਾ ਸਾਹਿਬ ਅੱਜ ਤੱਕ ਸੰਗਤਾਂ ਨੂੰ ਸੇਵਾਵਾ ਦੇ ਰਿਹਾ ਹੈ। ਪ੍ਰਬੰਧਕਾਂ ਅਨੁਸਾਰ ਇਸ ਇਮਾਰਤ ਨੂੰ ਬਣਿਆਂ 100 ਸਾਲ ਤੋਂ ਵਧੀਕ ਸਮਾਂ ਹੋ ਗਿਆ ਹੈ। ਜਦ ਕਿ ਗੁਰੂਘਰ ਸਥਾਪਿਤ ਕੀਤੇ ਨੂੰ 70 ਸਾਲ ਦੇ ਲਗਭਗ ਹੋ ਗਏ ਹਨ। ਇਲਾਕੇ ਦੀ ਇਹ ਸਭ ਤੋਂ ਪੁਰਾਣੀ ਇਮਾਰਤ ਹੈ। ਜਿਸ ਦੀ ਆਸਥਾ ਸਿੱਖ ਧਰਮ ਨਾਲ ਜੁੜ ਚੁੱਕੀ ਹੈ। ਇਲਾਕੇ ਦੀ ਸੰਗਤ ਅਤੇ ਸਿੱਖ ਸੰਸਥਾਵਾਂ ਦੁਆਰਾ ਇਸ ਗੁਰੂਘਰ ਨੂੰ ਇਤਿਹਾਸਕਤਾ ਦਾ ਦਰਜਾ ਦਿਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਜਿਸ ਸੰਬੰਧੀ ਆਉਣ ਵਾਲੇ ਦਿਨਾਂ ਵਿੱਚ ਸਥਾਨਿਕ ਫਰਿਜ਼ਨੋ ਕਾਉਟੀ ਦੇ ਸੁਪਰਵਾਈਜ਼ਰ ਅਤੇ ਹੋਰ ਅਧਿਕਾਰੀਆਂ ਦੀ ਮੰਨਜੂਰੀ ਲਈ ਕਾਰਵਾਈ ਹੋਵੇਗੀ। ਉਮੀਦ ਹੈ ਕਿ ਬਹੁਤ ਜਲਦ ਇਸ ਗੁਰੂਘਰ ਨੂੰ ਇਤਿਹਾਸਕਤਾ ਦੇ ਦਰਜੇ ਦਾ ਮਾਣ ਪ੍ਰਾਪਤ ਹੋਵੇਗਾ।

# ਸੈਕਰਾਮੈਂਟੋ 'ਚ ਸਟੋਰ ਦੇ ਪੰਜਾਬੀ ਮਾਲਕ ਦੀ ਲੁੱਟ ਖੋਹ ਤੋਂ ਬਾਅਦ ਮੌਤ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾਯ:** ਡਾਊਨਟਾਊਨ ਸੈਕਰਾਮੈਂਟੋ ਵਿੱਚ ਸ਼ਰਾਬ ਸਟੋਰ ਦੇ ਮਾਲਕ ਜਿਸਦਾ ਨਾਂ ਕੁਲਵਿੰਦਰ ਸਿੰਘ ਦੀ ਮੌਤ ਹੋ ਗਈ । ਇਕ ਵਿਅਕਤੀ ਜਿਸਨੇ ਪਹਿਲਾਂ ਇਕ ਬੀਅਰ ਚੁਰਾਈ ਤੇ ਫਿਰ ਕੁਲਵਿੰਦਰ ਸਿੰਘ ਨੇ ਉਸਦਾ ਪਿਛਾ ਕੀਤਾ ਤੇ ਗਾਹਕ ਨੇ ਉਸਨੂੰ ਪਿਛੇ ਧੱਕਾ ਮਾਰਿਆ ਤੇ ਕੁਲਵਿੰਦਰ ਸਿੰਘ ਦਾ ਸਿਰ ਫਰਸ਼ ਤੇ ਲੱਗਾ ਤੇ ਗੰਭੀਰ ਜਖਮੀ ਹੋ ਗਿਆ । ਕੁਲਵਿੰਦਰ ਸਿੰਘ ਦਾ ਪੰਜਾਬ ਤੋਂ ਧੂਰੀ ਇਲਾਕੇ ਨਾਲ ਸਬੰਧ ਦੱਸਿਆ ਜਾ ਰਿਹਾ ਹੈ। ਐਸ ਸਟ੍ਰੀਟ 'ਤੇ ਗੋਲਡ ਸਟਾਰ ਮਾਰਟ ਦੇ ਮਾਲਕ ਕੁਲਵਿੰਦਰ ਸਿੰਘ ਨੂੰ ਸਟੋਰ ਦੇ ਕਰਿੰਦੇ ਨੇ ਮੁਢਲੀ ਸਹਇਤਾ ਵੀ ਦਿੱਤੀ ਤੇ ਬਾਅਦ ਚ ਕੁਲਵਿੰਦਰ ਸਿੰਘ ਨੇ ਹਸਪਤਾਲ ਜਾ ਕੇ ਦਮ ਤੋੜ ਗਿਆ। ਇਹ ਘਟਨਾ ਕਰੀਬ ਦੁਪਹਿਰ 2 ਵਜੇ ਵਾਪਰੀ । ਸੈਕਰਾਮੈਂਟੋ ਪੁਲਿਸ ਵਿਭਾਗ ਨੇ ਜਾਰੀ ਕੀਤੀ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਇੱਕ ਅਵਪਛਾਤੇ ਦਾ ਕੁਲਵਿੰਦਰ ਸਿੰਘ ਨਾਲ ਚੋਰੀ ਤੋਂ ਬਾਅਦ ਤਕਰਾਰ ਹੋ ਗਿਆ ਕੁਲਵਿੰਦਰ ਸਿੰਘ ਨੂੰ ਧੱਕਾ ਦੇ ਦਿੱਤਾ ਜਿਸ ਨਾਲ ਸਟੋਰ ਮਾਲਕ ਦੇ ਸਿਰ ਚ ਸੱਟਾਂ ਲੱਗੀਆਂ। ਪੁਲਿਸ ਨੇ ਦੱਸਿਆ ਕਿ ਸਿੰਘ ਨੂੰ ਦੇਰ ਰਾਤ ਮ੍ਰਿਤਕ ਐਲਾਨ ਦਿੱਤਾ ਗਿਆ। ਸੈਕਰਾਮੈਂਟੋ ਪੁਲਿਸ ਨੇ ਕਿਹਾ ਕਿ ਮਾਮਲੇ ਵਿੱਚ ਸ਼ੱਕੀ ਵਿਅਕਤੀ ਦੀ ਪਛਾਣ ਕਰ ਲਈ ਗਈ ਹੈ ਅਤੇ ਉਸ ਨਾਲ ਸੰਪਰਕ ਕੀਤਾ ਗਿਆ ਹੈ। ਪੁਲੀਸ ਨੇ ਕਿਹਾ ਹੈ ਕਿ ਜਾਂਚ ਨੂੰ ਪੂਰਾ ਕਰਨ ਲਈ ਸੈਕਰਾਮੈਂਟੋ ਕਾਉਂਟੀ ਜ਼ਿਲਾ ਅਟਾਰਨੀ ਦੇ ਦਫ਼ਤਰ ਨਾਲ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ, ਪੁਲਿਸ ਨੇ ਕਿਹਾ ਕਿ ਉਹ ਦੋਸ਼ਾਂ ਬਾਰੇ ਫੈਸਲਾ ਲੈਣ ਅਤੇ ਗਿਰਫਤਾਰੀ ਕਰਨ ਤੋਂ ਪਹਿਲਾਂ ਹੋਰ ਸਬੂਤ ਇਕੱਠ ਕਰ ਰਹੇ ਹਨ। ਪੁਲੀਸ ਨੇ ਕਿਹਾ ਕਿ ਇਸ ਘਟਨਾ ਦੇ ਕੋਈ ਗਵਾਹ ਸੈਕਰਾਮੈਂਟੋ ਪੁਲਿਸ ਵਿਭਾਗ ਨਾਲ ਸੰਪਰਕ ਕਰਨ।

# ਟੈਨਸੀ ਦੇ ਕੁਝ ਹਿੱਸਿਆਂ ਵਿਚ ਭਾਰੀ ਤੂਫਾਨ, 25 ਲੋਕ ਮਾਰੇ ਗਏ, ਕਈ ਜ਼ਖਮੀ, ਹਜ਼ਾਰਾਂ ਪਰਿਵਾਰ ਅਤੇ ਕਾਰੋਬਾਰ ਹਨੇਰੇ ਚ

**ਟੈਨਸ/ਹੁਸਨ ਲੜੋਆ ਬੰਗਾ:** ਨੈਸ਼ਵਿਲ ਅਤੇ ਸ਼ੈਂਟਰਲ ਟੈਨਸੀ ਦੇ ਕੁਝ ਹਿੱਸਿਆਂ ਵਿਚ ਭਾਰੀ ਤੂਫਾਨ ਆਇਆ ਜਿਸ ਨਾਲ ਘੱਟੋ-ਘੱਟ 25 ਲੋਕ ਮਾਰੇ ਗਏ, ਕਈ ਜ਼ਖਮੀ ਹੋ ਗਏ ਅਤੇ ਹਜ਼ਾਰਾਂ ਪਰਿਵਾਰ ਅਤੇ ਕਾਰੋਬਾਰ ਬਿਨਾਂ ਬਿਜਲੀ ਤੋਂ ਵਾਂਝੇ ਹੋ ਗਏ। ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਇਹ ਮੌਤਾਂ ਘੱਟੋ ਘੱਟ ਚਾਰ ਕਾਉਂਟੀਆਂ ਵਿੱਚ ਹੋਈਆਂ, ਜਿਨਾਂ ਵਿੱਚ ਡੇਵਿਡਸਨ , ਨੈਸ਼ਵਿਲ 'ਚ ਪੁਤਨਾਮ, ਬੇਂਟਨ ਅਤੇ ਵਿਲਸਨ ਵਿਸ਼ੇਸ ਤੌਰ ਤੇ ਜਿਆਦਾ ਨੁਕਸਾਨੀਆਂ ਗਈਆਂ। ਅਧਿਕਾਰੀਆਂ ਨੇ ਦੱਸਿਆ ਕਿ ਪੁਤਨਮ ਕਾਉਂਟੀ ਵਿੱਚ ਘੱਟੋ ਘੱਟ 18 ਮੌਤਾਂ ਹੋਈਆਂ। ਐਮਰਜੈਂਸੀ ਦੀ ਘੋਸ਼ਣਾ ਕਰਨ ਵੇਲੇ ਗਵਰਨਰ ਬਿੱਲ ਲੀ ਨੇ ਕਿਹਾ, ਇਸ ਸਾਰੇ ਰਾਜ ਵਿੱਚ ਸਾਡੀ ਜਾਨ ਮਾਲ ਦਾ ਨੁਕਸਾਨ ਹੋਇਆ ਹੈ। ਉਨਾਂ ਕਿਹਾ ਕਿ ਮਰਨ ਵਾਲਿਆਂ ਦੀ ਪੁਸ਼ਟੀ ਕਰਨ ਤੋਂ ਇਲਾਵਾ ਕੁਝ ਲੋਕਾਂ ਦਾ ਅਜੇ ਲੇਖਾ ਜੋਖਾ ਨਹੀਂ ਕੀਤਾ ਗਿਆ। ."ਲੀ ਨੇ ਕਿਹਾ ਕਿ "ਇੱਥੇ ਲੋਕ ਗਾਇਬ ਹਨ ਉਸ ਨੇ ਜਿਸ ਤਬਾਹੀ ਦਾ ਸਾਮਣਾ ਕੀਤਾ ਹੈ ਉਹ " ਦਿਲ ਦਹਿਲਾ ਦੇਣ ਵਾਲਾ " ਹੈ, ਪਰ ਉਨਾਂ ਨੂੰ ਉਨਾਂ ਨਿਵਾਸੀਆਂ 'ਤੇ ਮਾਣ ਸੀ ਜਿਨਾਂ ਨੇ ਇਸ ਤੋਂ ਬਾਅਦ ਇਕ ਦੂਜੇ ਦੀ ਸਹਾਇਤਾ ਕੀਤੀ।ਲੀ ਨੇ ਕਿਹਾ, ਸਭ ਤੋਂ ਭੈੜੇ ਹਾਲਾਤਾਂ ਵਿੱਚ ਸਭ ਤੋਂ ਵਧੀਆ ਲੋਕ ਸਾਹਮਣੇ ਆਉਂਦੇ ਹਨ, ਅਤੇ ਇਹੀ ਉਹ ਚੀਜ਼ ਹੈ ਜੋ ਅਸੀਂ ਇੱਥੇ ਟੈਨਸੀ ਵਿੱਚ ਵੇਖ ਰਹੇ ਸੀ। ਬਿਲਕੁਲ ਇਕ ਸਾਲ ਪਹਿਲਾਂ, 3 ਮਾਰਚ, 2019 ਨੂੰ ਅਲਾਬਾਮਾ ਦੇ ਲੀ ਕਾਉਂਟੀ ਵਿਚ 23 ਲੋਕਾਂ ਦੀ ਮੌਤ ਹੋ ਗਈ ਸੀ, ਅਮਰੀਕਾ ਦੇ ਕੇਂਦਰੀ ਜਲਵਾਯੂ ਪ੍ਰਸ਼ਾਸਨ ਤੇ ਤੂਫਾਨ ਦੀ ਭਵਿੱਖਬਾਣੀ ਕੇਂਦਰ ਦੇ ਅਨੁਸਾਰ, ਇਹ ਟੈਨਸੀ ਦੇ ਇਤਿਹਾਸ ਦੀ ਦੂਜੀ ਸਭ ਤੋਂ ਮਾਰੂ ਤੂਫਾਨੀ ਘਟਨਾ ਹੈ।

ਬਾਕੀ ਸਫ਼ਾ 31 'ਤੇ

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਇਸਲਾਮ ਜਗਤ ਵਿਚ ਭਾਰਤ ਦਾ ਅਕਸ ਡਿੱਗਿਆ

**ਜਲੰਧਰ/ ਏ.ਟੀ.ਨਿਊਜ਼ :** 2014 ਵਿਚ ਪਹਿਲੀ ਵਾਰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਨਰਿੰਦਰ ਮੋਦੀ ਨੇ ਦੇਸ਼ ਦੇ ਕੌਮੀ ਹਿੱਤਾਂ ਤੇ ਰਣਨੀਤਕ ਜ਼ਰੂਰਤਾਂ ਨੂੰ ਸਮਝਦਿਆਂ ਕਈ ਅਹਿਮ ਮੁਸਲਿਮ ਦੇਸ਼ਾਂ ਦੇ ਦੌਰੇ ਕੀਤੇ। ਅਮਰੀਕੀ ਦਬਾਅ ਦੇ ਬਾਵਜੂਦ ਭਾਰਤ ਨੇ ਈਰਾਨ ਨਾਲ ਆਪਣੇ ਨਿੱਘੇ ਸੰਬੰਧ ਬਣਾਏ ਰੱਖੇ। ਸਭ ਤੋਂ ਵੱਡੇ ਮੁਸਲਿਮ ਦੇਸ਼ ਇੰਡੋਨੇਸ਼ੀਆ ਦੀ ਅਹਿਮੀਅਤ ਵੀ ਸਮਝੀ ਅਤੇ ਬੰਗਲਾਦੇਸ਼ ਨੂੰ ਦੱਖਣੀ ਏਸ਼ੀਆ ਵਿਚ ਸਭ ਤੋਂ ਕਰੀਬੀ ਮਿੱਤਰ ਮੰਨਿਆ। ਪ੍ਰਧਾਨ ਮੰਤਰੀ ਦੀ ਪਹਿਲੀ ਪਾਰੀ ਵਿਚ ਸਭ ਕੁਝ ਠੀਕ-ਠਾਕ ਚੱਲਦਾ ਰਿਹਾ, ਪਰ ਦੂਜੀ ਪਾਰੀ ਸ਼ੁਰੂ ਹੁੰਦਿਆਂ ਹੀ ਅਚਾਨਕ ਸਥਿਤੀਆਂ ਬਦਲ ਗਈਆਂ। ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਅਤੇ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਬਣਾਉਣ ਤੋਂ ਬਾਅਦ ਇਨਾਂ ਦੇਸ਼ਾਂ ਨੇ ਸਾਡੇ ਬਾਰੇ ਟਿੱਪਣੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਤੁਰਕੀ ਤੇ ਮਲੇਸ਼ੀਆ ਨੇ ਤਾਂ ਕਸ਼ਮੀਰ ਬਾਰੇ ਫੈਸਲੇ ਨੂੰ ਕਸ਼ਮੀਰ 'ਤੇ ਭਾਰਤ ਦਾ ਹਮਲਾ ਤੱਕ ਕਹਿ ਦਿੱਤਾ। ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵਾਜਿਦ ਨੇ ਸੀ ਏ ਏ ਨੂੰ ਭਾਰਤ ਦਾ ਅੰਦਰੂਨੀ ਮਾਮਲਾ ਦੱਸਿਆ, ਪਰ ਨਾਲ ਹੀ ਇਹ ਵੀ ਕਹਿ ਦਿੱਤਾ ਕਿ ਇਹ ਕਾਨੂੰਨ ਬੇਲੋੜਾ ਹੈ। ਕਾਨੂੰਨ ਕਹਿੰਦਾ ਹੈ ਕਿ ਬੰਗਲਾਦੇਸ਼, ਪਾਕਿਸਤਾਨ ਤੇ ਅਫਗਾਨਿਸਤਾਨ ਵਿਚ ਸਤਾਏ ਹੋਏ ਹਿੰਦੂਆਂ, ਸਿੱਖਾਂ, ਜੈਨੀਆਂ, ਬੋਧੀਆਂ, ਈਸਾਈਆਂ ਤੇ ਪਾਰਸੀਆਂ ਨੂੰ ਭਾਰਤ ਵਿਚ ਨਾਗਰਿਕਤਾ ਦਿੱਤੀ ਜਾਵੇਗੀ।

ਬੰਗਲਾਦੇਸ਼ ਨੇ ਇਸਨੂੰ ਆਪਣੀ ਹੱਤਕ ਸਮਝਿਆ ਤੇ ਉਸ ਦੇ ਮੰਤਰੀਆਂ ਨੇ ਭਾਰਤ ਦੇ ਦੌਰੇ ਤੱਕ ਰੱਦ ਕਰ ਦਿੱਤੇ। ਪਾਕਿਸਤਾਨ ਨਾਲ ਬਣਦੀ ਨਹੀਂ ਤੇ ਹੁਕਮਰਾਨ ਆਗੂ ਬੰਗਲਾਦੇਸ਼ ਨਾਲ ਨਵਾਂ ਖਿਚਾਅ ਪੈਦਾ ਕਰ ਬੈਠੇ ਹਨ। ਦੁੱਖ-ਸੁੱਖ ਵਿਚ ਹਮੇਸ਼ਾ ਸਾਥ ਰਹੇ ਸਦੀਆਂ ਪੁਰਾਣੇ ਦੋਸਤ ਈਰਾਨ ਨਾਲ ਵੀ ਉਲਝ ਗਏ ਹਾਂ। ਉਸ ਦੇ ਰਾਜਦੂਤ ਅਲੀ ਚੇਗੇਨੀ ਨੂੰ ਮੰਗਲਵਾਰ ਵਿਦੇਸ਼ ਮੰਤਰਾਲੇ ਵਿਚ ਸੱਦ ਕੇ ਤਕੜਾ ਪ੍ਰੋਟੈੱਸਟ ਦਰਜ ਕਰਾਇਆ ਗਿਆ ਕਿ ਉਨਾ ਦੇ ਵਿਦੇਸ਼ ਮੰਤਰੀ ਜਾਵੇਦ ਜ਼ਰੀਫ ਨੇ ਦਿੱਲੀ ਹਿੰਸਾ ਬਾਰੇ ਜੋ ਬਿਆਨ ਦਿੱਤਾ ਹੈ, ਉਹ ਬੇਲੋੜਾ ਹੈ। ਜ਼ਰੀਫ ਨੇ ਸੋਮਵਾਰ ਟਵੀਟ ਕੀਤਾ ਸੀ : "ਭਾਰਤੀ ਮੁਸਲਮਾਨਾਂ ਦੇ ਖਿਲਾਫ ਸੰਗਠਤ ਰੂਪ ਵਿਚ ਕੀਤੀ ਗਈ ਹਿੰਸਾ ਦੀ ਈਰਾਨ ਨਿੰਦਾ ਕਰਦਾ ਹੈ। ਸਦੀਆਂ ਤੋਂ ਈਰਾਨ ਭਾਰਤ ਦਾ ਦੋਸਤ ਰਿਹਾ ਹੈ। ਅਸੀਂ ਭਾਰਤੀ ਅਧਿਕਾਰੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਸਾਰੇ ਭਾਰਤੀਆਂ ਦੀ ਸਲਾਮਤੀ ਯਕੀਨੀ ਬਣਾਉਣ ਅਤੇ ਨਿਰਰਥਕ ਹਿੰਸਾ ਨੂੰ ਫੈਲਣ ਤੋਂ ਰੋਕਣ। ਅੱਗੇ ਵਧਣ ਦਾ ਰਾਹ ਪੁਰਅਮਨ ਸੰਵਾਦ ਤੇ ਕਾਨੂੰਨ ਦੀ ਪਾਲਣਾ ਕਰਨ ਨਾਲ ਹੀ ਪਧਰਾਏਗਾ।"

ਵਿਦੇਸ਼ ਮੰਤਰਾਲੇ ਵੱਲੋਂ ਈਰਾਨੀ ਰਾਜਦੂਤ ਨੂੰ ਕਿਹਾ ਗਿਆ ਕਿ ਉਨਾ ਦੇ ਵਿਦੇਸ਼ ਮੰਤਰੀ ਦੀ ਦਿੱਲੀ ਦੀ ਹਿੰਸਾ ਬਾਰੇ ਟਿੱਪਣੀ ਭਾਰਤ ਨੂੰ ਨਾਮਨਜ਼ੂਰ ਹੈ। ਈਰਾਨ ਵਰਗੇ ਦੇਸ਼ ਤੋਂ ਤਾਂ ਇਸ ਦੀ ਆਸ ਹੀ ਨਹੀਂ ਕਰ ਸਕਦੇ। ਈਰਾਨ ਨੇ 2002 ਦੇ ਗੁਜਰਾਤ ਦੰਗਿਆਂ ਤੇ 1992 ਵਿਚ ਬਾਬਰੀ ਮਸਜਿਦ ਦਾ ਵਿਵਾਦਗ੍ਰਸਤ ਢਾਂਚਾ ਢਾਹੁਣ ਦੀ ਵੀ ਨੁਕਤਾਚੀਨੀ ਕੀਤੀ ਸੀ। ਅਮਰੀਕੀ ਪਾਬੰਦੀਆਂ ਕਾਰਨ ਭਾਰਤ ਵੱਲੋਂ ਈਰਾਨ ਤੋਂ ਤੇਲ ਲੈਣ ਤੋਂ ਨਾਂਹ ਕਰਨ ਤੋਂ ਬਾਅਦ ਦੋਹਾਂ ਦੇਸ਼ਾਂ ਵਿਚਾਲੇ ਖਿਚਾਅ ਪੈਦਾ ਹੋਇਆ ਪਰ ਈਰਾਨ ਨੇ ਉਥੇ ਭਾਰਤ ਨੂੰ ਚਾਬਹਾਰ ਬੰਦਰਗਾਹ ਬਣਾਉਣ ਤੋਂ ਨਹੀਂ ਰੋਕਿਆ। ਇਸ ਬੰਦਰਗਾਹ ਤੋਂ ਭਾਰਤ ਨੂੰ ਪਾਕਿਸਤਾਨ ਨੂੰ ਬਾਈਪਾਸ ਕਰਕੇ ਅਫਗਾਨਿਸਤਾਨ ਤਕ ਮਾਲ ਪਹੁੰਚਾਉਣ ਵਿਚ ਮਦਦ ਮਿਲਣੀ ਹੈ। ਮਲੇਸ਼ੀਆ ਦੇ ਵੇਲੇ ਦੇ ਪ੍ਰਧਾਨ ਮੰਤਰੀ ਮੁਹੰਮਦ ਮਹਾਤੀਰ ਦੀ ਕਸ਼ਮੀਰ ਬਾਰੇ ਟਿੱਪਣੀ ਤੋਂ ਬਾਅਦ ਭਾਰਤ ਨੇ ਉਸ ਤੋਂ ਪਾਮ ਆਇਲ ਲੈਣਾ ਛੱਡ ਦਿੱਤਾ। ਵੱਡੇ ਮੁਸਲਿਮ ਦੇਸ਼ਾਂ ਨਾਲ ਸੰਬੰਧ ਇਸੇ ਤਰਾਂ ਵਿਗੜਦੇ ਰਹੇ ਤਾਂ ਇਸ ਨਾਲ ਮੁਸਲਿਮ ਜਗਤ ਵਿਚ ਭਾਰਤ ਦੇ ਅਕਸ ਨੂੰ ਧੱਕਾ ਲੱਗੇਗਾ। ਦੇਸ਼ ਵਿਚ ਘੱਟਗਿਣਤੀਆਂ ਨਾਲ ਕੀਤੇ ਜਾ ਰਹੇ ਸਲੂਕ 'ਤੇ ਪੱਛਮੀ ਦੇਸ਼ਾਂ ਦੇ ਲੋਕ ਪਹਿਲਾਂ ਹੀ ਨਾਰਾਜ਼ਗੀ ਪ੍ਰਗਟਾ ਰਹੇ ਹਨ। ਦੇਖਣ ਵਾਲੀ ਗੱਲ ਹੈ ਕਿ ਕਸ਼ਮੀਰ ਵਿਚ ਧਾਰਾ 370 ਖਤਮ ਕਰਨ ਤੇ ਸੀ ਏ ਏ ਬਣਾਉਣ ਤੋਂ ਬਾਅਦ ਹੀ ਇਹ ਹਾਲਾਤ ਬਣੇ ਹਨ। ਬਿਹਤਰ ਹੋਵੇਗਾ ਕਿ ਅਸੀਂ ਆਪਣੇ ਦੇਸ਼ ਦੇ ਮੁਸਲਿਮ ਭਾਈਚਾਰੇ ਨਾਲ ਇਸ ਤਰਾਂ ਪੇਸ਼ ਨਾ ਆਈਏ, ਜਿਸ ਨਾਲ ਦੂਜੇ ਮੁਸਲਿਮ ਦੇਸ਼ਾਂ ਨੂੰ ਕੁਝ ਕਹਿਣ ਦਾ ਮੌਕਾ ਮਿਲੇ। ਜਦ ਅਸੀਂ ਪਾਕਿਸਤਾਨ, ਅਫਗਾਨਿਸਤਾਨ ਤੇ ਬੰਗਲਾਦੇਸ਼ ਵਿਚ ਗੈਰ-ਮੁਸਲਿਮਾਂ ਦੇ ਹੱਕਾਂ ਦੀ ਗੱਲ ਕਰਦੇ ਹਾਂ ਤਾਂ ਮੁਸਲਿਮ ਦੇਸ਼ਾਂ ਨੂੰ ਵੀ ਭਾਰਤੀ ਮੁਸਲਮਾਨਾਂ ਦੇ ਹੱਕ ਵਿਚ ਬੋਲਣ ਤੋਂ ਨਹੀਂ ਰੋਕ ਸਕਾਂਗੇ।

**ਖਾਮੇਨੀ ਮੋਦੀ ਸਰਕਾਰ ਤੋਂ ਔਖਾ**

ਈਰਾਨ ਦੇ ਸੁਪਰੀਮ ਲੀਡਰ ਆਯਾਤੁੱਲਾ ਖਾਮੇਨੀ ਨੇ ਦਿੱਲੀ ਵਿਚ ਫਿਰਕੂ ਹਿੰਸਾ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਨੂੰ ਅੱਤਵਾਦੀ ਹਿੰਦੂਆਂ ਨੂੰ ਟੱਕਰਨਾ ਚਾਹੀਦਾ ਹੈ ਤੇ ਮੁਸਲਮਾਨਾਂ ਦਾ ਕਤਲੇਆਮ ਰੋਕਣਾ ਚਾਹੀਦਾ ਹੈ। ਉਨਾਂ ਆਪਣੇ ਟਵੀਟ ਵਿਚ ਕਿਹਾ, 'ਭਾਰਤ ਵਿਚ ਮੁਸਲਮਾਨਾਂ ਦੇ ਕਤਲੇਆਮ 'ਤੇ ਦੁਨੀਆ-ਭਰ ਦੇ ਮੁਸਲਮਾਨਾਂ ਦੇ ਹਿਰਦੇ ਵਲੂੰਧਰੇ ਗਏ ਹਨ। ਭਾਰਤ ਸਰਕਾਰ ਨੂੰ ਇਸਲਾਮੀ ਦੁਨੀਆ ਤੋਂ ਭਾਰਤ ਦਾ ਨਿਖੇੜਾ ਰੋਕਣ ਲਈ ਅੱਤਵਾਦੀ ਹਿੰਦੂਆਂ ਤੇ ਉਨਾਂ ਦੀਆਂ ਪਾਰਟੀਆਂ ਨਾਲ ਸਿੱਝਣਾ ਚਾਹੀਦਾ ਹੈ ਤੇ ਮੁਸਲਮਾਨਾਂ ਦਾ ਕਤਲੇਆਮ ਰੋਕਣਾ ਚਾਹੀਦਾ ਹੈ।'

**ਬੰਗਲਾਦੇਸ਼ ਵਿਚ ਮੋਦੀ ਖ਼ਿਲਾਫ਼ ਰੋਹ**

ਨਾਗਰਿਕਤਾ ਸੰਬੰਧੀ ਕਾਲੇ ਕਾਨੂੰਨਾਂ ਵਿਰੁੱਧ ਉਠੇ ਜਨ-ਅੰਦੋਲਨਾਂ ਤੇ ਦਿੱਲੀ ਵਿੱਚ ਭੜਕੇ ਮੁਸਲਿਮ ਵਿਰੋਧੀ ਦੰਗਿਆਂ ਤੋਂ ਬਾਅਦ ਦੁਨੀਆ ਭਰ ਦੇ ਜਮਹੂਰੀਅਤਪਸੰਦ ਲੋਕ ਆਪਣਾ ਵਿਰੋਧ ਦਰਜ ਕਰਵਾ ਰਹੇ ਹਨ। ਪਿਛਲੇ ਦਿਨੀਂ ਯੂਰਪ ਦੇ 18 ਵੱਡੇ ਸ਼ਹਿਰਾਂ-ਗਲਾਸਗੋ, ਕਰਾਕੋਵ, ਹੇਲਸਿੰਕੀ, ਸਟਾਕਹੋਮ, ਡਬਲਿਨ ਤੇ ਬਰਲਿਨ ਆਦਿ ਵਿੱਚ ਭਾਰਤੀ ਮੂਲ ਦੇ ਲੋਕਾਂ ਨੇ ਮੁਜ਼ਾਹਰੇ ਕਰਕੇ ਗੁੱਸੇ ਦਾ ਪ੍ਰਗਟਾਵਾ ਕੀਤਾ ਸੀ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 13-14 ਮਾਰਚ ਨੂੰ ਭਾਰਤ-ਯੂਰਪੀ ਯੂਨੀਅਨ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਆਉਣ ਸਮੇਂ ਬਰੱਸਲਜ਼ ਵਿੱਚ ਵੱਡਾ ਵਿਰੋਧ ਪ੍ਰਦਰਸ਼ਨ ਕੀਤੇ ਜਾਣ ਦਾ ਪ੍ਰੋਗਰਾਮ ਬਣਾਇਆ ਗਿਆ ਹੈ।

ਪ੍ਰਧਾਨ ਮੰਤਰੀ ਵੱਲੋਂ 17 ਮਾਰਚ ਨੂੰ ਢਾਕਾ ਦੀ ਪ੍ਰਸਤਾਵਤ ਯਾਤਰਾ ਤੋਂ ਪਹਿਲਾਂ ਹੀ ਬੰਗਲਾਦੇਸ਼ ਵਿੱਚ 'ਮੋਦੀ ਗੋ ਬੈਕ' ਦੇ ਨਾਅਰੇ ਲੱਗਣੇ ਸ਼ੁਰੂ ਹੋ ਗਏ ਹਨ। ਬੰਗਲਾਦੇਸ਼ ਦੀ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸ਼ੇਖ ਮੁਜੀਬ ਉਰ ਰਹਿਮਾਨ ਦੇ ਜਨਮ ਸ਼ਤਾਬਦੀ ਸਮਾਰੋਹ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ। ਇਸ ਸੱਦੇ ਵਿਰੁੱਧ ਉੱਥੋਂ ਦੇ ਬੁੱਧੀਜੀਵੀ, ਵਿਦਿਆਰਥੀ ਤੇ ਸਮਾਜਿਕ ਸੰਸਥਾਵਾਂ ਦੇ ਕਾਰਕੁਨ ਲਗਾਤਾਰ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਇਸ ਯਾਤਰਾ ਤੋਂ ਪਹਿਲਾਂ ਪੱਛਮੀ ਬੰਗਾਲ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੰਗਲਾਦੇਸ਼ੀ ਪ੍ਰਵਾਸੀਆਂ ਦੀ ਤੁਲਨਾ ਸਿਓਂਕ ਨਾਲ ਕਰਕੇ ਬਲਦੀ ਉੱਤੇ ਤੇਲ ਪਾਉਣ ਵਾਲਾ ਕੰਮ ਕੀਤਾ ਹੈ। ਸ਼ਾਹ ਨੇ ਇੱਕ ਰੈਲੀ ਵਿੱਚ ਤਕਰੀਰ ਕਰਦਿਆਂ ਕਿਹਾ ਸੀ ਕਿ ਬੰਗਲਾਦੇਸ਼ ਤੋਂ ਆਏ ਨਜਾਇਜ਼ ਪ੍ਰਵਾਸੀ 'ਦੀਮਕ' ਹਨ ਤੇ ਇਨਾਂ ਤੋਂ ਛੁਟਕਾਰਾ ਪਾਉਣਾ ਅਤੀ ਜ਼ਰੂਰੀ ਹੈ।

ਬੰਗਲਾਦੇਸ਼ ਦੇ ਪ੍ਰਮੁੱਖ ਅਖ਼ਬਾਰਾਂ ਦੀਆਂ ਰਿਪੋਰਟਾਂ ਮੁਤਾਬਕ ਮੋਦੀ ਦੇ ਦੌਰੇ ਸੰਬੰਧੀ ਬੰਗਲਾਦੇਸ਼ ਜਨਰਲ ਸਟੂਡੈਂਟਸ ਰਾਈਟਸ ਪ੍ਰੋਟੈਕਸ਼ਨ ਕਾਊਂਸਲ ਵੱਲੋਂ ਰਾਜੂ ਮੈਮੋਰੀਅਲ ਹਾਲ ਢਾਕਾ ਵਿੱਚ ਇੱਕ ਪ੍ਰੋਗਰਾਮ ਦੌਰਾਨ ਢਾਕਾ ਯੂਨੀਵਰਸਿਟੀ ਸੈਂਟਰਲ ਯੂਨੀਅਨ ਦੇ ਉਪ ਪ੍ਰਧਾਨ ਨੂਰੁਲ ਹੱਕ ਨੂਰ ਨੇ ਨਰਿੰਦਰ ਮੋਦੀ ਨੂੰ ਮੁਜੀਬ ਦੇ ਜਨਮ ਸ਼ਤਾਬਦੀ ਸਮਾਰੋਹ ਵਿੱਚ ਸ਼ਾਮਲ ਹੋਣੋਂ ਰੋਕਣ ਦੀ ਸਹੁੰ ਚੁੱਕੀ। ਨੂਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜੇਕਰ ਮੋਦੀ ਵਰਗਾ ਵਿਅਕਤੀ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੁੰਦਾ ਹੈ ਤਾਂ ਇਹ ਬੰਗਲਾਦੇਸ਼ ਦੇ ਆਮ ਲੋਕਾਂ ਦਾ ਅਪਮਾਨ ਹੋਵੇਗਾ ਅਤੇ ਮੁਜੀਬ ਉਰ ਰਹਿਮਾਨ ਦਾ ਵੀ, ਜਿਨਾ ਬੰਗਲਾਦੇਸ਼ ਵਿੱਚ ਧਰਮ-ਨਿਰਪੱਖਤਾ ਤੇ ਧਾਰਮਿਕ ਭਾਈਚਾਰਾ ਬਣਾਈ ਰੱਖਣ ਦਾ ਮੁੱਢ ਬੰਨਿਆ। ਬੀਤੇ ਸ਼ੁੱਕਰਵਾਰ ਬੰਗਲਾਦੇਸ਼ ਵਿਦਿਆਰਥੀ ਸੰਘ ਅਤੇ ਕਰਾਂਤੀਕਾਰੀ ਵਿਦਿਆਰਥੀ ਤੇ ਨੌਜਵਾਨ ਏਕਤਾ ਵਰਗੇ ਖੱਬੇ-ਪੱਖੀ ਸੰਗਠਨਾਂ ਨੇ ਵੀ ਢਾਕਾ ਯੂਨੀਵਰਸਿਟੀ ਵਿੱਚ ਵੱਖ-ਵੱਖ ਰੈਲੀਆਂ ਕਰਕੇ ਦਿੱਲੀ ਹਿੰਸਾ ਵਿੱਚ ਮਾਰੇ ਗਏ ਮੁਸਲਮਾਨਾਂ ਤੇ ਹਿੰਦੂਆਂ ਨੂੰ ਸ਼ਰਧਾਂਜ਼ਲੀ ਭੇਟ ਕੀਤੀ।

ਬਾਕੀ ਸਫ਼ਾ 31 'ਤੇ


ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for
any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਭਾਰਤ ’ਚ ਹੁਣ ਤੱਕ ਹੋ ਚੁੱਕੇ ਹਨ ਪੰਜ ਸਭ ਤੋਂ ਵੱਡੇ ਕਤਲੇਆਮ

## ਦਿੱਲੀ ਹਿੰਸਾ ’ਚ ਮੁਸਲਮਾਨਾਂ ਨੇ ਕੀਤੀ ਹਿੰਦੂਆਂ ਦੀ ਰੱਖਿਆ ਹਿੰਦੂ ਪਰਿਵਾਰਾਂ ਨੇ ਵੀ ਬਚਾਏ ਮੁਸਲਮਾਨ ਪਰਿਵਾਰ

**ਜਲੰਧਰ/ਸੁਰਿੰਦਰਪਾਲ ਸਿੰਘ ਗੋਲਡੀ:** ਇਸ ਸਮੇਂ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਮਾਹੌਲ ਤਣਾਅਪੂਰਨ ਹੈ। ਰਾਜਧਾਨੀ ਦਾ ਉੱਤਰ ਪੂਰਬੀ ਜ਼ਿਲਾ ਹਿੰਸਾ ਦਾ ਸ਼ਿਕਾਰ ਹੈ। ਹਾਲਾਂਕਿ, ਹੁਣ ਹਿੰਸਾ ਰੁਕ ਗਈ ਹੈ, ਪਰ ਇਲਾਜ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਨਿਰੰਤਰ ਵਧ ਰਹੀ ਹੈ। ਹਿੰਸਾ ਵਿੱਚ ਹੁਣ ਤੱਕ 50 ਲੋਕਾਂ ਦੀ ਮੌਤ ਹੋ ਚੁੱਕੀ ਹੈ। ਭਾਰਤ ਵਿਚ ਹੁਣ ਤੱਕ ਪੰਜ ਵੱਡੇ ਕਤਲੇਆਮ ਵਾਪਰ ਚੁਕੇ ਹਨ, ਜਿਸ ਵਿੱਚ ਸੈਂਕੜੇ ਬੇਕਸੂਰ ਲੋਕਾਂ ਦੀਆਂ ਜਾਨਾਂ ਗਈਆਂ ਹਨ।

### 1984 ਸਿੱਖ ਕਤਲੇਆਮ

ਭਾਰਤ ਦਾ ਸਭ ਤੋਂ ਵੱਡਾ ਕਤਲੇਆਮ 1984 ਦਾ ਸਿੱਖ ਕਤਲੇਆਮ ਹੈ। ਇਹ ਕਤਲੇਆਮ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਇਆ ਸੀ। ਇੰਦਰਾ ਗਾਂਧੀ ਨੂੰ ਮਾਰਨ ਵਾਲੇ ਦੋ ਅੰਗ ਰੱਖਿਅਕ ਸਿੱਖ ਸਨ। ਇਸ ਲਈ ਇੰਦਰਾ ਦੀ ਹੱਤਿਆ ਤੋਂ ਬਾਅਦ ਕਾਂਗਰਸ ਉੱਪਰ ਸਿੱਖਾਂ ਵਿਰੁੱਧ ਹਿੰਸਾ ਭੜਕਾਉਣ ਦੇ ਦੋਸ਼ ਲੱਗੇ, ਜਿਸ ਵਿੱਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ। ਮੰਨਿਆ ਜਾਂਦਾ ਹੈ ਕਿ ਇਸ ਕਤਲੇਆਮ ਵਿੱਚ ਪੰਜ ਹਜ਼ਾਰ ਸਿੱਖ ਮਾਰੇ ਗਏ ਸਨ। ਇਕੱਲੇ ਦਿੱਲੀ ਵਿੱਚ ਹੀ ਤਿੰਨ ਹਜ਼ਾਰ ਤੋਂ ਵੱਧ ਸਿੱਖ ਮਾਰੇ ਗਏ ਸਨ।

### ਭਾਗਲਪੁਰ ਦੰਗੇ 1989

1947 ਤੋਂ ਬਾਅਦ, ਭਾਗਲਪੁਰ ਕਤਲੇਆਮ ਭਾਰਤੀ ਇਤਿਹਾਸ ਦਾ ਸਭ ਤੋਂ ਵਹਿਸ਼ੀ ਦੰਗਿਆਂ ਵਿੱਚੋਂ ਇੱਕ ਸੀ। ਇਹ ਕਤਲੇਆਮ ਅਕਤੂਬਰ 1989 ਵਿੱਚ ਭਾਗਲਪੁਰ ਵਿਚ ਹੋਇਆ ਸੀ। ਇਸ ਵਿੱਚ ਮੁੱਖ ਤੌਰ ਤੇ ਹਿੰਦੂ ਤੇ ਮੁਸਲਿਮ ਭਾਈਚਾਰੇ ਦੇ ਲੋਕ ਸ਼ਾਮਲ ਸਨ। ਇਸ ਦੇ ਕਾਰਨ, 1000 ਤੋਂ ਵੱਧ ਨਿਰਦੋਸ਼ ਲੋਕਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ।

### ਮੁੰਬਈ ਦੰਗੇ 1992

ਇਸ ਦੰਗਿਆਂ ਦਾ ਮੁੱਖ ਕਾਰਨ ਬਾਬਰੀ ਮਸਜਿਦ ਦਾ ਢਹਿਣਾ ਸੀ। ਹਿੰਸਾ ਦੀ ਸ਼ੁਰੂਆਤ ਦਸੰਬਰ 1992 ਵਿੱਚ ਹੋਈ, ਜੋ ਜਨਵਰੀ 1993 ਤੱਕ ਚਲਦੀ ਰਹੀ। ਇਨਾਂ ਦੰਗਿਆਂ ਵਿੱਚ 900 ਲੋਕ ਮਾਰੇ ਗਏ ਸਨ। ਉਨਾਂ ਵਿੱਚ 575 ਮੁਸਲਮਾਨ, 275 ਹਿੰਦੂ, 45 ਅਣਪਛਾਤੇ ਤੇ ਪੰਜ ਹੋਰ ਸ਼ਾਮਲ ਸਨ। ਸੁਧਾਕਰ ਦੀ ਕਾਂਗਰਸ ਸਰਕਾਰ ਇਨਾਂ ਦੰਗਿਆਂ ਨੂੰ ਰੋਕਣ ਵਿੱਚ ਅਸਮਰਥ ਸਾਬਤ ਹੋਈ ਤੇ ਅੰਤ ਵਿੱਚ ਫ਼ੌਜ ਬੁਲਾਉਣੀ ਪਈ।

### ਗੁਜਰਾਤ ਕਤਲੇਆਮ 2002

ਗੋਧਰਾ ਕਾਂਡ 2002 ਵਿੱਚ ਵਾਪਰਿਆ ਸੀ। ਸ਼ਹਿਰ ਦਾ ਨਾਮ ਉਸ ਸਮੇਂ ਸਾਹਮਣੇ ਆਇਆ ਜਦੋਂ 27 ਫਰਵਰੀ 2002 ਨੂੰ ਰੇਲਵੇ ਸਟੇਸ਼ਨ ’ਤੇ ਸਾਬਰਮਤੀ ਰੇਲ ਦੇ ਐਸ -6 ਕੋਚ ਨੂੰ ਇੱਕ ਭੀੜ ਨੇ ਅੱਗ ਲਗਾ ਦਿੱਤੀ। ਇਸ ਤੋਂ ਬਾਅਦ 59 ਕਾਰਸੇਵਕ ਮਾਰੇ ਗਏ ਸਨ। ਨਤੀਜੇ ਵਜੋਂ ਸਾਰੇ ਗੁਜਰਾਤ ਵਿੱਚ ਕਤਲੇਆਮ ਸ਼ੁਰੂ ਹੋ ਗਿਆ।

### ਮੁਜ਼ੱਫਰਨਗਰ 2013

ਇਹ ਦੰਗੇ ਮੁਜ਼ੱਫਰਨਗਰ ਜ਼ਿਲੇ ਦੇ ਕਵਾਲ ਪਿੰਡ ਵਿੱਚ ਜਾਟ-ਮੁਸਲਿਮ ਹਿੰਸਾ ਨਾਲ ਸ਼ੁਰੂ ਹੋਏ ਸਨ। ਜਿਸ ਵਿੱਚ ਉਥੇ 62 ਲੋਕ ਮਾਰੇ ਗਏ ਸਨ। ਵੱਡੇ ਪੱਧਰ ’ਤੇ ਜਾਨੀ ਨੁਕਸਾਨ ਹੋਇਆ। ਦਰਅਸਲ 27 ਅਗਸਤ 2013 ਕਾਵਲ ਪਿੰਡ ਵਿੱਚ ਇੱਕ ਮੁਸਲਮਾਨ ਨੌਜਵਾਨ ਨੇ ਜਾਟ ਭਾਈਚਾਰੇ ਦੀ ਲੜਕੀ ਨਾਲ ਕਥਿਤ ਤੌਰ ’ਤੇ ਛੇੜਛਾੜ ਕੀਤੀ। ਇਸ ਤੋਂ ਬਾਅਦ ਛੇੜਛਾੜ ਕਰਨ ਵਾਲੇ ਮੁਸਲਿਮ ਨੌਜਵਾਨਾਂ ਨੂੰ ਕੁੱਟਿਆ ਗਿਆ। ਇਸ ਦੇ ਜਵਾਬ ਵਿੱਚ ਮੁਸਲਮਾਨਾਂ ਨੇ ਲੜਕੀ ਦੇ ਭਰਾਵਾਂ ਨੂੰ ਮਾਰ ਦਿੱਤਾ।

### ਹਿੰਦੂਆਂ ਨੇ ਬਚਾਏ 12 ਮੁਸਲਿਮ ਪਰਿਵਾਰ

ਦਿੱਲੀ ਵਿਚ ਤਾਜ਼ਾ ਹੋਈ ਹਿੰਸਾ ਦੌਰਾਨ ਉੱਤਰ-ਪੂਰਬੀ ਦਿੱਲੀ ਦੇ ਘੋਂਡਾ ਪਿੰਡ ਸਥਿਤ ਭਗਤਾਂ ਮੁਹੱਲੇ ਵਿਚ ਭਗਵੀਂ ਭੀੜ ਨੇ ਹਿੰਸਾ ਫੈਲਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਸਥਾਨਕ ਹਿੰਦੂਆਂ ਨੇ ਉਨਾਂ ਦੇ ਮਨਸੂਬੇ ਨਾਕਾਮ ਕਰ ਦਿੱਤੇ ਸਨ। ਭਗਤਾਂ ਮੁਹੱਲਾ ਦੇ ਹਿੰਦੂ ਭਾਈਚਾਰੇ ਨੇ ਫ਼ਿਰਕੂ ਏਕਤਾ ਦੀ ਮਿਸਾਲ ਕਾਇਮ ਕੀਤੀ ਤੇ 12 ਮੁਸਲਿਮ ਪਰਿਵਾਰਾਂ ਨੂੰ ਹਿੰਸਕ ਭੀੜ ਤੋਂ ਸੁਰੱਖਿਅਤ ਬਚਾ ਕੇ ਰੱਖਿਆ ਤੇ ਉਨਾਂ ਦੇ ਘਰਾਂ ਅੱਗੇ ਪਹਿਰਾ ਦਿੱਤਾ। ਇਸ ਮੁਹੱਲੇ ਵਿਚ ਤਿੰਨ ਮੁਸਲਿਮ ਪਰਿਵਾਰਾਂ ਦੇ ਆਪਣੇ ਮਕਾਨ ਹਨ; ਬਾਕੀ ਸਭ ਪਰਿਵਾਰ ਕਿਰਾਏ ਦੇ ਮਕਾਨਾਂ ਵਿਚ ਰਹਿ ਰਹੇ ਹਨ।

ਬੁਲੰਦ ਸ਼ਹਿਰ ਦੇ ਸ੍ਰੀਮਤੀ ਅਲੀ ਫ਼ਾਤਿਮਾ ਨੇ ਦੱਸਿਆ ਕਿ ਉਹ ਇਸ ਮੁਹੱਲੇ ਵਿੱਚ ਪਿਛਲੇ 22 ਸਾਲਾਂ ਤੋਂ ਰਹਿ ਰਹੇ ਹਨ। ਜਦੋਂ ਬਾਹਰ ਚੌਕ ’ਤੇ ਬਾਹਰ ਹਿੰਸਾ ਵਾਪਰ ਰਹੀ ਸੀ; ਤਦ ਪਿੰਡ ਦੇ ਹਿੰਦੂ ਭਾਈਚਾਰੇ ਨੇ ਸਾਡੀ ਹਿਫ਼ਾਜ਼ਤ ਕੀਤੀ। ਉਸ ਕਾਰਨ ਇੱਥੇ ਫਿਰਕੂ ਗੁੰਡਿਆਂ ਦੀ ਆਉਣ ਦੀ ਹਿੰਮਤ ਨਹੀਂ ਪਈ। ਸ੍ਰੀਮਤੀ ਫ਼ਾਤਿਮਾ ਦੇ ਪਤੀ ਅਸਗ਼ਰ ਅਲੀ ਨੇ ਦੱਸਿਆ ਕਿ ਇੱਥੇ ਉਹ ਪੂਰੀ ਤਰਾਂ ਸੁਰੱਖਿਅਤ ਹਨ। ਉਹ ਬੋਲੇ ਕਿ ਸਾਡੇ ਮਨ ਵਿੱਚ ਕਿਸੇ ਤਰਾਂ ਦਾ ਕੋਈ ਡਰ ਨਹੀਂ ਹੈ।

35 ਸਾਲਾਂ ਤੋਂ ਇਸੇ ਮੁਹੱਲੇ ਵਿਚ ਕਿਰਾਏ ’ਤੇ ਰਹਿ ਰਹੇ ਬਜ਼ੁਰਗ ਸ੍ਰੀਮਤੀ ਹਾਜਰਾ ਦਾ ਕਹਿਣਾ ਸੀ ਕਿ ਇੱਥੇ ਮੈਂ ਕਦੇ ਅਸੁਰੱਖਿਅਤ ਮਹਿਸੂਸ ਨਹੀਂ ਕੀਤਾ। ਇੱਥੇ ਸਾਰੇ ਧਰਮਾਂ ਤੇ ਜਾਤੀ ਦੇ ਲੋਕ ਪਰਿਵਾਰ ਵਾਂਗ ਰਹਿੰਦੇ ਹਲ। ਮੈਂ ਆਪਣੀਆਂ ਸਾਰੀਆਂ ਧੀਆਂ ਦੇ ਵਿਆਹ ਇੱਥੇ ਹੀ ਕੀਤੇ ਹਨ ਤੇ ਆਖ਼ਰੀ ਸਾਹ ਵੀ ਇਨਾਂ ਹੀ ਲੋਕਾਂ ਵਿਚ ਰਹਿ ਕੇ ਲੈਣਾ ਚਾਹੁੰਦੀ ਹਾਂ।

### ਮੁਸਲਮਾਨਾਂ ਨੇ ਕੀਤੀ ਇੱਕ ਹਿੰਦੂ ਕੁੜੀ ਦੇ ਵਿਆਹ ਵੇਲੇ ਰਾਖੀ

ਚਾਂਦਬਾਗ਼ ਦੇ ਮੁਸਲਿਮ ਬਹੁ-ਗਿਣਤੀ ਵਾਲੇ ਇਲਾਕੇ ਵਿਚ ਰਹਿੰਦੇ ਇੱਕ ਹਿੰਦੂ ਕੁੜੀ ਦਾ ਪਰਿਵਾਰ ਵਿਆਹ ਰੱਦ ਕਰਨ ਲਈ ਮਜਬੂਰ ਸੀ ਪਰ ਮੁਸਲਿਮ ਗੁਆਂਢੀਆਂ ਦੀ ਮਦਦ ਨਾਲ ਕਿਸੇ ਤਰਾਂ ਤੈਅਸ਼ੁਦਾ ਸਮੇਂ ’ਤੇ ਹੀ ਵਿਆਹ ਹੋਇਆ। ਵਿਆਹਦੜ 23 ਸਾਲਾ ਸਾਵਿੱਤਰੀ ਪ੍ਰਸਾਦ ਨੇ ਕਿਹਾ ਕਿ ਉਹ ਆਪਣੇ ਘਰ ਵਿਚ ਬੈਠੀ ਰੋ ਰਹੀ ਸੀ ਕਿਉਂਕਿ ਵਿਆਹ ਵਾਲੇ ਦਿਨ ਭਾਵ ਮੰਗਲਵਾਰ ਨੂੰ ਬਾਹਰ ਹਿੰਸਕ ਭੀੜ ਦੰਗਾ ਕਰਦੀ ਘੁੰਮ ਰਹੀ ਸੀ ਪਰ ਸਾਵਿੱਤਰੀ ਦੇ ਪਿਤਾ ਨੇ ਉਸੇ ਦਿਨ ਵਿਆਹ ਦਾ ਆਯੋਜਨ ਕੀਤਾ। ਉਨਾਂ ਦੱਸਿਆ ਕਿ ਉਨਾਂ ਦੇ ਮੁਸਲਿਮ ਗੁਆਂਢੀ ਉਨਾਂ ਨਾਲ ਸਨ। ਲਾੜੀ ਸਾਵਿੱਤਰੀ ਨੇ ਦੱਸਿਆ ਕਿ ਅੱਜ ਮੇਰੇ ਮੁਸਲਿਮ ਭਰਾ ਸਾਡੀ ਰਾਖੀ ਕਰ ਰਹੇ ਹਨ। ਇਸ ਦੌਰਾਨ ਉਹ ਰੋ ਵੀ ਪਈ। ਫਿਰ ਪਰਿਵਾਰ ਤੇ ਗੁਆਂਢੀਆਂ ਨੇ ਉਸ ਨੂੰ ਤਸੱਲੀ ਦਿੱਤੀ। ਇੱਥੇ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਕੋਈ ਦੁਸ਼ਮਣੀ ਨਹੀਂ ਹੈ। ਉਸ ਨੇ ਦੱਸਿਆ ਕਿ ਹਿੰਸਾ ਦੌਰਾਨ ਗੁਆਂਢ ਦੇ ਮੁਸਲਿਮ ਪਰਿਵਾਰ ਸੁਰੱਖਿਆ ਦੀ ਢਾਲ਼ ਬਣੇ ਰਹੇ ਤੇ ਆਪਣੀ ਮੌਜੂਦਗੀ ਵਿਚ ਵਿਆਾਹ ਸੰਪੰਨ ਕਰਵਾਇਆ। ਗੁਆਂਢ ਦੇ ਕਈ ਮੁਸਲਿਮ ਪਰਿਵਾਰ ਵਿਆਹ ਦੌਰਾਨ ਡਟੇ ਰਹੇ ਤੇ ਉਨਾਂ ਲਾੜੀ ਤੇ ਲਾੜੇ ਨੂੰ ਆਸ਼ੀਰਵਾਦ ਵੀ ਦਿੱਤਾ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਕੀ ਹਾਲੇ ਵੀ ਔਰਤ ਹੀ ਔਰਤ ਦੀ ਦੁਸ਼ਮਨ ਹੈ ?



- ਡਾ. ਹਰਸ਼ਿੰਦਰ ਕੌਰ, ਐਮ.ਡੀ.

ਮੁੰਬਈ ਵਿਚ ਚਲਦੀ ਸੜਕ ਦੇ ਇਕ ਪਾਸੇ ਇਕ ਨਾਬਾਲਗ ਬੱਚੀ ਦੇ ਢਿੱਡ ਤੇ ਛਾਤੀ ਵਿਚ ਇਕ ਮੁਸ਼ਟੰਡੇ ਵੱਲੋਂ ਛੁਰੇ ਦੇ 22 ਵਾਰ ਕੀਤੇ ਗਏ। ਆਉਂਦਾ ਜਾਂਦਾ ਹਰ ਜਣਾ ਉਸ ਦੀ ਪੂਰੀ ਵੀਡੀਓ ਬਣਾਉਂਦਾ ਰਿਹਾ ਤੇ ਨਾਲੋ-ਨਾਲ ਫੇਸਬੁੱਕ ਤੇ ਵੱਟਸਐਪ 'ਤੇ ਪਾਉਂਦਾ ਰਿਹਾ। ਕੀ ਮਜਾਲ ਇਕ ਵੀ ਜਣਾ ਉਸ ਦੀ ਮਦਦ ਨੂੰ ਅੱਗੇ ਆਇਆ ਹੋਵੇ। ਲਹੂ ਵਹਿ ਵਹਿ ਕੇ ਉਸ ਦੀ ਉੱਥੇ ਹੀ ਮੌਤ ਹੋ ਗਈ ਪਰ ਨਾ ਪੁਲਿਸ ਨੂੰ ਖ਼ਬਰ ਕੀਤੀ ਗਈ ਤੇ ਨਾ ਕਿਸੇ ਨੇ ਹਸਪਤਾਲ ਲਿਜਾਉਣ ਦੀ ਕੋਸ਼ਿਸ਼ ਕੀਤੀ।

ਵਾਰ ਕਰਨ ਵਾਲੇ ਦੇ ਚਲੇ ਜਾਣ ਬਾਅਦ ਕੁੱਝ ਜਣੇ ਬਿਲਕੁਲ ਮੂੰਹ ਦੇ ਲਾਗੇ ਤੱਕ ਜਾ ਕੇ ਆਖ਼ਰੀ ਸਾਹ ਨਿਕਲਣ ਤੱਕ ਕੁੜੀ ਦਾ ਪੂਰਾ ਵੀਡੀਓ ਬਣਾ ਕੇ ਅਪਲੋਡ ਕਰਦੇ ਰਹੇ। ਹਰ ਜਣੇ ਨੇ ਆਪੋ ਆਪਣੀ ਵੀਡੀਓ ਨੂੰ ਸਭ ਤੋਂ ਵਧੀਆ ਦਰਸਾਉਣ ਦੇ ਚੱਕਰ ਵਿਚ "ਮੇਰੀ ਕਲਿੱਪ ਇਸ ਤੋਂ ਵੀ ਹੋਰ ਨੇੜੇ ਦੀ ਹੈ," "ਮੇਰੀ ਕਲਿੱਪ ਵਿਚ ਤਾਂ ਢਿੱਡ 'ਚੋਂ ਨਿਕਲਦੇ ਲਹੂ ਦੀਆਂ ਧਤੀਰੀਆਂ ਵੀ ਦਿਸਦੀਆਂ ਨੇ," ਆਦਿ ਦੇ ਕੁਮੈਂਟ ਨਾਲ ਅੱਗੇ ਤੋਂ ਅੱਗੇ ਤੋਰੀ। ਪੂਰੇ ਹਿੰਦੁਸਤਾਨ ਵਿਚ ਇਹ ਕਲਿੱਪ ਘੁੰਮਦੀ ਰਹੀ ਤੇ ਲੋਕ ਕੁਮੈਂਟ ਲਿਖ ਕੇ ਸ਼ੇਅਰ ਕਰਦੇ ਰਹੇ!

ਰਾਜਸਥਾਨ ਵਿਚ ਇਕ ਹਿੰਦੂ ਕੁੜੀ ਨੇ ਮੁਸਲਮਾਨ ਮੁੰਡੇ ਨਾਲ ਵਿਆਹ ਕਰਨ ਬਾਰੇ ਗੱਲ ਕੀਤੀ ਤਾਂ ਪੂਰੀ ਭੀੜ ਨੇ ਉਸ ਨਾਲ ਖਿਚ ਧੂਹ ਕੀਤੀ, ਵਾਲ ਪੁੱਟੇ, ਕਪੜੇ ਪਾੜੇ ਤੇ ਅਖ਼ੀਰ ਉਸ ਉੱਤੇ ਤੇਲ ਸੁੱਟ ਕੇ ਅੱਗ ਲਾ ਦਿੱਤੀ। ਇਸ ਪੂਰੇ ਸਿਲਸਿਲੇ ਦੀ ਸ਼ੁਰੂ ਤੋਂ ਅਖ਼ੀਰ ਤੱਕ ਪਲ-ਪਲ ਦੀ ਵੀਡੀਓ, ਨੇੜਿਓ ਦੂਰੋਂ ਉਸ ਦੇ ਚੀਕਣ ਦੀ, ਲਹੂ ਨਿਕਲਣ ਦੀ, ਫਟੇ ਕਪੜਿਆਂ ਹੇਠਲੇ ਜਿਸਮ ਦੀ, ਅੱਗ ਲੱਗੀ ਹੋਈ ਦੇ ਤੜਫਣ ਦੀ ਤੇ ਢਿੱਡ ਅੰਦਰੋਂ ਬਲਦੇ ਮਾਸ ਦੇ ਭਬਕਣ ਦੀ, ਆਖ਼ਰੀ ਸਾਹ ਨਿਕਲ ਜਾਣ ਤਕ ਤੇ ਅੱਖ ਦੇ ਡੇਲੇ ਦੇ ਪਟਾਕਾ ਮਾਰ ਕੇ ਫਟ ਜਾਣ ਤਕ ਦੀ ਪੂਰੀ ਵੀਡੀਓ ਤੇ ਨਾਲ ਉੱਚੀ-ਉੱਚੀ ਹੱਸਣ, ਤਾਅਨੇ ਮਿਹਣੇ ਕੱਸਣ, ਜਿਸਮ ਦੇ ਅੰਦਰੂਨੀ ਹਿੱਸਿਆਂ ਬਾਰੇ ਚਟਕਾਰੇ ਲੈ ਕੇ ਗੱਲਾਂ ਕਰਨ ਤੱਕ ਦੀ ਵੀਡੀਓ ਪੂਰੇ ਹਿੰਦੁਸਤਾਨ ਵਿਚ ਸ਼ੇਅਰ ਹੋਈ। ਕਿਸੇ ਇੱਕ ਨੇ ਅਗਾਂਹ ਹੋ ਕੇ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਦੂਰੋਂ ਖੜੇ ਵੀ ਦਰਖ਼ਤਾਂ ਉੱਤੋਂ ਚੜ ਕੇ ਪੂਰੀ ਵੀਡੀਓ ਖਿੱਚਣ ਲਈ ਕਾਹਲੀ ਤਮਾਸ਼ਬੀਨਾਂ ਦੀ ਭੀੜ ਇਸ ਫ਼ਿਲਮ ਵਿਚ ਵਿਖਾਈ ਗਈ। ਕੁਮੈਂਟ ਕੁੱਝ ਇਸ ਤਰਾਂ ਦੇ ਲਿਖੇ ਗਏ ਸਨ-"ਸਾਲੀ ਕੋ ਬੁੱਚੜਖ਼ਾਨੇ ਮੇਂ ਹਲਾਲ ਕਰਨਾ ਚਾਹੀਏ," "ਐਸੀ ਲੜਕੀਓਂ ਕੀ ਸਜ਼ਾ ਯਹੀ ਹੋਣੀ ਚਾਹੀਏ।"

ਮੁੰਬਈ ਦੇ ਇਕ ਪੱਬ ਵਿਚ ਉੱਪਰ ਟੰਗੀ ਤਰਪਾਲ ਨੂੰ ਅੱਗ ਲੱਗੀ ਤਾਂ ਉਹ ਹੇਠਾਂ ਨੱਚ ਰਹੇ ਜਵਾਨਾਂ ਉੱਤੇ ਡਿੱਗ ਪਈ। ਬਲਦੀ ਤਰਪਾਲ ਕਪੜਿਆਂ ਤੇ ਚਮੜੀ ਨੂੰ ਚਿੰਬੜ ਗਈ। ਤਰਪਾਲ ਨੂੰ ਚਮੜੀ ਸਮੇਤ ਹੀ ਖਿੱਚ ਕੇ, ਲਾਹ ਕੇ ਜਿੰਨੇ ਜਣੇ ਬਾਹਰ ਜਾਨ ਬਚਾ ਕੇ ਭੱਜ ਸਕੇ, ਭੱਜੇ! ਲਹੂ ਲੁਹਾਨ ਨਿਰਵਸਤਰ ਤੇ ਬਿਨਾਂ ਚਮੜੀ ਦੇ, ਜਦੋਂ ਸਾਹਮਣੇ ਵਾਲੀ ਕੌਫ਼ੀ ਸ਼ਾਪ ਤੋਂ ਪਾਣੀ ਮੰਗਣ ਗਏ ਤਾਂ ਦੁਕਾਨਦਾਰ ਨੇ ਪੈਸਿਆਂ ਤੋਂ ਬਿਨਾਂ ਪਾਣੀ ਦੇਣ ਨੂੰ ਨਾ ਕਰ ਦਿੱਤੀ।

ਇਹੀ ਜਵਾਨ ਜਦੋਂ ਸੜਕ ਉੱਤੋਂ ਲੰਘਦਿਆਂ ਬੰਦਿਆਂ ਨੂੰ ਹੱਥ ਦੇ ਇਸ਼ਾਰੇ ਨਾਲ ਰੋਕ ਕੇ ਹਸਪਤਾਲ ਲਿਜਾਉਣ ਲਈ ਅਰਜ਼ੋਈ ਕਰਨ ਲੱਗੇ ਤਾਂ ਹਰ ਕਾਰ, ਸਕੂਟਰ, ਟੈਂਪੂ, ਬਸ, ਟਰੱਕ ਵਾਲੇ ਨੇ ਉਨਾਂ ਦੇ ਨਿਰਵਸਤਰ ਜਿਸਮਾਂ ਦੀਆਂ ਵੀਡੀਓ ਬਣਾ ਕੇ ਝਟਪਟ ਅਪਲੋਡ ਕਰ ਦਿੱਤੀਆਂ ਪਰ ਕੋਈ ਮਦਦ ਲਈ ਨਹੀਂ ਰੁਕਿਆ। ਕੁੱਝ ਮਨਚਲੇ ਤਾਂ ਦੋ ਜਾਂ ਤਿੰਨ ਗੇੜੇ ਲਾ ਕੇ ਵੀਡੀਓਜ਼ ਨਾਲ ਸਟਿੱਲ ਫੋਟੋਜ਼ ਵੀ ਖਿੱਚਣ ਲਈ ਮੁੜੇ!

ਹਰ ਰੋਜ਼ ਐਕਸੀਡੈਂਟ ਵਿਚ ਲਹੂ ਲੁਹਾਨ ਬੰਦਿਆਂ ਦੀਆਂ ਤੇ ਉਨਾਂ ਦੇ ਸਰੀਰਾਂ ਵਿੱਚੋਂ ਧਤੀਰੀਆਂ ਮਾਰ ਕੇ ਵਗਦੇ ਲਹੂ ਦੀਆਂ ਵੀਡੀਓਜ਼, ਫਟ ਚੁੱਕੇ ਕਪੜਿਆਂ ਵਿੱਚੋਂ ਦਿਸਦੇ ਜਿਸਮ ਦੀਆਂ ਤੇ ਹਾਏ ਹਾਏ ਕਰ ਕੇ ਆਖ਼ਰੀ ਸਾਹ ਨਿਕਲ ਜਾਣ ਤੱਕ ਦਾ ਪੂਰਾ ਵੀਡੀਓ ਸ਼ੂਟ ਕਰਨ ਲਈ ਭੀੜ ਜਮਾਂ ਹੋ ਜਾਂਦੀ ਹੈ ਤੇ ਰੋਜ਼ ਅਜਿਹੀ ਨਵੀਂ ਵੀਡੀਓ ਫੇਸ ਬੁੱਕਾਂ ਉਤੇ ਘੁੰਮਣ ਲੱਗ ਜਾਂਦੀ ਹੈ ਪਰ ਕਦੇ ਕੋਈ ਮਦਦ ਲਈ ਅਗਾਂਹ ਨਹੀਂ ਆਉਂਦਾ ਦਿਸਦਾ।

ਅਣਮਨੁੱਖੀ ਫੋਟੋਗ੍ਰਾਫ਼ਰਾਂ ਦੀ ਭਰਮਾਰ ਚੁਫ਼ੇਰੇ ਸਿਰਫ਼ ਆਪਣਾ ਸ਼ਿਕਾਰ ਲੱਭਣ ਲਈ ਦਨਦਨਾਉਂਦੀ ਫਿਰਦੀ ਹੈ। ਜੇ ਕੁੱਝ ਘੰਟਿਆਂ ਤਕ ਕੋਈ ਨਵੀਂ ਫ਼ਿਲਮ ਤਿਆਰ ਨਾ ਹੋ ਸਕੇ ਤਾਂ ਇਹ ਭੀੜ ਆਪਣਾ ਕਾਰਨਾਮਾ ਕਰਨ ਲਈ ਤਿਆਰ ਹੋ ਜਾਂਦੀ ਹੈ। ਹਰ ਜਣਾ ਦੂਜੇ ਨਾਲੋਂ ਵੱਧ ਭਿਆਨਕ ਵੀਡੀਓ ਬਣਾਉਣ ਲਈ ਜੁਟ ਜਾਂਦਾ ਹੈ। ਅਜਿਹੇ ਕਾਰਨਾਮੇ ਸ਼ੂਟ ਕਰਨ ਲਈ ਕਿਸ ਹਦ ਤਕ ਇਹ ਅਣਮਨੁੱਖੀ ਫੋਟੋਗ੍ਰਾਫ਼ਰ ਜਾਂਦੇ ਹਨ, ਟੈਲੀਵਿਜ਼ਨ ਉੱਤੇ ਇਕ ਚਿਹਰਾ ਢਕੇ ਹੋਏ ਨਾਬਾਲਗ ਬਲਾਤਕਾਰੀ ਨੇ ਸਪਸ਼ਟ ਕਰ ਦਿੱਤਾ ਸੀ। ਉਸ ਬਿਆਨ ਦਿੱਤਾ, "ਮੈਂ ਬਲਾਤਕਾਰ ਕਰ ਕੇ ਵੀਡੀਓ ਕਲਿੱਪਾਂ ਤਿਆਰ ਕਰਨ ਦਾ ਸੈਂਕੜਾ ਪੂਰਾ ਕਰਨ ਦਾ ਟੀਚਾ ਮਿੱਥਿਆ ਹੋਇਆ ਸੀ।"

ਇਸ ਤਰਾਂ ਦੀਆਂ ਦਿਲ ਵਲੂੰਧਰਦੀਆਂ ਵੀਡੀਓਜ਼ ਕਿਵੇਂ ਹੌਲੀ-ਹੌਲੀ ਨਾਬਾਲਗ ਬੱਚਿਆਂ ਦੇ ਬਣਦੇ ਦਿਮਾਗ਼ ਵਿਚ ਸ਼ੈਤਾਨੀ ਕਾਰੇ ਕਰਨ ਵਾਲਾ ਬਾਰੂਦ ਇਕੱਠਾ ਕਰ ਰਹੀਆਂ ਹਨ, ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿਉਂਕਿ ਨਿਤ ਦਿਨ ਪਹਿਲਾਂ ਤੋਂ ਵੱਖ ਤੇ ਪਹਿਲਾਂ ਤੋਂ ਵੱਧ ਭਿਆਨਕ ਤਰੀਕੇ ਨਾਲ ਨਾਬਾਲਗ ਬੱਚੀਆਂ ਦੇ ਸਮੂਹਕ ਬਲਾਤਕਾਰ ਕਰਨ ਬਾਅਦ ਉਨਾਂ ਨੂੰ ਜਿਉਂਦੇ ਸਾੜ ਕੇ, ਡੁਬੋ ਕੇ ਜਾਂ ਲੱਤਾਂ ਬਾਹਵਾਂ ਤੋੜ ਕੇ ਕਤਲ ਕਰਨ ਦੇ ਕੇਸ ਸਾਹਮਣੇ ਆ ਰਹੇ ਹਨ।

ਅਜਿਹੇ ਬਰਬਰ ਕਤਲ ਸਮਾਜ ਵਿਚ ਵੱਧ ਰਹੀ ਵਹਿਸ਼ੀਅਤ ਦਾ ਚਰਮ ਪ੍ਰਗਟਾਵਾ ਹਨ। ਔਰਤ ਨੂੰ ਸਿਰਫ਼ ਭੋਗ ਵਿਲਾਸ ਦੀ ਵਸਤੂ ਮੰਨ ਕੇ, ਹਵਸ ਤ੍ਰਿਪਤ ਕਰਨ ਵਿਚ ਪਸ਼ੂਵਤ ਪ੍ਰਵਿਰਤੀ ਖੁੱਲ ਕੇ ਉਜਾਗਰ ਹੋਣ ਲੱਗ ਪਈ ਹੈ।

ਪਾਨੀਪਤ ਵਿਚ ਉਰਲਾਨਾ ਕਲਾਂ ਪਿੰਡ ਦੇ ਬਾਹਰਵਾਰ ਇਕ ਛੱਪੜ ਲਾਗੇ ਅਧਨੰਗੀ, ਅਧਸੜੀ, ਬਾਹਵਾਂ ਲੱਤਾਂ ਦੀਆਂ ਹੱਡੀਆਂ ਟੁੱਟੀਆਂ ਹੋਈਆਂ ਦੀ 11 ਵਰਿਆਂ ਦੀ ਬਾਲੜੀ ਦੀ ਲਾਸ਼ ਮਿਲੀ। ਜਦੋਂ ਕਾਤਲਾਂ ਦੀ ਭਾਲ ਸ਼ੁਰੂ ਕੀਤੀ ਤਾਂ 28 ਸਾਲਾ ਪ੍ਰਦੀਪ ਕੁਮਾਰ ਤੇ 22 ਸਾਲਾ ਸਾਗਰ ਜੋ ਉਸੇ ਪਿੰਡ ਦੇ ਸਨ, ਨੇ ਮੰਨਿਆ ਕਿ ਉਨਾਂ ਨੇ ਬਾਲੜੀ ਦਾ ਜਬਰਜ਼ਨਾਹ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਪੂਰਾ ਜ਼ੋਰ ਲਾ ਕੇ ਸਾਨੂੰ ਨੇੜੇ ਨਾ ਫਟਕਣ ਦਿੱਤਾ। ਇਸੇ ਲਈ ਪਹਿਲਾਂ ਅਸੀਂ ਉਸੇ ਦੇ ਸਕਾਰਫ਼ ਨਾਲ ਉਸ ਦਾ ਗਲਾ ਘੁੱਟਿਆ, ਫੇਰ ਕਪੜੇ ਸਾੜੇ ਤੇ ਫੇਰ ਆਰਾਮ ਨਾਲ ਚਟਕਾਰੇ ਲੈ ਕੇ ਲਾਸ਼ ਨਾਲ ਚਾਰ ਘੰਟੇ (ਸ਼ਾਮ 7 ਵਜੇ ਤੋਂ ਰਾਤ 11 ਵਜੇ ਤਕ) ਬਲਾਤਕਾਰ ਕੀਤਾ। ਉਸ ਤੋਂ ਬਾਅਦ ਵੀਡੀਓ ਬਣਾ ਕੇ ਲਾਸ਼ ਨੂੰ ਛੱਪੜ ਕਿਨਾਰੇ ਸੁੱਟ ਦਿੱਤਾ।

ਝਾਂਸਾ ਪਿੰਡ (ਕੁਰਕਸ਼ੇਤਰ ਜ਼ਿਲਾ) ਵਿਚ ਰਹਿ ਰਹੀ ਇਕ 15 ਸਾਲਾ ਦਲਿਤ ਬੱਚੀ ਦੀ ਲਾਸ਼ ਕੁਰਕਸ਼ੇਤਰ ਤੋਂ 110 ਕਿਲੋਮੀਟਰ ਦੂਰ ਸਫੀਦੋਂ ਦੇ ਨੇੜੇ ਪਿੰਡ ਬੁੱਢਾ ਖੇੜਾ 'ਚੋਂ ਮਿਲੀ। ਉਹ ਤਿੰਨ ਦਿਨ ਪਹਿਲਾਂ ਲਾਪਤਾ ਹੋਈ ਸੀ। ਇਕ ਗਵਾਂਢੀ ਬਾਰਵੀਂ ਜਮਾਤ ਦੇ ਵਿਦਿਆਰਥੀ ਨੇ 9 ਜਨਵਰੀ 2018 ਨੂੰ ਆਪਣੇ ਕਈ ਦੋਸਤਾਂ ਨਾਲ ਇਸ ਬੱਚੀ ਨੂੰ ਚੁੱਕ ਕੇ ਰੱਜ ਕੇ ਦੋ ਦਿਨ ਉਸ ਦਾ ਸਮੂਹਕ ਬਲਾਤਕਾਰ ਕੀਤਾ। ਫੇਰ ਲੋਹੇ ਦੇ ਮੋਟੇ ਡੰਡੇ ਨਾਲ ਬੱਚੇਦਾਨੀ ਰਾਹੀਂ ਜਿਗਰ ਤੱਕ ਘੁਸਾ ਕੇ, ਪੂਰਾ ਢਿੱਡ ਪਾੜ ਕੇ ਉਸ ਨੂੰ ਬੇਦਰਦੀ ਨਾਲ ਡਾਂਗਾਂ ਮਾਰ-ਮਾਰ ਕੇ ਮਾਰਿਆ। ਫੇਰ ਪਾਣੀ ਵਿਚ ਡੁਬੋ ਕੇ ਆਖ਼ਰੀ ਸਾਹ ਖ਼ਤਮ ਕਰਕੇ ਦੁਬਾਰਾ ਜਬਰਜ਼ਨਾਹ ਕੀਤਾ। ਉਸ ਤੋਂ ਬਾਅਦ ਬੱਚੇਦਾਨੀ ਨੂੰ ਬੁਰੀ ਤਰਾਂ ਕੱਟ ਵੱਢ ਕੇ ਨਿਰਵਸਤਰ ਲਾਸ਼ ਸੁੱਟ ਦਿੱਤੀ। ਪੂਰੀ ਲਾਸ਼ ਨਿਰੇ ਡੂੰਘੇ ਜ਼ਖਮਾਂ ਨਾਲ ਭਰੀ ਹੋਈ ਲੱਭੀ। ਕੁਰਕਸ਼ੇਤਰ ਵਿਖੇ ਇਕ ਹੋਰ 11 ਵਰਿਆਂ ਦੀ ਨਾਬਾਲਗ ਬੱਚੀ ਦੀ ਲਾਸ਼ ਲੱਭੀ ਜਿਸ ਨਾਲ ਸਮੂਹਕ ਬਲਾਤਕਾਰ ਕਰਨ ਬਾਅਦ ਉਸ ਨੂੰ ਵੱਢ ਟੁਕ ਕੇ, ਮਾਰ ਕੇ ਸੁੱਟ ਦਿੱਤਾ ਗਿਆ ਸੀ। ਇਨਾਂ ਸਭ ਦੀਆਂ ਪੀੜ ਸਹਿਣ ਕਰਦੀਆਂ ਦੀਆਂ ਕੂਕਾਂ ਤੇ ਜਿਸਮ ਵਿੱਚੋਂ ਵਹਿੰਦੇ ਲਹੂ ਦੀਆਂ ਧਤੀਰੀਆਂ ਦੀ ਨਰਭਖ਼ਸ਼ੀ ਫੋਟੋਗ੍ਰਾਫਰਾਂ ਨੇ ਵੀਡੀਓਜ਼ ਖਿੱਚੀਆਂ।

ਜਦੋਂ ਅਜਿਹੇ ਗ਼ੈਰ ਮਨੁੱਖੀ ਕਤਲਾਂ ਬਾਰੇ ਤੇ ਨਿਤ ਵਧਦੇ ਜਾਂਦੇ ਭਿਆਨਕ ਜੁਰਮਾਂ ਬਾਰੇ ਆਵਾਜ਼ ਚੁੱਕੀ ਗਈ ਤਾਂ ਮਰਦ ਪ੍ਰਧਾਨ ਸਮਾਜ ਵੱਲੋਂ ਬੜੀ ਬੁਲੰਦ ਆਵਾਜ਼ ਗੂੰਜੀ-"ਔਰਤ ਹੀ ਔਰਤ ਦੀ ਦੁਸ਼ਮਨ ਹੈ।"

ਸਪਸ਼ਟ ਹੋ ਗਿਆ ਕਿ ਬਹੁਗਿਣਤੀ ਲੋਕਾਂ ਨੇ ਵਹਿਸ਼ੀਪੁਣੇ ਤੇ ਬਰਬਰਤਾ ਨੂੰ ਵੇਖਦਿਆਂ ਗੋਡਿਆਂ 'ਚ ਸਿਰ ਦੇ ਕੇ ਬਹਿਣ ਦਾ ਫੈਸਲਾ ਕਰ ਲਿਆ ਹੋਇਆ ਹੈ। ਜਿਨਾਂ ਨੇ ਕੁੱਝ ਵੀ ਨਹੀਂ ਕਰਨਾ ਤੇ ਇਨਾਂ ਸਾਰੇ ਭੂਤਰੇ ਸਾਨਾਂ ਵੱਲੋਂ ਕੀਤੇ ਕੁਕਰਮਾਂ ਉੱਤੇ ਪਰਦਾ ਪਾਉਣਾ ਹੈ, ਉਨਾਂ ਕੋਲ ਇਹ ਕਹਿਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ।

ਸਿਰਫ਼ ਇਹ ਕਹਿ ਕੇ ਕਿ ਔਰਤ ਹੀ ਔਰਤ ਦੀ ਦੁਸ਼ਮਨ ਹੈ, ਇਨਾਂ ਸਾਰੇ ਕੁਕਰਮਾਂ ਲਈ ਔਰਤ ਉੱਤੇ ਹੀ ਜ਼ਿੰਮੇਵਾਰੀ ਸੁੱਟ ਦਿਓ। ਇੰਜ ਜਾਪਣ ਲੱਗ ਪਿਆ ਹੈ ਜਿਵੇਂ ਪਾਸਾ ਵੱਟ ਕੇ ਆਪੋ ਆਪਣੇ ਕੰਮਾਂ ਵਿਚ ਰੁੱਝ ਚੁੱਕੇ ਅਸੰਵੇਦਨਸ਼ੀਲ ਲੋਕ ਬਰਬਰ ਸਮੱਸਿਆਵਾਂ ਨਾਲ ਸਮਝੌਤਾ ਕਰਨ ਦੀ ਰੌਅ ਵਿਚ ਹਨ।

ਆਖ਼ਰ ਸਮਝ ਤਾਂ ਆਵੇ ਕਿ 10 ਸਾਲਾਂ ਦੀ ਬੱਚੀ ਨੂੰ ਅਧਖੜ ਉਮਰ ਦੇ ਗਵਾਂਢੀ ਨੇ ਪਿੰਜੌਰ ਵਿਚ ਸ਼ਾਮ ਨੂੰ ਖੇਡਦੀ ਨੂੰ ਚੁੱਕ ਕੇ ਉਸ ਦੀ ਬੱਚੇਦਾਨੀ ਵਿਚ ਸੋਟੀ ਪਾ ਕੇ, ਪਾੜ ਕੇ, ਆਖ਼ਰੀ ਸਾਹ ਗਿਣਦੀ ਦਾ ਬਲਾਤਕਾਰ ਕੀਤਾ, ਤਾਂ ਇਸ ਵਿਚ ਔਰਤ ਔਰਤ ਦੀ ਦੁਸ਼ਮਨ ਕਿਵੇਂ ਬਣ ਗਈ?

ਇਹ ਹਾਦਸਾ ਵੀ 14 ਜਨਵਰੀ 2018 ਨੂੰ ਵਾਪਰਿਆ। 13 ਜਨਵਰੀ ਨੂੰ ਫਰੀਦਾਬਾਦ ਵਿਖੇ 20 ਸਾਲਾਂ ਦੀ ਮੁਟਿਆਰ ਕੰਮ ਕਰ ਕੇ ਵਾਪਸ ਮੁੜ ਰਹੀ ਸੀ, ਜਦੋਂ ਚਲਦੀ ਕਾਰ ਵਿਚ ਚਾਰ ਜਣਿਆਂ ਨੇ ਉਸ ਦਾ ਜਬਰਜ਼ਨਾਹ ਕੀਤਾ। ਇਸ ਵਿਚ ਵੀ ਕਸੂਰ ਕੀ ਔਰਤ ਜ਼ਾਤ ਦਾ ਹੈ?

9 ਦਸੰਬਰ 2017 ਨੂੰ ਇਕ 6 ਵਰਿਆਂ ਦੀ ਗ਼ਰੀਬ ਦਲਿਤ ਬੱਚੀ ਦਾ ਉਕਲਾਨਾ ਬਲਾਕ (ਜ਼ਿਲਾ ਹਿਸਾਰ) ਵਿਖੇ ਬੁਰੀ ਤਰਾਂ ਹੱਡੀਆਂ ਤੋੜ ਕੇ ਵੱਢਿਆ ਤੇ ਬਲਾਤਕਾਰ ਕੀਤਾ ਹੋਇਆ ਮੁਰਦਾ ਜਿਸਮ ਲੱਭਿਆ। ਪੋਸਟ ਮਾਰਟਮ ਰਾਹੀਂ ਖੁਲਾਸਾ ਹੋਇਆ ਕਿ ਬਲਾਤਕਾਰ ਤੋਂ ਪਹਿਲਾਂ ਉਸ ਬੱਚੀ ਦੀਆਂ ਹੱਡੀਆਂ ਤੋੜੀਆਂ ਗਈਆਂ, ਚਾਕੂ ਦੇ ਅਨੇਕ ਵਾਰ ਕੀਤੇ ਗਏ, ਮਾਸ ਦੇ ਲੋਥੜੇ ਲਾਹੇ ਗਏ ਤੇ ਬੱਚੇਦਾਨੀ ਦਾ ਰਾਹ ਪਾੜ ਕੇ ਉਸ ਵਿਚ ਸੋਟੀ ਘੁਸਾਈ ਗਈ, ਜਿਸ ਦਾ ਢਾਈ ਇੰਚ ਲੰਮਾ ਟੋਟਾ ਬੱਚੇਦਾਨੀ ਪਾੜ ਕੇ ਢਿੱਡ ਵਿਚ ਫਸਿਆ ਰਹਿ ਗਿਆ ਲੱਭਿਆ।

ਕੀ ਇਸ ਨੂੰ ਸਿਰਫ਼ ਹੈਵਾਨੀਅਤ ਕਹਿ ਕੇ ਸਾਰ ਲਿਆ ਜਾਵੇਗਾ? ਕੀ ਸਮਾਜ ਇਸਨੂੰ ਵੀ ਔਰਤ ਹੀ ਔਰਤ ਦੀ ਦੁਸ਼ਮਨ ਕਹਿ ਕੇ ਪਾਸਾ ਵੱਟ ਲਵੇਗਾ?

ਘੱਟ ਸਜ਼ਾਵਾਂ ਤੇ ਸਮਾਜਿਕ ਨਪੁੰਸਕਤਾ ਹੀ ਦਿਨੋ ਦਿਨ ਅਪਰਾਧੀਆਂ ਨੂੰ ਪਹਿਲਾਂ ਨਾਲੋਂ ਹੋਰ ਭਿਆਨਕ ਤਰੀਕੇ ਸਮੂਹਕ ਜਬਰਜ਼ਨਾਹ ਤੇ ਕਤਲ ਕਰਨ ਲਈ ਉਕਸਾਉਣ ਲੱਗ ਪਏ ਹਨ। ਦਿਨੋ ਦਿਨ ਵਧਦੀ ਜਾਂਦੀ ਜਿਸਮਾਨੀ ਭੁੱਖ ਤੇ ਚੁਫ਼ੇਰੇ ਕਾਮੁਕਤਾ ਵਧਾਉਣ ਵਾਲੀਆਂ ਫ਼ਿਲਮਾਂ ਤੇ ਲੱਚਰ ਸਾਹਿਤ ਦੀ ਭਰਮਾਰ ਨੇ ਪੂਰੇ ਸਮਾਜ ਦਾ ਚਿਹਰਾ ਵਿਗਾੜ ਕੇ ਰੱਖ ਦਿੱਤਾ ਹੈ। ਔਰਤ ਵਿਰੋਧੀ ਮਾਨਸਿਕਤਾ ਤੇ ਮੱਧਯੁਗੀ ਕਦਰਾਂ ਕੀਮਤਾਂ ਹਾਲੇ ਵੀ ਔਰਤਾਂ ਨੂੰ ਜੰਜੀਰਾਂ ਵਿਚ ਜਕੜੀਆਂ ਬੈਠੀਆਂ ਹਨ। ਸਸਤੀ ਕਿਰਤ ਨਾਲ ਜੋੜ ਕੇ ਜੋ ਔਰਤ ਦੀ ਬੇਕਦਰੀ ਹੋ ਰਹੀ ਹੈ, ਉਸ ਵਿਚ ਰਾਖਸ਼ੀ ਪ੍ਰਵਿਰਤੀ ਉਭਰ ਕੇ ਸਾਹਮਣੇ ਆ ਚੁੱਕੀ ਹੈ। ਭੋਗ ਵਿਲਾਸ ਦੀ ਵਸਤੂ ਮੰਨ ਕੇ, ਦੇਹਵਾਦ ਨੂੰ ਮੁਨਾਫ਼ੇ ਦਾ ਸਰੋਤ ਮੰਨ ਲਿਆ ਗਿਆ ਹੈ।

4 ਦਸੰਬਰ 2017 ਨੂੰ ਹਿਸਾਰ ਦੇ ਮਿਲਟਰੀ ਕੈਨਟੋਨਮੈਂਟ ਵਿਚ 27 ਸਾਲਾ ਕੰਮ ਤੋਂ ਮੁੜਦੀ ਮੁਟਿਆਰ ਦਾ ਤਿੰਨ ਬੰਦਿਆਂ ਨੇ ਆਟੋ ਰਿਕਸ਼ਾ ਵਿਚ ਬਲਾਤਕਾਰ ਕਰਨ ਬਾਅਦ ਅਧਨੰਗਾ ਕਰ ਕੇ ਸੜਕ ਕਿਨਾਰੇ ਸੁੱਟ ਕੇ ਇਹ ਐਲਾਨ ਕਰ ਦਿੱਤਾ ਕਿ ਉਨਾਂ ਨੂੰ ਨਾ ਕਿਸੇ ਕਾਨੂੰਨ ਦਾ ਡਰ ਹੈ, ਨਾ ਪੁਲਿਸ ਦਾ ਤੇ ਨਾ ਹੀ ਮਿਲਟਰੀ ਦਾ! ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਸੀ:

**"ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ।**
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।"**

ਜੇ ਜ਼ੁਲਮ ਦੀ ਅਤਿ ਹੋ ਜਾਏ ਤਾਂ ਤਲਵਾਰ ਚੁੱਕਣੀ ਜਾਇਜ਼ ਹੁੰਦੀ ਹੈ। ਕੀ ਹਾਲੇ ਵੀ ਜ਼ਰੂਰਤ ਨਹੀਂ ਕਿ ਜਦੋਂ ਤੱਕ ਜਾਗਰੂਕ ਤੇ ਸੰਵੇਦਨਸ਼ੀਲ ਮਰਦ ਮੋਰਚਾ ਨਹੀਂ ਸੰਭਾਲਦੇ, ਉਦੋਂ ਤੱਕ ਹਰ ਬੱਚੀ ਘਰੋਂ ਬਾਹਰ ਨਿਕਲਣ ਲੱਗਿਆਂ ਇਕ ਬਰਛਾ, ਕਿਰਪਾਨ ਤੇ ਪੈੱਪਰ ਸਪਰੇਅ ਲੈ ਕੇ ਨਿਕਲੇ ਤੇ ਆਪ ਸ਼ਿਕਾਰ ਬਣ ਜਾਣ ਨਾਲੋਂ ਇਨਾਂ ਹੈਵਾਨਾਂ ਦਾ ਖ਼ਾਤਮਾ ਕਰ ਦੇਵੇ?

ਕਾਨੂੰਨ ਤਾਂ ਇਨਸਾਨਾਂ ਦੇ ਮਾਰੇ ਜਾਣ ਉੱਤੇ ਸਜ਼ਾ ਦਿੰਦਾ ਹੈ। ਕੀ ਇਸ ਤਰਾਂ ਦੇ ਅਣਮਨੁੱਖੀ ਕਾਰਾ ਕਰਨ ਵਾਲਿਆਂ ਨੂੰ ਇਨਸਾਨ ਮੰਨਿਆ ਜਾਵੇਗਾ? ਜੇ ਹਾਂ, ਤਾਂ ਇਹ ਵੀ ਦਸ ਦਿੱਤਾ ਜਾਵੇ ਕਿ ਔਰਤ ਜ਼ਾਤ ਨੂੰ ਕੀ ਮੰਨਿਆ ਜਾ ਰਿਹਾ ਹੈ? ਜੇ ਨਹੀਂ, ਤਾਂ ਫਿਰ ਮਾਰ ਦੇਣਾ ਆਪੇ ਜਾਇਜ਼ ਹੋ ਗਿਆ।

ਭਾਰਤ ਵਿਚ ਕੁੱਤਿਆਂ ਦੇ ਹੱਕਾਂ ਬਾਰੇ ਸਖ਼ਤ ਕਾਨੂੰਨ ਬਣਾਏ ਜਾ ਚੁੱਕੇ ਹਨ। ਗਾਵਾਂ ਉੱਤੇ ਹੱਥ ਚੁੱਕਣ ਵਾਲੇ ਵੀ ਕਤਲ ਕਰ ਦਿੱਤੇ ਜਾਂਦੇ ਹਨ। ਇਸ ਦਾ ਮਤਲਬ ਇਹ ਹੈ ਕਿ ਔਰਤ ਜ਼ਾਤ ਇਨਾਂ ਤੋਂ ਵੀ ਬਦਤਰ ਗਿਣੀ ਜਾ ਰਹੀ ਹੈ ਜਿਸ ਨੂੰ ਬੁੱਚੜਾਂ ਵਾਂਗ ਵੱਢਿਆ ਟੁੱਕਿਆ ਜਾ ਰਿਹਾ ਹੈ ਤੇ ਇਸ ਦੇ ਹੱਕ ਵਿਚ ਆਵਾਜ਼ ਚੁੱਕਣ ਦੀ ਥਾਂ ਸਿਰਫ਼ ਇਹ ਕਹਿ ਕੇ ਸਾਰ ਦਿੱਤਾ ਜਾਂਦਾ ਹੈ ਕਿ ਕਸੂਰਵਾਰ ਔਰਤ ਹੀ ਹੈ!

ਗੁੰਡਾਗਰਦੀ ਤੇ ਹੈਵਾਨੀਅਤ ਦੇ ਨਿਤ ਟੁੱਟਦੇ ਰਿਕਾਰਡ ਵੇਖਦਿਆਂ ਜੇ ਔਰਤ ਕਹੇ ਕਿ ਬੇਟੀ ਨਹੀਂ ਜੰਮਣੀ ਤਾਂ ਜੋ ਉਹ ਰਾਖਸ਼ਾਂ ਹੱਥੋਂ ਵੱਢੇ ਟੁੱਕੇ ਜਾਣ ਤੋਂ ਬਚ ਜਾਵੇ, ਤਾਂ ਕੀ ਇਸ ਦਾ ਮਤਲਬ ਹੈ ਕਿ ਔਰਤ ਔਰਤ ਦੀ ਦੁਸ਼ਮਣ ਬਣ ਗਈ ਹੈ? ਪਰ, ਕੋਈ ਤਾਂ ਦੱਸੇ ਕਿ ਕਾਨੂੰਨ ਦੇ ਘਾੜਿਆਂ ਵੱਲੋਂ ਹੈਵਾਨਾਂ ਲਈ ਕਿਹੜੀਆਂ ਸਜ਼ਾਵਾਂ ਬਣਾਈਆਂ ਗਈਆਂ ਹਨ? ਇਨਾਂ ਨੂੰ ਇਨਸਾਨਾਂ ਵਾਲੀਆਂ ਸਜ਼ਾਵਾਂ ਕਿਉਂ ਸੁਣਾਈਆਂ ਜਾ ਰਹੀਆਂ ਹਨ?

ਕਿਉਂ ਨਹੀਂ ਇਨਾਂ ਮਾਨਸਿਕ ਰੋਗੀਆਂ ਨੂੰ ਆਖ਼ਰੀ ਸਾਹ ਤਕ ਜੇਲ ਅੰਦਰ ਤਾੜ ਦਿੱਤਾ ਜਾਂਦਾ? ਕਿਉਂ ਨਹੀਂ ਇਨਾਂ ਨੂੰ ਵੀ ਜ਼ਿੰਦਗੀ ਦਾ ਹਰ ਪਲ ਤੜਫ ਕੇ ਗੁਜ਼ਾਰਨ ਉਤੇ ਮਜਬੂਰ ਕੀਤਾ ਜਾਂਦਾ?

ਕਦੇ ਤਾਂ ਅਸੰਵੇਦਨਸ਼ੀਲ ਸਮਾਜ ਆਪਣੀ ਜ਼ਿੰਮੇਵਾਰੀ ਮੰਨਦੇ ਹੋਏ ਇਹ ਕਹਿਣਾ ਛੱਡੇਗਾ ਕਿ ਔਰਤ ਔਰਤ ਦੀ ਦੁਸ਼ਮਨ ਨਹੀਂ, ਬਲਕਿ ਮਰਦ ਜ਼ਿਆਦਾ ਵੱਡਾ ਦੁਸ਼ਮਨ ਹੈ। ਉਦੋਂ ਹੀ ਸਹੀ ਮਾਅਨਿਆਂ ਵਿਚ ਅਜਿਹੇ ਭਿਆਨਕ ਕਾਰਾ ਕਰਨ ਵਾਲਿਆਂ ਉੱਤੇ ਨਕੇਲ ਕੱਸਣ ਵੱਲ ਧਿਆਨ ਜਾਵੇਗਾ।

ਕਦੇ ਤਾਂ ਚੰਗੇ ਲੋਕ ਆਪਣੀ ਚੁੱਪੀ ਤੋੜ ਕੇ ਔਰਤਾਂ ਦੇ ਹੱਕ ਵਿਚ ਆਵਾਜ਼ ਚੁੱਕਦੇ ਹੋਏ ਸਖ਼ਤ ਸਜ਼ਾਵਾਂ ਦੀ ਮੰਗ ਕਰਨਗੇ! ਆਖ਼ਰ ਕਦੇ ਤਾਂ ਹਜ਼ਾਰਾਂ ਸਾਲਾਂ ਬਾਅਦ ਔਰਤ ਨੂੰ ਵੀ ਇਨਸਾਨ ਹੋਣ ਦਾ ਦਰਜਾ ਦਿੱਤਾ ਜਾਵੇਗਾ!

ਉਮੀਦ ਉੱਤੇ ਦੁਨੀਆ ਟਿਕੀ ਹੈ! ਆਓ ਸਾਰੇ ਰਲ ਕੇ ਸਾਈਬਰ ਕਰਾਈਮ ਵਿਚ ਤਬਦੀਲੀ ਲਿਆਉਣ ਬਾਰੇ ਮੁੱਦਾ ਚੁੱਕੀਏ ਕਿ ਅਜਿਹੀਆਂ ਭਿਆਨਕ ਵੀਡੀਓਜ਼ ਅਪਲੋਡ ਕਰਨ ਵਾਲਿਆਂ ਨੂੰ ਵੀ ਉਮਰ ਕੈਦ ਮਿਲਣੀ ਚਾਹੀਦੀ ਹੈ। ਪੋਰਨ ਫਿਲਮਾਂ, ਜਿਨਾਂ ਉੱਤੇ ਕਾਰਪੋਰੇਟ ਘਰਾਣਿਆਂ ਦਾ ਪੈਸਾ ਲੱਗਿਆ ਹੋਇਆ ਹੈ, ਉਤੇ ਵੀ ਸੰਪੂਰਨ ਰੋਕ ਲੱਗਣੀ ਚਾਹੀਦੀ ਹੈ। ਅਸ਼ਲੀਲਤਾ ਤੇ ਲੱਚਰਤਾ ਪਰੋਸਣ ਵਾਲੀਆਂ ਫਿਲਮਾਂ ਤੇ ਗੀਤਾਂ ਉਤੇ ਬੈਨ ਲੱਗਣਾ ਚਾਹੀਦਾ ਹੈ। ਔਰਤ ਦੇ ਮਨੁੱਖੀ ਅਧਿਕਾਰਾਂ ਲਈ ਇਕਜੁੱਟ ਹੋ ਕੇ ਸਮਾਜਿਕ ਤਬਦੀਲੀ ਲਿਆਉਣ ਦੀ ਲੋੜ ਹੈ।

ਜਾਗਦੀ ਜ਼ਮੀਰਾਂ ਵਾਲੇ ਲੋਕਾਂ ਨੂੰ ਹੁਣ ਆਪਣੀ ਚੁੱਪੀ ਤੋੜ ਕੇ ਨਾਬਾਲਗ ਬੱਚੀਆਂ ਦੀ ਰਾਖੀ ਲਈ ਅੱਗੇ ਆਉਣਾ ਪਵੇਗਾ ਤੇ ਉਨਾਂ ਨਾਲ ਕੁਕਰਮ ਕਰਨ ਵਾਲਿਆਂ ਲਈ ਫਾਂਸੀ ਦੀ ਸਜ਼ਾ ਦੀ ਮੰਗ ਕਰਨੀ ਪਵੇਗੀ।

ਜੇ ਇਹ ਜ਼ੁਲਮ ਦੀ ਹਨੇਰੀ ਬੰਦ ਨਾ ਹੋਈ ਤਾਂ ਕੋਈ ਵੱਡੀ ਗੱਲ ਨਹੀਂ ਕਿ ਔਰਤ ਸਚਮੁੱਚ ਔਰਤ ਦੀ ਦੁਸ਼ਮਨ ਬਣਨ ਲੱਗ ਜਾਏ ਤੇ ਆਪਣੇ ਕੁੱਖੋਂ ਬੱਚੀ ਦਾ ਜੰਮਣਾ ਬੰਦ ਕਰ ਦੇਵੇ ਤਾਂ ਜੋ ਉਹ ਅਣਮਨੁੱਖੀ ਤਸੀਹਿਆਂ ਤੋਂ ਬਚ ਜਾਵੇ।

ਪਰ ਇਹ ਤਾਂ ਸੋਚੋ ਕਿ ਜੇ ਕਿਤੇ ਔਰਤ ਨੇ ਇਹ ਫੈਸਲਾ ਲੈ ਲਿਆ ਕਿ ਮੈਂ ਆਪਣੇ ਕੁੱਖੋਂ ਹੋਰ ਹੈਵਾਨਾਂ ਦਾ ਜੰਮਣਾ ਬੰਦ ਕਰ ਦੇਣਾ ਹੈ! ਕੀ ਬਣੇਗਾ ਜੇ ਕੁੱਖ ਵਿਚ ਉਹ ਮੁੰਡਿਆਂ ਨੂੰ ਮਾਰਨ ਲੱਗ ਪਈ ਤਾਂ?

ਪੈਪੂਆ ਨਿਊ ਗਿਨੀ ਵਿਚ ਇਹ ਵਾਪਰ ਚੁੱਕਿਆ ਹੈ! ਜੇ ਅਸੀਂ ਨਹੀਂ ਚਾਹੁੰਦੇ ਕਿ ਅਜਿਹਾ ਭਾਰਤ ਵਿਚ ਹੋਵੇ, ਤਾਂ ਇਸ ਤਰਾਂ ਦੇ ਭਿਆਨਕ ਜੁਰਮਾਂ ਵਿਚ ਹਰ ਹਾਲ ਠੱਲ ਪਾਉਣੀ ਪਵੇਗੀ।

ਜੇ ਹਾਲੇ ਵੀ ਕੋਈ ਸਸ ਨੂੰਹ ਦੇ ਝਗੜੇ ਨੂੰ ਆਧਾਰ ਬਣਾ ਕੇ ਔਰਤ ਨੂੰ ਔਰਤ ਦੀ ਦੁਸ਼ਮਣ ਕਹਿਣਾ ਚਾਹੁੰਦਾ ਹੈ ਤਾਂ ਉਹ ਇਨਾਂ ਤੱਥਾਂ ਬਾਰੇ ਕੀ ਕਹੇਗਾ :-

1. 71 ਫੀਸਦੀ ਔਰਤਾਂ ਆਪਣੇ ਪਤੀਆਂ ਹੱਥੋਂ ਮਾਰ ਕੁਟਾਈ, ਜ਼ਲਾਲਤ ਤੇ ਗਾਹਲਾਂ ਸੁਣ ਰਹੀਆਂ ਹਨ (ਵਰਲਡ ਹੈਲਥ ਆਰਗੇਨਾਈਜੇਸ਼ਨ ਦੇ ਅੰਕੜੇ)
2. ਅਨੇਕ ਪੁੱਤਰ ਆਪਣੇ ਪਿਓਆਂ ਦਾ ਜਾਇਦਾਦ ਖ਼ਾਤਰ ਕਤਲ ਕਰ ਚੁੱਕੇ ਹਨ। ਕਿਉਂ ਫੇਰ ਮਰਦ ਵੀ ਮਰਦ ਦਾ ਦੁਸ਼ਮਨ ਨਹੀਂ ਕਿਹਾ ਜਾਂਦਾ?

ਘਰੇਲੂ ਝਗੜਿਆਂ ਦੀ ਗੱਲ ਛੱਡ ਕੇ, ਬਿਹਤਰ ਹੈ ਛੇਤੀ ਤੋਂ ਛੇਤੀ ਬਾਲੜੀਆਂ ਉੱਤੇ ਹੋ ਰਹੀ ਹੈਵਾਨੀਅਤ ਰੋਕਣ ਵਾਸਤੇ ਠੋਸ ਕਦਮ ਚੁੱਕੇ ਜਾਣ। ਜੇ ਹਾਲੇ ਵੀ ਆਵਾਜ਼ ਨਾ ਚੁੱਕੀ ਤਾਂ ਇਹ ਅੱਗ ਸਾਡੇ ਆਪਣੇ ਘਰ ਨੂੰ ਵੀ ਹੜੱਪ ਕਰ ਜਾਏਗੀ। ਉਦੋਂ ਚੀਕਣ ਦਾ ਕੋਈ ਫਾਇਦਾ ਨਹੀਂ ਹੋਣਾ। ਅੱਜ ਲੋੜ ਹੈ ਹਰ ਪਿੰਡ ਤੇ ਸ਼ਹਿਰ ਦੇ ਨੌਜਵਾਨਾਂ ਨੂੰ ਗਰੁੱਪ ਬਣਾ ਕੇ ਵੱਡੀ ਪੱਧਰ ਉੱਤੇ ਲਹਿਰ ਖੜੀ ਕਰਨ ਦੀ ਤੇ ਅਜਿਹੇ ਹੈਵਾਨਾਂ ਦੀ ਰੱਜ ਕੇ ਨਿਖੇਧੀ ਕਰ ਕੇ ਉਨਾਂ ਦੇ ਟੱਬਰਾਂ ਦਾ ਸੰਪੂਰਨ ਬਾਈਕਾਟ ਕਰਨ ਦੀ!

ਬੱਚੀਆਂ ਦੇ ਮਾਪਿਆਂ ਲਈ ਫਿਰ ਦੁਹਰਾਉਂਦੀ ਹਾਂ ਕਿ ਆਪਣੀਆਂ ਬੱਚੀਆਂ ਨੂੰ ਸਿਹਤ ਪੱਖੋਂ ਤਗੜੇ ਕਰਨ ਲਈ ਖੇਡਾਂ, ਜੂਡੋ-ਕਰਾਟੇ, ਗਤਕਾ ਜ਼ਰੂਰ ਸਿਖਾਓ ਅਤੇ ਘਰੋਂ ਬਾਹਰ ਨਿਕਲਣ ਲੱਗਿਆਂ ਆਪਣੀ ਰਾਖੀ ਲਈ ਹਥਿਆਰ ਜ਼ਰੂਰ ਫੜਾਓ

**ਬਾਕੀ ਸਫ਼ਾ 31 'ਤੇ**

## ਬੱਚਿਆਂ ਲਈ

# ਜ਼ਿੰਦਗੀ ਦੇ ਅਨਮੋਲ ਪ੍ਰਵਚਨ

**- ਮਾਸਟਰ ਨਿਰਮਲ ਸਿੰਘ ਲਾਲੀ**
530-777-0955

ਮਨੁੱਖ ਨੂੰ ਆਪਣੀ ਸਿਹਤ ਦਾ ਖਿਆਲ ਰੱਖਣਾ ਚਾਹੀਦਾ ਹੈ ਕਿਉਂਕਿ ਸਿਆਣਿਆਂ ਦਾ ਕਥਨ ਹੈ, ਹੈਲਥ ਇਜ਼ ਵੈਲਥ, ਸਿਹਤ ਹੀ ਧਨ ਹੈ। ਇਸ ਲਈ ਸਭ ਤੋਂ ਪਹਿਲਾਂ ਬੱਚੇ ਨੂੰ ਚੰਗੀ ਸਿਹਤ ਤੇ ਚੰਗੇ ਇਨਸਾਨ ਬਣਨ ਦੀ ਸਿੱਖਿਆ ਦੇਣੀ ਚਾਹੀਦੀ ਹੈ। ਬੱਚੇ ਨੇ ਜੀਵਨ ਵਿਚ ਕੀ ਕਰਨਾ ਹੈ, ਭਾਵ ਡਾਕਟਰ ਬਣਨਾ ਹੈ, ਇੰਜੀਨੀਅਰ, ਅਧਿਆਪਕ ਜਾਂ ਵਕੀਲ ਬਣਨਾ ਹੈ ਜਾਂ ਕੁਝ ਹੋਰ ਬਣਨਾ ਹੈ। ਇਹ ਬਾਅਦ ਦੀ ਗੱਲ ਹੈ। ਬੱਚੇ ਨੂੰ ਜੀਵਲ ਵਿਚ ਕੁਝ ਬਣਨ ਲਈ ਇਹ ਜ਼ਰੂਰੀ ਹੈ ਕਿ ਬੱਚਾ ਆਪਣੀ ਰੁਚੀ ਦੇਖੇ ਕਿ ਉਸ ਦੀ ਰੁਚੀ ਕਿਸ ਕੰਮ ਵਿਚ ਹੈ। ਹਰ ਬੱਚਾ ਹਰ ਕੰਮ ਨਹੀਂ ਕਰ ਸਕਦਾ। ਦੂਜੀ ਗੱਲ ਮਨੁੱਖ ਵਿਚ ਕੁਝ ਅਜਿਹੇ ਔਗੁਣ ਹਨ ਜਿਹੜੇ ਮਨੁੱਖ ਨੂੰ ਪਸ਼ੂਆਂ ਨਾਲੋਂ ਵੀ ਮਾੜਾ ਬਣਾ ਦਿੰਦੇ ਹਨ।

ਮਨੁੱਖ ਦੇਖਣ ਨੂੰ ਤਾਂ ਮਨੁੱਖ ਲਗਦਾ ਹੈ ਪਰ ਇਸ ਦੇ ਕੰਮ ਪਸ਼ੂਆਂ ਨਾਲੋਂ ਵੀ ਮਾੜੇ ਹਨ ਜਿਵੇਂ ਗੁਰਬਾਣੀ ਵਿਚ ਵੀ ਗੁਰੂ ਜੀ ਫਰਮਾਉਂਦੇਹਨ ਕਿ ਪਸ਼ੂ ਤਾਂ ਮਰ ਕੇ ਵੀ ਕਈ ਕੰਮ ਸੁਆਰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ 'ਕਰਤੂਤਿ ਪਸੂ ਕੀ ਮਾਨਸ ਜਾਤਿ।'

ਇਸ ਦਾ ਅਰਥ ਇਹ ਹੋਇਆ ਕਿ ਮਨੁੱਖ ਨੂੰ ਮਨੁੱਖ ਬਣਨ ਲਈ ਆਪਣੇ ਆਪ ਨੂੰ ਸੁਆਰਨ ਦੀ ਲੋੜ ਹੈ, ਭਾਵ ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਆਪ ਦੀ ਪੜਚੋਲ ਕਰੇ। ਆਪਣੇ ਆਪ ਦੇ ਗੁਣ ਔਗੁਣਾਂ ਦੀ ਪਰਖ ਕਰੇ। ਆਪਣੇ ਔਗੁਣ ਨੂੰ ਦੂਰ ਕਰਕੇ ਆਪਣੇ ਵਿਚ ਗੁਣ ਪੈਦਾ ਕਰੇ। ਇਹ ਗੁਣ ਪੈਦਾ ਕਿਵੇਂ ਕੀਤੇ ਜਾਣ? ਇਹ ਤਰੀਕਾ ਇਹ ਹੈ ਜਿਵੇਂ ਗੁਰੂ ਸਾਹਿਬਾਨ ਫਰਮਾਉਂਦੇ ਹਨ ਕਿ ਪ੍ਰਮਾਤਮਾ ਦਾ ਸਿਮਰਨ ਕਰਕੇ ਭਾਵ ਨਾਮ ਜਪੁ ਕੇ ਕਿਉਂਕਿ ਨਾਮ ਜਪਣ ਨਾਲ ਮਨ ਸ਼ੁੱਧ ਹੋ ਜਾਂਦਾ ਹੈ। ਭਾਵ ਵਿਵੇਕ ਬੁੱਧੀ ਪ੍ਰਾਪਤ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਵਿਚ ਫਰਮਾਉਂਦੇ ਹਨ,

**'ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥**
**ਮੂਤ ਪਲੀਤੀ ਕਪੜੁ ਹੋਇ। ਦੇਹ ਸਾਬੂਣੁ ਲਈਐ ਓਹੁ ਧੋਇ।**
**ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥'**

ਦੂਜਾ ਤਰੀਕਾ ਮਨੁੱਖ ਲਈ ਆਪਣੇ ਆਪ ਨੂੰ ਸੁਆਰਨ ਦਾ ਇਹ ਹੈ ਕਿ ਔਗੁਣਾਂ ਨੂੰ ਖਤਮ ਕਰਕੇ ਮਨੁੱਖੀ ਗੁਣਾਂ ਨੂੰ ਘੋਟਾ ਲਾ ਕੇ ਯਾਦ ਕੀਤਾ ਜਾਵੇ ਅਤੇ ਉਨਾਂ ਗੁਣਾਂ ਦੀ ਰੋਜ਼ਾਨਾ ਜੀਵਨ ਵਿਚ ਵਰਤੋਂ ਕੀਤੀ ਜਾਵੇ ਜਿਵੇਂ ਕੁਝ ਵਿਦਿਆਰਥੀ ਬੁੱਧੀਮਾਨ ਹੁੰਦੇ ਅਤੇ ਉਹ ਪੜਾਈ ਦਿਮਾਗ ਨਾਲ ਕਰਦੇ ਹਨ, ਪਰ ਕੁਝ ਵਿਦਿਆਰਥੀ ਬੁੱਧੀਮਾਨ ਨਹੀਂ ਹੁੰਦੇ ਅਤੇ ਉਹ ਘੋਟਾ ਲਾ ਕੇ ਪੜਾਈ ਯਾਦ ਕਰ ਲੈਂਦੇ ਹਨ।

ਮੈਂ ਤੁਹਾਨੂੰ ਬਹੁਤ ਹੀ ਸੰਖੇਪ ਵਿਚ ਕੁਝ ਸੁਝਾਅ ਦੇ ਰਿਹਾ ਹਾਂ ਜਿਹੜੇ ਤੁਹਾਡੇ ਜੀਵਨ ਪੰਧ ਨੂੰ ਰੌਸ਼ਨ ਕਰ ਸਕਦੇ ਹਨ।

ਪਹਿਲੀ ਗੱਲ ਮਨੁੱਖ ਨੂੰ ਆਪਣੀ ਸਿਹਤ ਦਾ ਖਿਆਲ ਰੱਖਣਾ ਚਾਹੀਦਾ ਹੈ, ਕਿਉਂਕਿ ਸਿਆਣਿਆ ਦਾ ਕਥਨ ਹੈ, ਹੈਲਥ ਇਜ਼ ਵੈਲਥ, ਸਿਹਤ ਹੀ ਧੰਨ ਹੈ। ਇਸ ਲਈ ਸਭ ਤੋਂ ਪਹਿਲਾਂ ਬੱਚੇ ਨੂੰ ਚੰਗੀ ਸਿਹਤ ਤੇ ਚੰਗੇ ਇਨਸਾਨ ਬਣਨ ਦੀ ਸਿੱਖਿਆ ਦੇਣੀ ਚਾਹੀਦੀ ਹੈ। ਬੱਚੇ ਨੇ ਜੀਵਨ ਵਿਚ ਕੀ ਕਰਨਾ ਹੈ, ਭਾਵ ਡਾਕਟਰ ਬਣਨਾ ਹੈ, ਇੰਜੀਨੀਅਰ, ਅਧਿਆਪਕ ਜਾਂ ਵਕੀਲ ਬਣਨਾ ਹੈ ਜਾਂ ਕੁਝ ਹੋਰ ਬਣਨਾ ਹੈ। ਇਹ ਬਾਅਦ ਦੀ ਗੱਲ ਹੈ। ਬੱਚੇ ਨੂੰ ਜੀਵਲ ਵਿਚ ਕੁਝ ਬਣਨ ਲਈ ਇਹ ਜ਼ਰੂਰੀ ਹੈ ਕਿ ਬੱਚਾ ਆਪਣੀ ਰੁਚੀ ਦੇਖੇ ਕਿ ਉਸ ਦੀ ਰੁਚੀ ਕਿਸ ਕੰਮ ਵਿਚ ਹੈ। ਹਰ ਬੱਚਾ ਹਰ ਕੰਮ ਨਹੀਂ ਕਰ ਸਕਦਾ।

ਦੂਜੀ ਗੱਲ ਮਨੁੱਖ ਵਿਚ ਕੁਝ ਅਜਿਹੇ ਔਗੁਣ ਹਨ ਜਿਹੜੇ ਮਨੁੱਖ ਨੂੰ ਪਸ਼ੂਆਂ ਨਾਲੋਂ ਵੀ ਮਾੜਾ ਬਣਾ ਦਿੰਦੇ ਹਨ, ਜਿਵੇਂ ਗੁਰੂ ਜੀ ਵੀ ਫਰਮਾਉਂਦੇ ਹਨ ਕਾਮ, ਕ੍ਰੋਧ, ਲੋਭ, ਅਹਿਕਾਰ ਅਤੇ ਈਰਖਾ। ਇਨਾਂ ਔਗੁਣਾਂ ਦਾ ਮਨੁੱਖ ਤਿਆਗ ਕਰੇ, ਪਾਵ ਇਨਾਂ ਦੀ ਦੁਰਵਰਤੋਂ ਤੋਂ ਆਦਮੀ ਜਿਵੇਂ ਅੱਜ ਕੱਲ ਸਮਾਜ ਵਿਚ ਹੋ ਰਿਹਾ ਹੈ, ਬਲਾਤਕਾਰ, ਕਤਲ, ਲੁੱਟਾਂ ਖੋਹਾਂ ਆਦਿ ਦੀਆਂ ਘਟਨਾਵਾਂ ਨਿੱਤ ਵਾਪਰ ਰਹੀਆਂ ਹਨ। ਅਹਿਕਾਰ, ਈਰਖਾ ਮਨੁੱਖ ਦਾ ਬਹੁਤ ਭੈੜਾ ਔਗੁਣ ਹੈ।

ਅਹਿਕਾਰੀ ਅਤੇ ਈਰਖਾਲੂ ਮਨੁੱਖ ਪਤਾ ਨਹੀਂ ਸਮਾਜ ਵਿਚ ਵੀ ਕੁਝ ਗਲਤ ਕਰਦਾ ਹੈ। ਈਰਖਾ ਵਸ ਹੋ ਕੇ ਮਨੁੱਖ ਪਤਾ ਨਹੀਂ ਆਪ ਚੰਗਾ ਬਣਨ ਤੇ ਦੂਜੇ ਨੂੰ ਮਾੜਾ ਬਣਾਉਣ ਲਈ ਕੀ ਕੀ ਪਾਪੜ ਵੇਲਦਾ ਹੈ? ਈਰਖਾ ਕਰਨ ਦੀ ਥਾਂ ਆਪਣੇ ਆਪ ਨੂੰ ਤੇ ਦੂਜੇ ਨੂੰ ਸਵੀਕਾਰ ਕਰੋ ਨਾ ਕਿ ਈਰਖਾ ਅਤੇ ਅਹਿਕਾਰ ਦੀ ਅੱਗ ਵਿਚ ਸੜਦੇ ਰਹੋ।

ਤੀਜੀ ਗੱਲ, ਮਨੁੱਖ ਨੂੰ ਚਾਹੀਦਾ ਹੈ ਕਿ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਨਸ਼ੀਲਤਾ, ਨਿਮਰਤਾ, ਸਬਰ ਸੰਤੋਖ ਦਾ ਧਾਰਨੀ ਬਣੇ। ਦੂਜਿਆਂ ਲਈ ਵੀ ਜਿਉਣਾ ਸਿੱਖੇ।

ਸ੍ਰੀ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ,

**'ਮਿਠੁਤ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ।'**

ਚੌਥੀ ਗੱਲ ਬਹੁਤ ਜ਼ਰੂਰੀ ਹੈ ਜਿਸ ਨੂੰ ਜ਼ਿੰਦਗੀ ਦਾ ਅਧਾਰ ਬਣਾਉਣਾ ਚਾਹੀਦਾ ਹੈ। ਸਿੱਖ ਧਰਮ ਇਕ ਜੀਵਨ ਜਾਚ ਹੈ। ਕੇਸ ਦਾੜੀ ਰੱਖਣੀ, ਨਾਮ ਜਪੁਣਾ, ਕਿਰਤ ਕਰਨੀ ਤੇ ਵੰਡ ਛਕਣਾ ਸਿੱਖ ਸਿਧਾਂਤ ਦੇ ਮੁਢਲੇ ਸਿਧਾਂਤ ਹਨ।

ਖ਼ਾਲਸਾ ਬਣਲ ਲਈ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਣ ਦੀ ਪ੍ਰਥਾ ਆਰੰਭ ਕੀਤੀ। ਪੰਜਾਂ ਕਕਾਰਾਂ ਦਾ ਅਰਥ ਇਹ ਸੀ ਕਿ ਮਨੁੱਖ ਨੇ ਗਲਤ ਕੰਮ ਨਹੀਂ ਕਰਨੇ ਭਾਵ ਮਨੁੱਖ ਖਾਲਸ ਬਣੇ ਸ਼ੁੱਧ, ਪਵਿੱਤਰ, ਛਲ ਕਪਟ ਤੋਂ ਰਹਿਤ।

ਮੇਰਾ ਕਹਿਣਾ ਹੈ ਕਿ ਜੇ ਮਨੁੱਖ ਇਹ ਸਭ ਭਾਵ ਕੇਸ ਦਾੜੀ, ਨਹੀਂ ਰੱਖ ਸਕਦਾ, ਸ਼ਰਾਬ ਨਹੀਂ ਛੱਡ ਸਕਦਾ, ਸਿਮਰਨ ਵੀ ਨਹੀਂ ਕਰ ਸਕਦਾ ਅਤੇ ਅੰਮ੍ਰਿਤ ਵੀ ਨਹੀਂ ਛਕਦਾ ਤਾਂ ਘੱਟੋ ਘੱਟ ਮਨੁੱਖ ਹੇਠ ਲਿਖੇ ਕੰਮ ਦਾਂ ਨਾ ਕਰੇ। ਜੇ ਮਨੁੱਖ ਆਪਣਾ ਜੀਵਨ ਸੁਖਮਈ, ਸ਼ਾਂਤ ਸੰਤੁਸ਼ਟ ਅਤੇ ਖ਼ੁਸ਼ਹਾਲ ਬਣਾਉਣਾ ਚਾਹੁੰਦਾ ਹੈ, ਗ਼ਲਤ ਕੰਮ ਨਾ ਕਰੇ ਜਿਵੇਂ ਸ੍ਰੀ ਗੁਰੂ ਅਮਰਦਾਸ ਫਰਮਾਉਂਦੇ ਹਨ, 'ਐਸਾ ਕੰਮ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ।' ਸ਼ੁਭ ਕਰਮ ਕਰੋ, ਸ਼ੁਭ ਅਮਲਾਂ ਤੇ ਹੋਣੇ ਨੇ ਨਿਬੇੜੇ, ਜਾਤ ਕਿਸੇ ਪੁੱਛਣੀ ਨਹੀਂ।

ਕਿਸੇ ਦਾ ਬੁਰਾ ਨਾ ਕਰੋ
ਕਿਸੇ ਨਾਲ ਧੋਖਾ ਨਾ ਕਰੋ।
ਕਿਸੇ ਦਾ ਦਿਲ ਨਾ ਦੁਖਾਓ।
ਕਿਸੇ ਦਾ ਹੱਕ ਨਾ ਮਾਰੋ।
ਜਿਵੇਂ ਗੁਰੂ ਜੀ ਫਰਮਾਉਂਦੇ ਹਨ :
'ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।'

ਆਪਣੀ ਜ਼ਿੰਮੇਵਾਰੀ ਤੇ ਫਰਜ਼ ਨੂੰ ਸਮਝੋ। ਸਿੱਖਣ ਦੀ ਆਦਤ ਪਾਓ, ਜਿਵੇਂ ਗੁਰੂ ਜੀ ਫਰਮਾਉਂਦੇ ਹਨ :

**ਸਿਖੀ ਸਿਖਿਆ ਗੁਰ ਵੀਚਾਰ।**

ਜੋ ਹੈ ਸੋਈ ਦਿਸੇ ਭਾਵ ਦਿਖਾਵਾ ਨਾ ਕਰੋ।

ਮਨੁੱਖ ਦੀ ਕਹਿਣੀ ਤੇ ਕਰਨੀ ਇਕ ਹੋਣੀ ਚਾਹੀਦੀ ਹੈ, ਪੂਰਨ ਮਨੁੱਖ ਬਣੋ।

ਭੈੜੀ ਸੰਗਤ ਤੋਂ ਬਚੋ। ਆਪਣੇ ਜੀਵਨ ਮਨੋਰਥ ਭਾਵ ਆਪਣੇ ਕਿੱਤੇ ਦੀ ਚੋਣ ਕਰਨ ਵਾਲੇ ਆਪਣੀ ਮਾਨਸਿਕਤਾ ਸਰੀਰਕ ਅਤੇ ਆਪਣੀ ਰੁਚੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਹਰ ਵੇਲੇ ਆਪਣੇ ਮਨੋਰਥ ਨੂੰ ਸਾਹਮਣੇ ਰੱਖੋ। ਆਪਣੇ ਮਨੋਰਥ ਨੂੰ ਪ੍ਰਾਪਤ ਕਰਨ ਲਈ ਮਨੁੱਖ ਨੂੰ ਹਿੰਮਤ, ਮਿਹਨਤ, ਲਗਨ, ਉਦਮ ਅਤੇ ਉਤਸ਼ਾਹ ਦੀ ਲੋੜ ਹੁੰਦੀ ਹੈ।

ਮੇਰੀ ਨਿਗਾਹ ਮੰਜ਼ਿਲ ਪੇ ਹੋਤੀ ਹੈ,
ਮੈਨੇ ਕਭੀ ਮੀਲ ਪੱਥਰ ਕੋ ਨਹੀਂ ਦੇਖਾ।
ਮੰਜ਼ਿਲ ਉਨ ਹੀ ਕੋ ਮਿਲਤੀ ਹੈ,
ਜਿੰਨ ਕੇ ਸੁਪਨੋਂ ਮੇਂ ਜਾਨ ਹੋਤੀ ਹੈ।
ਪੰਖੋਂ ਸੇ ਕੁਝ ਨਹੀਂ ਹੋਤਾ,
ਉਡਾਨ ਹੌਸਲੋਂ ਸੇ ਹੋਤੀ ਹੈ।

ਦੂਜਿਆਂ ਨਾਲ ਅਜਿਹਾ ਵਤੀਰਾ ਕਰੋ ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ। ਉਹ ਮਹਾਨ ਹੁੰਦੇ ਹਨ ਜਿਹੜੇ ਹੱਕ, ਸੱਚ, ਇਨਸਾਫ਼ ਤੇ ਮਨੁੱਖਤਾ ਲਈ ਜਿਉਂਦੇ ਹਨ।

---

# ਫੁਕਰਾਪੰਥੀ ਗੀਤਾਂ ਦੁਆਲੇ ਨੌਜਵਾਨੀ ਦਾ ਵਧ ਰਿਹਾ ਘੇਰਾ ਖਤਰੇ ਦੀ ਘੰਟੀ

## ਪੰਜਾਬੀ ਗਾਇਕੀ 'ਚ ਨਸ਼ਾ , ਬੰਦੂਕ 'ਤੇ ਬਦਮਾਸ਼ੀ ਹੋਈ ਭਾਰੂ



**- ਮਨਜਿੰਦਰ ਸਿੰਘ ਸਰੌਦ**
(ਮਾਲੇਰਕੋਟਲਾ) 94634 -63136

ਪਿਛਲੇ ਲੰਬੇ ਸਮੇਂ ਤੋਂ ਪੰਜਾਬੀ ਗਾਇਕੀ ਅੰਦਰ ਝੁੱਲ ਰਹੀ ਅਸ਼ਲੀਲਤਾ , ਹਥਿਆਰ ਅਤੇ ਬਦਮਾਸੀ ਦੀ ਹਨੇਰੀ ਨੇ ਸਾਰੇ ਹੱਦ ਬੰਨਿਆਂ ਨੂੰ ਪਾਰ ਕਰਦਿਆਂ ਨਵੀਆਂ ਨਿਵਾਣਾਂ ਨੂੰ ਛੂਹ ਲਿਐ । ਕਦੇ ਕਿਸੇ ਨੇ ਸੋਚਿਆ ਵੀ ਨਹੀਂ ਹੋਣਾ ਕਿ ਸੱਭਿਆਚਾਰ ਦੀਆਂ ਕੋਮਲ ਸਿਨਫਾਂ ਦੇ ਤੌਰ 'ਤੇ ਜਾਣੀ ਜਾਂਦੀ ਪੰਜਾਬੀ ਗਾਇਕੀ ਦੀ ਸੇਵਾ ਕਰਨ ਦੇ ਨਾਂਅ 'ਤੇ ਮੇਵਾ ਛਕਣ ਵਾਲੇ ਕਲਾਕਾਰਾਂ 'ਤੇ ਪਰਚੇ ਦਰਜ ਹੋਣਗੇ ਅਤੇ ਉਨਾਂ ਦੀਆਂ ਮਾਰੀਆਂ ਯਬਲੀਆਂ ਸਮਾਜ ਵਿੱਚ ਬਖੇੜਾ ਖੜਾ ਕਰਨਗੀਆਂ । ਕਈ ਫੁਕਰਾਪੰਥੀ ਕਲਾਕਾਰਾਂ ਦੀ ਬਦੌਲਤ ਸਮੇਂ ਨੇ ਐਸਾ ਮੋੜਾ ਕੱਟਿਆ ਕਿ ਸਾਡੀ ਨੌਜਵਾਨੀ ਸਭ ਕੁਝ ਭੁੱਲ ਕੇ ਇਨਾਂ ਦੇ ਗਾਏ ਮਾੜੇ ਗੀਤਾਂ ਦੇ ਮਗਰ ਹੋ ਤੁਰੀ, ਕਿਸੇ ਨੇ ਇਹ ਵੇਖਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਕਿ ਇਹ ਰਸਤਾ ਕਿੱਧਰ ਨੂੰ ਜਾਂਦੈ ।

ਪੰਜਾਬੀ ਸੱਭਿਆਚਾਰ ਦੀ ਸੇਵਾ ਕਰਨ ਦੇ ਨਾਂ ਤੇ ਸਾਡੇ ਕਈ ਕਲਾਕਾਰਾਂ ਨੇ ਉਹ ਕੁੱਝ ਕਰ ਵਿਖਾਇਆ ,ਜਿਸ ਨੂੰ ਸੋਚ ਅਤੇ ਵੇਖ ਚੰਗੇ ਇਨਸਾਨ ਦੀ ਰੂਹ ਤੱਕ ਕੰਬ ਜਾਵੇ ,ਕਹਿਣ ਸੁਣਨ ਨੂੰ ਭਾਵੇਂ ਇਹ ਕਲਾਕਾਰ ਜਾਪਦੇ ਨੇ ਪਰ ਇਨਾਂ ਦੀਆਂ ਹਰਕਤਾਂ ਅਤੇ ਪਹਿਰਾਵੇ ਤੋਂ ਇਹ ਚੰਬਲ ਦੇ ਡਾਕੂਆਂ ਤੋਂ ਵੀ ਭੈੜੇ ਵਿਖਾਈ ਦਿੰਦੇ ਹਨ । ਵਰਿਆਂ ਤੋਂ ਸ਼ੁਰੂ ਹੋਈ ਇਹ ਅਨੋਖੀ ਕਹਾਣੀ ਅੱਜ ਵੀ ਰੁੱਕਣ ਦਾ ਨਾਮ ਨਹੀਂ ਲੈ ਰਹੀ ਪਹਿਲਾਂ ਤੋਂ ਹੀ ਵਾਹਣੀ ਪਈ ਨੌਜਵਾਨੀ ਤੋਂ ਹੋਰ ਲਾਹਾ ਖੱਟਣ ਦੀ ਤਾਕ ਵਿੱਚ ਫੁਕਰਾਪੰਥੀ ਕਲਾਕਾਰਾਂ ਨੇ ਸਾਰੀਆਂ ਹੱਦਾਂ ਪਾਰ ਕਰਦਿਆਂ ਆਪਸ ਵਿੱਚ ਲੜਾਈ ਦੇ ਡਰਾਮੇ ਕਰ ਰਹਿੰਦੀ ਕਸਰ ਵੀ ਪੂਰੀ ਕਰ ਦਿੱਤੀ ।

ਇੱਕ ਕਲਾਕਾਰ ਸ਼ਰੇਆਮ ਦੂਜੇ ਨੂੰ ਚੰਗਾ ਮੰਦਾ ਆਖ ਮਾਵਾਂ ਭੈਣਾਂ ਦੀਆਂ ਗਾਲਾਂ ਕੱਢਣ ਤੋਂ ਵੀ ਗੁਰੇਜ਼ ਨਹੀਂ ਕਰ ਰਿਹਾ,ਸਮਾਂ ਬੰਨ ਕੇ ਲੜਾਈ ਲੜਨ ਦੇ ਨਾਂ ਤੇ ਇੱਕ ਦੂਜੇ ਦੀਆਂ ਕੁੜੀਆਂ ਚਿੜੀਆਂ ਨੂੰ ਪੁਣਦੇ ਇਹ ਲੋਕ ਇਹ ਗੱਲ ਸਮਝਣ ਤੋਂ ਇਨਕਾਰੀ ਹਨ ਕਿ ਇਨਾਂ ਗੱਲਾਂ ਦਾ ਨੌਜਵਾਨੀ 'ਤੇ ਕੀ ਅਸਰ ਪਵੇਗਾ । ਲੰਘੇ ਦਿਨੀਂ ਕਈ ਫੁਕਰਾਪੰਥੀ ਕਲਾਕਾਰਾਂ ਵੱਲੋਂ ਸਰੇਆਮ ਵੀਡੀਓ ਬਣਾ ਕੇ ਇੱਕ ਦੂਜੇ ਨੂੰ ਵੇਖ ਲੈਣ ਦੀਆਂ ਧਮਕੀਆਂ ਦਿੱਤੀਆਂ ਅਤੇ ਫਿਰ ਕਬੱਡੀ ਕੱਪਾਂ ਉੱਤੇ ਦਰਸ਼ਕਾਂ ਦੀ ਵੱਡੀ ਗਿਣਤੀ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਦੇ ਲਈ ਰੱਜ ਕੇ ਊਲ-ਜਲੂਲ ਬੋਲਣ ਤੋਂ ਬਾਅਦ ਚੰਗੀਆਂ ਸੁਰਖੀਆਂ ਬਟੋਰੀਆਂ ਗਈਆਂ ।

ਇੱਕ ਗੱਲ ਸਮਝ ਤੋਂ ਬਾਹਰ ਦੀ ਹੈ ਕਿ ਅਜਿਹਾ ਕਲਾਕਾਰ ਵਰਗ ਆਖਰ ਚਾਹੁੰਦਾ ਕੀ ਹੈ ਪੈਸੇ ਦੀ ਘਾਟ ਤਾਂ ਇਨਾਂ ਨੇ ਕਈ ਸਾਲਾਂ ਤੋਂ ਪੂਰੀ ਕਰ ਲਈ ਹੈ , ਰੱਜ ਕੇ ਪੈਸਾ ਕਮਾਉਣ ਤੋਂ ਬਾਅਦ ਵੀ ਇਹ ਲੋਕ ਬਾਂਦਰ ਟਪੂਸੀਆਂ ਮਾਰਨੋ ਬਾਜ ਕਿਉਂ ਨਹੀਂ ਆਉਂਦੇ, ਸ਼ਾਇਦ ਪੜਾਈ ਅਤੇ ਸੰਸਕਾਰਾਂ ਦੀ ਘਾਟ ਇਨਾਂ ਲੋਕਾਂ ਨੂੰ ਇੱਕ ਚੰਗਾ 'ਤੇ ਸਿਆਣਾ ਇਨਸਾਨ ਨਹੀਂ ਬਣਨ ਦੇ ਰਹੀ । ਸੋਚ ਕੇ ਵੇਖੀਏ ਤਾਂ ਕਲੇਜਾ ਮੂੰਹ ਨੂੰ ਆਉਂਦਾ ਹੈ ਕਿ ਮਾਂ ਬੋਲੀ ਦੀ ਸੇਵਾ ਕਰਨ ਵਾਲੇ ਲੋਕਾਂ ਦੇ ਉੱਤੇ ਆਪਣੀ ਹੀ ਮਾਂ ਬੋਲੀ ਦਾ ਨਿਰਾਦਰ ਕਰਨ ਦੇ ਦੋਸ਼ੀ ਹੋਣ ਦਾ ਮਾਮਲਾ ਦਰਜ ਹੋਵੇਗਾ , ਕਦੇ ਕਿਸੇ ਨੇ ਸੋਚਿਆ ਸੀ ਕਿ ਕਲਾਕਾਰਾਂ ਨੂੰ ਗੀਤਾਂ ਦੀ ਗਲਤ ਸ਼ਬਦਾਵਲੀ ਬਦਲੇ ਅਦਾਲਤਾਂ ਵੱਲੋਂ ਸੰਮਣ ਆਉਣਗੇ ,ਅਤੇ ਉਨਾਂ ਨੂੰ ਥਾਣੇ ਕਚਹਿਰੀਆਂ ਵਿੱਚ ਇਸ ਲਈ ਜਾਣਾ ਪਵੇਗਾ ਕਿ ਉਹ ਮਾਂ ਬੋਲੀ ਦੀ ਦੁਰਗਤ ਕਰ ਰਹੇ ਹਨ ।

ਸਮਾਂ ਆਪਣਾ ਹਿਸਾਬ ਜ਼ਰੂਰ ਮੰਗਦਾ ਹੈ ਇਕ ਪਾਸੇ ਜਿਹੋ- ਜਿਹਾ ਇਨਾਂ ਕਲਾਕਾਰਾਂ ਵੱਲੋਂ ਬੀਜਿਆ ਗਿਆ ਉਹੋ-ਜਿਹੀ ਫਸਲ ਇਨਾਂ ਨੂੰ ਵੱਢਣੀ ਪੈ ਰਹੀ ਹੈ , ਕਦੇ ਸਰੋਤਿਆਂ ਵੱਲੋਂ ਸ਼ਰੇਆਮ ਸਟੇਜਾਂ 'ਤੇ ਚੜ ਕੇ ਇਨਾਂ ਕਲਾਕਾਰਾਂ ਦੀ ਬੇਇਜ਼ਤੀ ਕੀਤੀ ਜਾਂਦੀ ਹੈ ਅਤੇ ਕਦੇ ਕਿਸੇ ਮਹਿਲਾ ਕਲਾਕਾਰ ਦਾ ਹੱਥ ਫੜ ਕੇ ਉਸ ਨੂੰ ਧੂਹ ਲਿਆ ਜਾਂਦਾ ਹੈ । ਕਿਉਂ ਹੋ ਰਿਹਾ ਇਹ ਸਭ ਕੁਝ, ਕਿਸ ਦੀ ਜ਼ਿੰਮੇਵਾਰੀ ਬਣਦੀ ਹੈ, ਇਹ ਸਭ ਕੁਝ ਨੌਜਵਾਨਾਂ ਨੂੰ ਕਿੱਥੋਂ ਮਿਲਿਆ ,ਸਾਡਾ ਵਿਰਸਾ ਅਤੇ ਇਤਿਹਾਸ ਅਜਿਹਾ ਨਹੀਂ ਸੀ, ਅਸੀਂ ਜਾਣ ਬੁਝਕੇ ਚੰਦ ਛਿੱਲੜਾਂ ਦੀ ਖਾਤਰ ਨੌਜਵਾਨੀ ਨੂੰ ਗਲਤ ਰਸਤੇ 'ਤੇ ਤੋਰਿਆ ਉਸ ਦਾ ਨਤੀਜਾ ਤਾਂ ਸਾਨੂੰ ਭੁਗਤਣਾ ਪੈਣਾ ਹੀ ਸੀ । ਪਿੰਡਾਂ ਵਿੱਚੋਂ ਕੁੜੀਆਂ ਚੁੱਕਣ ਤੋਂ ਲੈ ਕੇ ਬਦਮਾਸੀ ਦੇ ਚਿੱਠਿਆਂ , ਆਸ਼ਕੀ , ਨਸ਼ਾ , ਅਜਿਹਾ ਕੁਝ ਨਹੀਂ ਬਚਿਆ ਜੋ ਇਨਾਂ ਕਲਾਕਾਰਾਂ ਵੱਲੋਂ ਨੌਜਵਾਨੀ ਅੱਗੇ ਪਰੋਸਿਆ ਨਾ ਗਿਆ ਹੋਵੇ ਜਿਸ ਦਾ ਅਸਰ ਸੁਭਾਵਿਕ ਹੈ ।

ਪੰਜਾਬ ਅੰਦਰ ਵਿਆਹਾਂ ਮੌਕੇ ਫੁਕਰਾਪੰਥੀ ਗੀਤਾਂ 'ਤੇ ਨੌਜਵਾਨੀ ਵੱਲੋਂ ਜੋ ਖਰੂਦ ਪਾਇਆ ਜਾਂਦੈ ਹੈ ਉਹ ਇੱਕ ਵੱਡੀ ਚਿੰਤਾ ਦੇ ਵਿਸ਼ੇ ਵਜੋਂ ਸਾਹਮਣੇ ਆ ਰਿਹੈ , ਕਿੰਝ ਰਿਸ਼ਤਿਆਂ ਨੂੰ ਤਾਰ-ਤਾਰ ਕਰਦੇ ਬੇਹੂੱਦੇ ਸ਼ਬਦਾਂ 'ਤੇ ਇੱਕ ਦੂਜੇ ਵੱਲ ਅਰਜਨ ਦੇ ਤੀਰ ਦੀ ਤਰਾਂ ਉਂਗਲੀਆਂ ਕਰਕੇ ਨਿਸ਼ਾਨੇ ਲਾਏ ਜਾਂਦੇ ਨੇ , ਸਾਹਮਣੇ , ਉਂਗਲੀਆਂ ਕਰਨ ਵਾਲੇ ਦੀ ਮਾਂ ਹੋਵੇ ਭਾਵੇਂ ਭੈਣ ਕੁਝ ਵੀ ਫ਼ਰਕ ਨਹੀਂ । ਵਿੱਦਿਅਕ ਅਦਾਰਿਆਂ ਦੇ ਅੱਗੇ ਗੀਤਾਂ ਦੀ ਸ਼ਬਦਾਵਲੀ ਨੂੰ ਵਿਗਾੜ ਕੇ ਧੀਆਂ ਧਿਆਣੀਆਂ ਨੂੰ ਪ੍ਰੇਸ਼ਾਨ ਕਰਨਾ ਵਿਗੜੀ ਮੁਡੀਰ ਦੀ ਨਿੱਤ ਦੀ ਕਹਾਣੀ ਬਣ ਚੁੱਕੀ ਹੈ ਆਖਰ ਕਿੱਥੇ ਜਾ ਕੇ ਰੁਕੇਗਾ ਇਹ ਵਰਤਾਰਾ ਇਸ ਨੂੰ ਸੋਚ ਚੰਗਾ ਭਲਾ ਇਨਸਾਨ ਤਰੇਲੀਓ-ਤਰੇਲੀ ਹੋ ਜਾਂਦਾ ਹੈ ।

ਬੁੱਧੀਜੀਵੀ ਵਰਗ ਅਤੇ ਮਾਂ ਬੋਲੀ ਦੇ ਸਰਵਣ ਪੁੱਤਰ ਇਸ ਗੱਲ ਦੀ ਚਿੰਤਾ ਜ਼ਰੂਰ ਕਰਦੇ ਨੇ ਕਿ ਪੰਜਾਬ ਦੀ ਨੌਜਵਾਨੀ ਦਾ ਵੱਡਾ ਹਿੱਸਾ ਅੱਜ ਫੁਕਰਾਪੰਥੀ ਕਲਾਕਾਰਾਂ ਦੇ ਗੀਤਾਂ ਦੁਆਲੇ ਇਕੱਠਾ ਹੋ ਰਿਹੈ ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ । ਸਾਡੇ ਕਲਾਕਾਰ ਵਰਗ ਨੂੰ ਵੀ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਨੌਜਵਾਨੀ ਦੇ ਸਿਰ ਤੋਂ ਆਪਣੇ ਐਸ਼ੋ ਆਰਾਮ ਦੇ ਸਾਧਨ ਖਾਤਰ ਪੈਸੇ ਕਮਾ ਕੇ ਇਸ ਸਾਰੇ ਮਾਮਲੇ ਤੋਂ ਬਰੀ ਨਹੀਂ ਹੋ ਸਕਦੇ ਇਸ ਦਾ ਜਵਾਬ ਤਾਂ ਉਨਾਂ ਨੂੰ ਵੀ ਦੇਣਾ ਹੀ ਪਵੇਗਾ ਪਰ ਉਦੋਂ ਤੱਕ ਸਾਡਾ ਸਮਾਜ , ਨੌਜਵਾਨੀ ਅਤੇ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਤਹਿਸ ਹੋ ਚੁੱਕੀਆਂ ਹੋਣਗੀਆਂ, ਸਾਡਾ ਵਿਰਸਾ ਅਤੇ ਸੱਭਿਆਚਾਰ ਵੀ ਤਬਾਹ ਹੋ ਚੁੱਕਿਆ ਹੋਵੇਗਾ ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

11 ਮਾਰਚ 2020 ਤੋਂ 17 ਮਾਰਚ 2020

# ਮਹਾਂਮਾਰੀ ਦੀ ਦਹਿਸ਼ਤ

ਦੁਨੀਆ ਦੇ ਸਾਰੇ ਦੇਸ਼ ਆਪਣੀ ਅੰਦਰੂਨੀ ਅਤੇ ਕੌਮਾਂਤਰੀ ਰਾਜਨੀਤੀ ਭੁੱਲ ਕੇ ਹੁਣ ਨਵੇਂ ਮਾਰੂ ਜਰਾਸੀਮ ਕਰੋਨਾਵਾਇਰਸ ਦੀ ਮਹਾਂਮਾਰੀ ਦੀ ਚਿੰਤਾ ਵਿਚ ਡੁੱਬੇ ਹੋਏ ਹਨ। ਵਿਸ਼ਵ ਸਿਹਤ ਸੰਗਠਨ (ਡਬਲਿਊ ਐਚ ਓ) ਨੇ ਆਪਣੇ ਤਾਜ਼ਾ ਬਿਆਨ ਵਿਚ ਕਿਹਾ ਹੈ ਕਿ ਹੁਣ ਇਸ ਵਾਇਰਸ ਦੀ ਲਾਗ (ਇਨਫੈਕਸ਼ਨ) ਦੁਨੀਆ ਦੇ 100 ਤੋਂ ਵੱਧ ਦੇਸ਼ਾਂ ਵਿਚ ਪਹੁੰਚ ਚੁੱਕੀ ਹੈ ਅਤੇ ਇਕ ਲੱਖ ਤੋਂ ਵੱਧ ਲੋਕ ਇਸ ਵਾਇਰਸ ਤੋਂ ਪ੍ਰਭਾਵਿਤ ਹਨ। ਇਸ ਲਈ ਇਸ ਦੇ ਆਲਮੀ ਮਹਾਂਮਾਰੀ ਬਣਨ ਦਾ ਖਤਰਾ ਵਧਦਾ ਜਾ ਰਿਹਾ ਹੈ।

ਕਰੋਨਾਵਾਇਰਸ ਜਿਸ ਨੂੰ ਕੋਵਿਡ-19 ਦਾ ਨਾਂ ਦਿੱਤਾ ਗਿਆ ਹੈ ਸਭ ਤੋਂ ਪਹਿਲਾਂ ਚੀਨ ਦੇ ਵੂਹਾਨ ਸ਼ਹਿਰ ਵਿਚ ਸ਼ੁਰੂ ਹੋਇਆ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਵਾਇਰਸ ਕਿਸੇ ਸੱਪ ਵਰਗੇ ਮਾਸਾਹਾਰੀ ਭੋਜਨ ਤੋਂ ਪੈਦਾ ਹੋਇਆ ਹੈ ਜੋ ਕਿ ਮਗਰੋਂ ਮਾਨਵੀ ਵਾਇਰਸ ਬਣ ਗਿਆ ਅਤੇ ਇਸ ਦੀ ਲਾਗ ਸ਼ੁਰੂ ਹੋ ਗਈ। ਭਾਵੇਂ ਵਿਸ਼ਵ ਸਿਹਤ ਸੰਗਠਨ ਨੇ ਦੁਨੀਆ ਦੇ 100 ਤੋਂ ਵੱਧ ਦੇਸ਼ਾਂ ਵਿਚ ਇਸ ਬੀਮਾਰੀ ਦੇ ਫੈਲਣ ਦਾ ਖਦਸ਼ਾ ਜ਼ਾਹਿਰ ਕੀਤਾ ਹੈ ਪਰ ਚਾਰ ਦੇਸ਼ ਸਭ ਤੋਂ ਵੱਧ ਪ੍ਰਭਾਵਿਤ ਹਨ ਜਿਨਾਂ ਵਿਚ ਚੀਨ ਸਭ ਤੋਂ ਉਪਰ ਹੈ, ਜਿੱਥੇ 2019 ਵਿਚ ਇਸ ਵਾਇਰਸ ਦੀ ਮਾਰ ਸ਼ੁਰੂ ਹੋਈ। ਇਸ ਤੋਂ ਬਾਅਦ ਇਟਲੀ, ਈਰਾਨ ਅਤੇ ਦੱਖਣੀ ਕੋਰੀਆ ਦਾ ਨਾਂ ਆਉਂਦਾ ਹੈ। ਇਹ ਵਾਇਰਸ ਅਮਰੀਕਾ ਵਿਚ ਵੀ ਪਹੁੰਚ ਚੁੱਕਾ ਹੈ ਜਿਸ ਦਾ ਸਭ ਤੋਂ ਵੱਧ ਅਸਰ ਨਿਊਯਾਰਕ ਸੂਬੇ ਵਿਚ ਦੱਸਿਆ ਜਾ ਰਿਹਾ ਹੈ। ਭਾਰਤ ਵਿਚ ਵੀ ਕਰੋਨਾਵਾਇਰਸ ਦੇ ਪਾਜ਼ੇਟਿਵ ਕੇਸ ਸਾਹਮਣੇ ਆਏ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕਰੋਨਾਵਾਇਰਸ ਇਕ ਘਾਤਕ ਜਰਾਸੀਮ ਹੈ ਜਿਸ ਨਾਲ ਵਿਸ਼ਵ ਭਰ 'ਚ ਹੁਣ ਤੱਕ 4299 ਮੌਤਾਂ ਹੋ ਚੁੱਕੀਆਂ ਹਨ ਜੋ ਇਨਾਂ ਸਾਲਾਂ ਵਿਚ ਸਾਹਮਣੇ ਆਏ ਫਲੂ ਦੇ ਰੋਗਾਂ ਵਿਚ ਸਭ ਤੋਂ ਵੱਧ ਹਨ। ਪੂਰੀ ਦੁਨੀਆ ਵਿਚ ਕਰੋਨਾਵਾਇਰਸ ਦੇ 1,19,217 ਕੇਸ ਸਾਹਮਣੇ ਆਏ ਹਨ। ਜੇਕਰ ਇਸ ਵਾਇਰਸ ਕਾਰਨ ਹੋਈਆਂ ਮੌਤਾਂ ਦੇ ਵੇਰਵਿਆਂ ਵੱਲ ਧਿਆਨ ਮਾਰੀਏ ਤਾਂ ਸਭ ਤੋਂ ਵੱਧ ਮੌਤਾਂ ਚੀਨ ਵਿਚ ਹੀ ਹੋਈਆਂ ਹਨ।

ਇਸ ਜਰਾਸੀਮ ਕਾਰਨ ਇਟਲੀ ਵਿਚ 631, ਈਰਾਨ ਵਿਚ 291, ਦੱਖਣੀ ਕੋਰੀਆ ਵਿਚ 61 ਅਤੇ ਅਮਰੀਕਾ ਵਿਚ 31 ਮੌਤਾਂ ਹੋ ਚੁੱਕੀਆਂ ਹਨ। ਡਬਲਿਊ ਐਚ ਓ ਨੇ ਇਸ ਵਾਇਰਸ ਨੂੰ ਗੰਭੀਰਤਾ ਨਾਲ ਲੈਂਦਿਆਂ ਜਿੱਥੇ ਸਾਰੇ ਮੁਲਕਾਂ ਦੇ ਸਿਹਤ ਮਹਿਕਮਿਆਂ ਨੂੰ ਖ਼ਬਰਦਾਰ ਕੀਤਾ ਹੈ ਅਤੇ ਅਹਤਿਆਤੀ ਕਦਮ ਚੁੱਕਣ ਲਈ ਕਿਹਾ ਹੈ, ਉੱਥੇ ਇਹ ਵੀ ਹਦਾਇਤ ਕੀਤੀ ਹੈ ਕਿ ਇਸ ਕਾਰਨ ਘਬਰਾਹਟ ਪੈਦਾ ਕਰਨ ਦੀ ਜ਼ਰੂਰਤ ਨਹੀਂ ਹੈ। ਸਭ ਤੋਂ ਵੱਧ ਪ੍ਰਭਾਵਿਤ ਚੀਨ ਵਿਚ ਕਰੋਨਾਵਾਇਰਸ ਤੋਂ ਪ੍ਰਭਾਵਿਤ ਮਰੀਜ਼ਾਂ ਵਿਚੋਂ 75 ਫੀਸਦੀ ਬਿਲਕੁਲ ਠੀਕ ਹੋ ਚੁੱਕੇ ਹਨ। ਇਸ ਤਰਾਂ ਇਟਲੀ, ਦੱਖਣੀ ਕੋਰੀਆ ਅਤੇ ਈਰਾਨ ਵਿਚ ਵੀ ਦਵਾਈਆਂ ਨਾਲ ਮਰੀਜ਼ ਠੀਕ ਹੋ ਰਹੇ ਹਨ। ਭਾਰਤ ਵਿਚ ਹੁਣ ਤੱਕ ਕਰੋਨਾਵਾਇਰਸ ਦੇ 58 ਸ਼ੱਕੀ ਮਰੀਜ਼ ਸਾਹਮਣੇ ਆਏ ਹਨ। ਜਿਨਾਂ ਵਿਚੋਂ ਇਸ ਬੀਮਾਰੀ ਦੇ ਪਾਜ਼ੇਟਿਵ ਲੱਛਣਾਂ ਵਾਲੇ ਮਰੀਜ਼ਾਂ ਵਿਚੋਂ 4 ਠੀਕ ਹੋ ਚੁੱਕੇ ਹਨ ਅਤੇ ਉਨਾਂ ਨੂੰ ਘਰ ਭੇਜ ਦਿੱਤਾ ਗਿਆ ਹੈ।

ਅਮਰੀਕਾ ਵਿਚ ਕਰੋਨਾਵਾਇਰਸ ਦੇ 1000 ਤੋਂ ਵੱਧ ਸ਼ੱਕੀ ਮਰੀਜ਼ ਸਾਹਮਣੇ ਆਏ ਹਨ। ਬੀਮਾਰੀ ਦਾ ਸਭ ਤੋਂ ਵੱਧ ਅਸਰ ਨਿਊਯਾਰਕ ਸਟੇਟ ਵਿਚ ਹੈ। ਅਮਰੀਕਾ ਵਿਚ ਇਸ ਬੀਮਾਰੀ ਕਾਰਨ 31 ਮੌਤਾਂ ਹੋ ਚੁੱਕੀਆਂ ਹਨ ਜਿਨਾਂ ਵਿਚ ਸਭ ਤੋਂ ਵੱਧ 24 ਨਿਊਯਾਰਕ ਵਿਚ ਹੋਈਆਂ ਹਨ। ਨਿਊਯਾਰਕ ਦੇ ਗਵਰਨਰ ਐਂਡਰਿਊ ਕੌਮੋ ਨੇ ਹੰਗਾਮੀ ਹਾਲਤ ਵਿਚ ਐਲਾਨ ਕਰਦਿਆਂ ਸੂਬੇ ਦੇ ਸਭ ਤੋਂ ਪ੍ਰਭਾਵਤ ਹਲਕੇ (ਨਿਊ ਰੋਸ਼ੇਲ) ਨੂੰ ਅਲੱਗ ਇਲਾਕਾ ਕਰਾਰ ਦਿੱਤਾ ਹੈ। ਅਮਰੀਕਾ ਦੇ ਨੈਸ਼ਨਲ ਇੰਸਟੀਚਿਊਟ ਆਫ਼ ਐਲਰਜੀ ਐਂਡ ਇਨਫੈਕਟੀਅਸ ਡਿਜ਼ੀਜ਼ (ਐਲਰਜੀ ਅਤੇ ਲਾਗ ਦੀਆਂ ਬੀਮਾਰੀਆਂ ਬਾਰੇ ਕੌਮੀ ਸੰਸਥਾ) ਦੇ ਡਾਇਰੈਕਟਰ ਡਾ. ਐਂਥਨੀ ਫੌਸੀ ਨੇ ਇਸ ਵਾਇਰਸ ਦੇ ਪਾਸਾਰ ਤੋਂ ਖ਼ਬਰਦਾਰ ਕਰਦਿਆਂ ਕਿਹਾ ਕਿ ਇਸ ਤਰਾਂ ਦੇ ਪਾਸਾਰ ਨਾਲ ਕੁਝ ਵੀ ਸੰਭਵ ਹੈ। ਉਨਾਂ ਬਜ਼ੁਰਗਾਂ, ਬੱਚਿਆਂ ਅਤੇ ਸ਼ੂਗਰ ਤੇ ਫੇਫੜਿਆਂ ਦੇ ਮਰੀਜ਼ਾਂ ਨੂੰ ਇਸ ਵਾਇਰਸ ਪ੍ਰਤੀ ਵਧੇਰੇ ਸਾਵਧਾਨ ਰਹਿਣ ਦੀ ਤਾਕੀਦ ਕੀਤੀ ਹੈ। ਕੈਲੀਫੋਰਨੀਆ ਦੇ ਕਈ ਇਲਾਕਿਆਂ ਵਿਚ ਸਕੂਲ ਸਿੱਖਿਆ ਵਿਭਾਗ ਨੇ ਅਹਤਿਆਤੀ ਤੌਰ 'ਤੇ ਬੱਚਿਆਂ ਦੇ ਸਕੂਲ ਬੰਦ ਕਰ ਦਿੱਤੇ ਹਨ ਅਤੇ ਮੁਲਾਜ਼ਮਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਘਰ ਬੈਠੇ ਹੀ ਆਨਲਾਈਨ ਆਪਣੀ ਡਿਊਟੀ ਕਰਨ ਅਤੇ ਦਫ਼ਤਰਾਂ ਵਿਚ ਆਉਣ ਦੀ ਲੋੜ ਨਹੀਂ ਹੈ।

ਕਰੋਨਾਵਾਇਰਸ ਕਾਰਨ ਜਿੱਥੇ ਸਾਰੇ ਮੁਲਕਾਂ ਵਿਚ ਦਹਿਸ਼ਤ ਵਰਗਾ ਮਾਹੌਲ ਬਣਦਾ ਜਾ ਰਿਹਾ ਹੈ, ਉਥੇ ਕਈ ਵਿਕਾਸਸ਼ੀਲ ਮੁਲਕਾਂ ਦੀ ਆਰਥਿਕਤਾ ਉਪਰ ਵੀ ਮਾੜਾ ਅਸਰ ਪਿਆ ਹੈ। ਕੌਮਾਂਤਰੀ ਪੱਧਰ ਤੇ ਕੱਚੇ ਤੇਲ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ ਜਿਸ ਕਾਰਨ ਵਿਸ਼ਵ ਆਰਥਿਕਤਾ ਨੂੰ ਝਟਕਾ ਲੱਗਣ ਦਾ ਡਰ ਹੈ। ਭਾਰਤ ਵਿਚ ਸ਼ੇਅਰ ਬਾਜ਼ਾਰ ਬਿਲਕੁਲ ਲੁੜਕ ਗਿਆ ਹੈ। ਪਿਛਲੇ ਦਿਨਾਂ ਵਿਚ ਸੈਨਸੈਕਸ ਅਤੇ ਨਿਫ਼ਟੀ ਦਾ ਗਰਾਫ਼ ਕਾਫੀ ਹੇਠਾਂ ਆ ਗਿਆ। ਭਾਰਤ ਵਿਚ ਕਰੋਨਾਵਾਇਰਸ ਨੂੰ ਲੈ ਕੇ ਦੇਸ਼ ਵਿਚ ਚੀਨ, ਈਰਾਨ, ਇਟਲੀ ਅਤੇ ਦੱਖਣੀ ਕੋਰੀਆ ਤੋਂ ਆਉਣ ਵਾਲੇ ਸੈਲਾਨੀਆਂ ਦਾ ਦਾਖ਼ਲਾ ਬੰਦ ਕਰ ਦਿੱਤਾ ਹੈ ਅਤੇ ਸ਼ੱਕੀ ਮਰੀਜ਼ਾਂ ਨੂੰ ਅਲੱਗ ਵਾਰਡਾਂ (ਆਈਸੋਲੇਸ਼ਨ) ਵਿਚ ਰੱਖਿਆ ਜਾ ਰਿਹਾ ਹੈ। ਇਸ ਮਾਮਲੇ ਨੂੰ ਲੈ ਕੇ ਦੇਸ਼ ਵਿਚ ਮੂੰਹ ਨੱਕ ਢਕਣ ਵਾਲੇ ਮਾਸਕਾਂ ਅਤੇ ਸੈਨੇਟਾਈਜ਼ਰਜ਼ ਦੀ ਕਾਲਾਬਾਜਾਰੀ ਵੀ ਨਾਲੋ ਨਾਲ ਸ਼ੁਰੂ ਹੋ ਗਈ ਹੈ। ਉਧਰ ਦੇਸ਼ ਦੀ ਪ੍ਰਤੀਸ਼ਠਤ ਮੈਡੀਕਲ ਸੰਸਥਾ ਏਮਜ਼ ਨਵੀਂ ਦਿੱਲੀ ਦੇ ਡਾਇਰੈਕਟਰ ਪ੍ਰੋ. ਰਣਦੀਪ ਗੁਲੇਰੀਆ ਨੇ ਕਿਹਾ ਕਿ ਕਰੋਨਾਵਾਇਰਸ ਕਾਰਨ ਘਬਰਾਉਣ ਦੀ ਜ਼ਰੂਰਤ ਨਹੀਂ ਹੈ ਸਿਰਫ਼ ਅਹਤਿਆਤ ਦੀ ਲੋੜ ਹੈ। ਉਨਾਂ ਕਿਹਾ ਕਿ ਭਾਵੇਂ ਚੀਨ ਵਿਚ ਇਸ ਛੂਤ ਦੀ ਬੀਮਾਰੀ ਕਾਰਨ ਤਿੰਨ ਹਜ਼ਾਰ ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ ਪਰ 70 ਫੀਸਦੀ ਤੋਂ ਵੱਧ ਮਰੀਜ਼ ਠੀਕ ਵੀ ਹੋਏ ਹਨ। ਇਸ ਲਈ ਇਹ ਬੀਮਾਰੀ ਲਾਇਲਾਜ਼ ਨਹੀਂ ਹੈ, ਸਿਰਫ਼ ਜਾਗਰੂਕ ਹੋਣ ਦੀ ਜ਼ਰੂਰਤ ਹੇ। ਉਨਾਂ ਇਹ ਵੀ ਸਲਾਹ ਦਿੱਤੀ ਕਿ ਜਿਨਾਂ ਇਲਾਕਿਆਂ ਵਿਚ ਇਹ ਵਾਇਰਸ ਨਹੀਂ ਹੈ, ਉਥੇ ਮਾਸਕ ਵਗੈਰਾ ਖਰੀਦ ਕੇ ਰੱਖਣ ਦੀ ਜ਼ਰੂਰਤ ਨਹੀਂ ਹੈ।

ਕੋਵਿਡ-19 ਵਾਇਰਸ ਬਾਰੇ ਭਾਵੇਂ ਅਲੱਗ ਅਲੱਗ ਮੁਲਕਾਂ ਅਤੇ ਮੈਡੀਕਲ ਮਾਹਿਰਾਂ ਦਾ ਆਪਣਾ ਆਪਣਾ ਨਜ਼ਰੀਆ ਹੈ ਪਰ ਇਹ ਗੱਲ ਸਾਫ਼ ਜ਼ਾਹਿਰ ਹੈ ਕਿ ਇਸ ਜਰਾਸੀਮ ਨੇ ਪੂਰੀ ਦੁਨੀਆ ਦੇ ਸਮਾਜਿਕ, ਰਾਜਨੀਤਕ ਅਤੇ ਆਰਥਿਕ ਖੇਤਰਾਂ ਉਪਰ ਅਸਰ ਪਾਇਆ ਹੈ। ਅਜਿਹੇ ਸੰਕਟ ਦੇ ਮੌਕੇ ਵਧੇਰੇ ਜਾਗ੍ਰਿਤ ਹੋਣ ਅਤੇ ਅਫ਼ਵਾਹਾਂ ਤੋਂ ਬਚਣ ਦੀ ਜ਼ਰੂਰਤ ਹੈ ਕਿਉਂਕਿ ਸੋਸ਼ਲ ਮੀਡੀਆ ਅਫ਼ਵਾਹਾਂ ਫੈਲਾਉਣ ਵਿਚ ਵੱਡੀ ਭੂਮਿਕਾ ਨਿਭਾਅ ਰਿਹਾ ਹੈ। ਕਿਸੇ ਵੀ ਬੀਮਾਰੀ ਜਾਂ ਸਮੱਸਿਆ ਦਾ ਹੱਲ ਉਸ ਬਾਰੇ ਪਰੀ ਤਰਾਂ, ਜਾਗਿਤ ਅਤੇ ਸਚੇਤ ਹੋ ਕੇ ਹੀ ਨਿਕਲ ਸਕਦਾ ਹੈ।

# ਜੇ ਫਿਰਕੂ ਤਣਾਅ ਨਹੀਂ ਰੁਕੇਗਾ ਤਾਂ ਵਿਕਾਸ ਕਿਵੇਂ ਹੋਵੇਗਾ

## ਸਮਾਜ ਵਿਚ ਹਿੰਸਾ ਫੈਲਾਉਣ ਵਾਲਿਆਂ ਵਿਚ ਰਾਜਨੀਤਕ ਜਮਾਤ ਵੀ ਸ਼ਾਮਲ



**- ਡਾ. ਮਨਮੋਹਨ ਸਿੰਘ**
(ਸਾਬਕਾ ਪ੍ਰਧਾਨਮੰਤਰੀ)

ਮੌਜੂਦਾ ਸੰਕਟ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਦਾ ਮੇਰਾ ਕੋਈ ਮਕਸਦ ਨਹੀਂ। ਮੇਰਾ ਵਿਸ਼ਵਾਸ ਹੈ ਕਿ ਇਹ ਪਵਿੱਤਰ ਕਰਤੱਵ ਹੈ ਕਿ ਭਾਰਤ ਦੀ ਜਨਤਾ ਨੂੰ ਸੱਚ ਦੱਸਿਆ ਜਾ ਸਕੇ। ਸੱਚ ਇਹ ਹੈ ਕਿ ਮੌਜੂਦਾ ਸੰਕਟ ਡੂੰਘਾ ਤੇ ਚਿੰਤਾਜਨਕ ਹੈ। ਜਿਸ ਭਾਰਤ ਨੂੰ ਅਸੀਂ ਜਾਣਦੇ ਹਾਂ, ਜਿਸ ਉੱਪਰ ਸਾਨੂੰ ਮਾਣ ਹੈ, ਉਹ ਸਾਡੇ ਹੱਥਾਂ ਵਿਚੋਂ ਤੇਜ਼ੀ ਨਾਲ ਫਿਸਲਦਾ ਜਾ ਰਿਹਾ ਹੈ। ਜਾਣ ਬੁੱਝ ਕੇ ਭੜਕਾਏ ਗਏ ਫਿਰਕੂ ਦੰਗੇ ਆਰਥਿਕ ਪ੍ਰਬੰਧਾਂ ਵਿਚ ਰੁਕਾਵਟ ਤੇ ਸ਼ਾਂਤੀ ਦੇ ਲਈ ਨੁਕਸਾਨਦਾਇਕ ਹਨ, ਜੋ ਕਿ ਸਾਡੇ ਭਾਰਤ ਦਾ ਵਿਕਾਸ ਰੋਕ ਸਕਦੇ ਹਨ। ਇਸ ਨਾਲ ਵਿਸ਼ਵ ਵਿਚ ਸਾਡੇ ਅਕਸ ਦਾ ਨੁਕਸਾਨ ਹੋ ਰਿਹਾ ਹੈ। ਮੈਂ ਬੜੇ ਭਰੇ ਮਨ ਨਾਲ ਲਿਖ ਰਿਹਾ ਹਾਂ ਕਿ ਸਾਮਾਜਿਕ ਦੁਸ਼ਮਣੀ, ਆਰਥਿਕ ਮੰਦੀ ਤੇ ਵਿਸ਼ਵ ਸਿਹਤ ਸੰਕਟ ਭਾਰਤ ਦੇ ਲਈ ਖਤਰੇ ਦੀ ਘੰਟੀ ਹੈ। ਸਾਮਾਜਿਕ ਅਰਾਜਕਤਾ ਤੇ ਆਰਥਿਕ ਬਰਬਾਦੀ ਅਸੀਂ ਖੁਦ ਆਪਣੇ ਲਈ ਸਿਰਜੀ ਹੈ, ਜਦ ਕਿ ਕੋਰੋਨਾ ਵਾਇਰਸ ਦਾ ਡਰ ਬਾਹਰੀ ਕਾਰਨਾਂ ਤੋਂ ਹੈ। ਮੈਨੂੰ ਇਸ ਗੱਲ ਦੀ ਚਿੰਤਾ ਹੈ ਕਿ ਇਹ ਤਿੰਨੇ ਸੰਭਾਵਿਤ ਖਤਰੇ ਨਾ ਸਿਰਫ ਭਾਰਤ ਦੀ ਆਤਮਾ ਨੂੰ ਤਹਿਸ ਨਹਿਸ ਕਰ ਦੇਣਗੇ, ਬਲਕਿ ਦੁਨੀਆਂ ਦੇ ਨਕਸ਼ੇ 'ਤੇ ਭਾਰਤ ਦੀ ਆਰਥਿਕ ਤੇ ਜਮਹੂਰੀਅਤ ਪ੍ਰਸਿੱਧੀ ਨੂੰ ਤਬਾਹ ਕਰ ਦੇਣਗੇ।

ਪਿਛਲੇ ਕੁਝ ਹਫਤਿਆਂ ਤੋਂ ਦਿੱਲੀ ਖਤਰਨਾਕ ਹਿੰਸਾ ਦਾ ਸ਼ਿਕਾਰ ਰਹੀ ਹੈ। ਅਸੀਂ ਬਿਨਾਂ ਕਾਰਨ ਪੰਜਾਹ ਭਾਰਤੀਆਂ ਨੂੰ ਗੁਆ ਦਿੱਤਾ ਹੈ ਤੇ ਸੈਂਕੜੇ ਘਾਇਲ ਹੋਏ ਹਨ। ਸਮਾਜ ਵਿਚ ਹਿੰਸਾ ਫੈਲਾਉਣ ਵਾਲਿਆਂ ਵਿਚ ਰਾਜਨੀਤਕ ਜਮਾਤ ਵੀ ਸ਼ਾਮਲ ਹੈ, ਕਿਉਂਕਿ ਉਨਾਂ ਨੇ ਫਿਰਕੂ ਹਿੰਸਾ ਤੇ ਧਾਰਮਿਕ ਨਫ਼ਰਤ ਨੂੰ ਭੜਕਾਇਆ ਹੈ। ਯੂਨੀਵਰਸਿਟੀਆਂ ਤੇ ਜਨਤਕ ਸਥਾਨਾਂ ਤੇ ਸਾਡੇ ਮੁਹੱਲਿਆਂ ਵਿਚ ਫਿਰਕੂ ਹਿੰਸਾ ਦੇ ਦੋਸ਼ੀ ਇਹੀ ਲੋਕ ਹਨ। ਜਿਨਾਂ ਸੰਸਥਾਵਾਂ 'ਤੇ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਦੀ ਜ਼ਿੰਮੇਵਾਰੀ ਸੀ, ਉਨਾਂ ਨੇ ਆਪਣਾ ਰਾਜਨੀਤਕ ਤੇ ਕਾਨੂੰਨੀ ਧਰਮ ਨਹੀਂ ਨਿਭਾਇਆ। ਨਿਆਂਇਕ ਸੰਸਥਾਵਾਂ ਤੇ ਲੋਕਤੰਤਰ ਦਾ ਚੌਥਾ ਥੰਮ ਮੀਡੀਆ ਨੇ ਵੀ ਸਾਨੂੰ ਬੁਰੀ ਤਰਾਂ ਨਿਰਾਸ਼ ਕੀਤਾ ਹੈ। ਕਿਸੇ ਤਰਾਂ ਲਗਾਮ ਨਾ ਹੋਣ ਕਰਕੇ ਸਾਮਾਜਿਕ ਤਣਾਅ ਪੂਰੇ ਦੇਸ ਨੂੰ ਆਪਣੀ ਜਕੜ ਵਿਚ ਲੈ ਰਿਹਾ ਹੈ। ਇਸ ਨਾਲ ਸਾਡੇ ਰਾਸ਼ਟਰ ਦੀ ਆਤਮਾ ਜਲ ਕੇ ਸੁਆਹ ਹੋ ਸਕਦੀ ਹੈ। ਜਿਨਾਂ ਲੋਕਾਂ ਨੇ ਅੱਗ ਲਗਾਈ ਹੈ, ਸਿਰਫ ਉਹੀ ਲੋਕ ਇਸ ਅੱਗ ਨੂੰ ਬੁਝਾ ਸਕਦੇ ਹਨ। ਦੇਸ ਅੰਦਰ ਮੌਜੂਦਾ ਹਿੰਸਾ ਨੂੰ ਸਹੀ ਠਹਿਰਾਉਣ ਦੇ ਲਈ ਬੀਤੇ ਸਮੇਂ ਦੌਰਾਨ ਹੋਈ ਹਿੰਸਾ ਦੀ ਉਦਾਹਰਣ ਦੇਣਾ ਗਲਤ ਹੈ। ਅਜਿਹੀ ਹਿੰਸਾ ਦਾ ਅੱਜ ਦੇ ਸੰਦਰਭ ਵਿਚ ਇਸ ਦਾ ਕੋਈ ਅਰਥ ਨਹੀਂ ਹੈ। ਕੁਝ ਸਾਲ ਪਹਿਲਾਂ ਭਾਰਤ ਨੂੰ ਦੁਨੀਆਂ ਦੇ ਇਕ ਅਜਿਹੇ ਮੁਲਕ ਦੇ ਤੌਰ 'ਤੇ ਜਾਣਿਆ ਜਾਂਦਾ ਸੀ, ਜਿੱਥੇ ਉਦਾਰਵਾਦੀ ਲੋਕਤੰਤਰਿਕ ਢੰਗ ਨਾਲ ਭਾਰਤੀ ਅਰਥ-ਵਿਵਸਥਾ ਪ੍ਰਗਤੀ ਕਰ ਰਹੀ ਸੀ। ਜਦ ਕਿ ਅੱਜ ਉਸ ਦੀ ਪਛਾਣ ਇਕ ਅਜਿਹੇ ਦੇਸ ਦੀ ਹੋ ਗਈ ਹੈ, ਜੋ ਬਹੁਗਿਣਤੀ ਕੌਮੀਅਤ ਵਾਲੇ ਦੇਸ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਇਸ ਦੀ ਅਰਥ-ਵਿਵਸਥਾ ਬੁਰੀ ਤਰਾਂ ਡਿੱਗ ਰਹੀ ਹੈ। ਅਜਿਹਾ ਕੁਝ ਸਾਲਾਂ ਵਿਚ ਹੋਇਆ ਹੈ। ਇਸ ਵਕਤ ਜਦੋਂ ਕਿ ਅਰਥ-ਵਿਵਸਥਾ ਬੁਰੀ ਤਰਾਂ ਡਿੱਗ ਰਹੀ ਹੈ, ਸਾਮਾਜਿਕ ਤਣਾਅ ਤੇ ਅਸਥਿਰ ਆਰਥਿਕ ਮੰਦੀ 'ਤੇ ਬੁਰਾ ਅਸਰ ਪਾਏਗੀ। ਹੁਣ ਇਹ ਗੱਲ ਮੰਨ ਲਈ ਗਈ ਹੈ ਕਿ ਭਾਰਤੀ ਵਿਵਸਥਾ ਦੀ ਮੌਜੂਦਾ ਹਾਲਤ ਨਿੱਜੀ ਖੇਤਰਾਂ ਵਿਚ ਨਵਾਂ ਨਿਵੇਸ਼ ਨਾ ਹੋਣ ਕਾਰਨ ਹੋਈ ਹੈ। ਨਿਵੇਸ਼ਕ ਉਦਯੋਗਪਤੀ ਤੇ ਉਦਮੀ ਨਵੇਂ ਪ੍ਰੋਜੈਕਟ ਲੈਣ ਤੋਂ ਭੱਜ ਰਹੇ ਹਨ ਤੇ ਖਤਰਾ ਚੁੱਕਣ ਦੀ ਉਨਾਂ ਦੀ ਸਮਰੱਥਾ ਖਤਮ ਹੋ ਚੁੱਕੀ ਹੈ। ਸਾਮਾਜਿਕ ਅਸਥਿਰਤਾ ਤੇ ਫਿਰਕੂ ਤਣਾਅ ਨੇ ਉਨਾਂ ਵਿਚ ਦਹਿਸ਼ਤ ਪੈਦਾ ਕਰ ਦਿੱਤੀ ਹੈ ਕਿ ਜੇਕਰ ਉਹ ਇੱਥੇ ਨਿਵੇਸ਼ ਕਰਨਗੇ ਤਾਂ ਉਨਾਂ ਦਾ ਨੁਕਸਾਨ ਹੋਵੇਗਾ। ਅੱਜ ਇਸ ਸਥਿਤੀ ਵਿਚ ਸਾਮਾਜਿਕ ਏਕਤਾ ਤੇ ਆਰਥਿਕ ਵਿਕਾਸ ਦੀ ਬਹੁਤ ਵੱਡੀ ਜ਼ਰੂਰਤ ਹੈ। ਅਸੀਂ ਕਿੰਨਾ ਵੀ ਟੈਕਸ ਦਰਾਂ ਵਿਚ ਬਦਲਾਅ ਕਰੀਏ, ਕਾਰਪੋਰੇਟ ਜਗਤ 'ਤੇ ਸਹੂਲਤਾਂ ਦਾ ਮੀਂਹ ਵਰਸਾ ਦੇਈਏ, ਪਰ ਭਾਰਤੀ ਤੇ ਵਿਦੇਸ਼ੀ ਉਦਯੋਗਪਤੀ ਉਦੋਂ ਤੱਕ ਨਿਵੇਸ਼ ਨਹੀਂ ਕਰਨਗੇ, ਜਦ ਤੱਕ ਇਸ ਗੱਲ ਦਾ ਖਤਰਾ ਬਰਕਰਾਰ ਰਹੇਗਾ ਕਿ ਕਿਤੇ ਦੇਸ ਤੇ ਕਿਸੇ ਸਥਾਨ ਵਿਚ ਅਚਾਨਕ ਹਿੰਸਾ ਤਾਂ ਨਹੀਂ ਫੈਲ ਜਾਏਗੀ ?

ਨਿਵੇਸ਼ ਵਿਚ ਘਾਟ ਦਾ ਮਤਲਬ ਹੈ ਰੁਜ਼ਗਾਰ ਤੇ ਆਮਦਨ ਵਿਚ ਕਮੀ। ਇਸ ਦਾ ਸਿੱਧਾ ਅਸਰ ਖਪਤ ਤੇ ਮੰਗ 'ਤੇ ਪੈਂਦਾ ਹੈ। ਅਰਥ-ਵਿਵਸਥਾ ਵਿਚ ਮੰਗ ਦੀ ਘਾਟ ਦਾ ਸਿੱਧਾ ਤੇ ਉਲਟਾ ਅਸਰ ਨਿੱਜੀ ਨਿਵੇਸ਼ 'ਤੇ ਪੈਂਦਾ ਹੈ। ਇਹੀ ਖਤਰਨਾਕ ਚੱਕਰ ਹੈ, ਜਿਸ ਵਿਚ ਭਾਰਤੀ ਅਰਥ-ਵਿਵਸਥਾ ਫਸ ਗਈ ਹੈ। ਆਪਣੇ ਆਪ ਨੂੰ ਦਿੱਤੇ ਇਨਾਂ ਜ਼ਖ਼ਮਾਂ ਦੇ ਨਾਲ ਕੋਰੋਨਾ ਵਾਇਰਸ ਦਾ ਸੰਕਟ ਵੀ ਜੁੜ ਗਿਆ ਹੈ। ਇਸ ਦੀ ਸ਼ੁਰੂਆਤ ਚੀਨ ਤੋਂ ਹੋਈ ਸੀ। ਅਜੇ ਤੱਕ ਇਹ ਸਾਫ਼ ਨਹੀਂ ਕਿ ਵਿਸ਼ਵ ਸਿਹਤ ਸੰਕਟ ਕਿਸ ਹੱਦ ਤੱਕ ਦੁਨੀਆਂ ਵਿਚ ਫੈਲੇਗਾ ਤੇ ਕੀ ਅਸਰ ਪਾਵੇਗਾ ? ਪਰ ਇਹ ਗੱਲ ਸਾਫ ਹੈ ਕਿ ਸਾਨੂੰ ਇਸ ਨਾਲ ਲੜਨ ਦੇ ਲਈ ਪੂਰੀ ਤਰਾਂ ਤਿਆਰ ਰਹਿਣਾ ਚਾਹੀਦਾ ਹੈ। ਕਿਸੇ ਵੀ ਰਾਸ਼ਟਰ ਦੇ ਲਈ ਸਿਹਤ ਸੰਕਟ ਤੋਂ ਵੱਡਾ ਕੋਈ ਦੂਸਰਾ ਖਤਰਾ ਨਹੀਂ ਹੋ ਸਕਦਾ। ਸਾਨੂੰ ਸਭ ਲੋਕਾਂ ਨੂੰ ਮਿਲ ਕੇ ਇਸ ਖਤਰੇ ਦਾ ਸਾਹਮਣਾ ਕਰਨਾ ਪਵੇਗਾ। ਅਸੀਂ ਅਜੇ ਤੱਕ ਇਨਾਂ ਵੱਡਾ ਸਿਹਤ ਸੰਕਟ ਨਹੀਂ ਝੱਲਿਆ। ਇਸ ਲਈ ਤੁਰੰਤ ਇਹ ਸੰਕਟ ਨਾਲ ਨਿਪਟਣ ਦੇ ਲਈ ਜੰਗੀ ਪੱਧਰ 'ਤੇ ਤਿਆਰੀ ਕਰਨੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਪੂਰੀ ਦੁਨੀਆਂ ਵਿਚ ਇਸ ਸੰਕਟ ਨੂੰ ਨਿਪਟਣ ਦੇ ਲਈ ਤਿਆਰੀਆਂ ਹੋ ਰਹੀਆਂ ਹਨ। ਚੀਨ ਨੇ ਆਪਣੇ ਵੱਡੇ ਸ਼ਹਿਰਾਂ ਤੇ ਜਨਤਕ ਸਥਾਨਾਂ ਨੂੰ ਇਕ ਢੰਗ ਨਾਲ ਕੱਟ ਦਿੱਤਾ ਹੈ। ਇਟਲੀ ਨੇ ਸਕੂਲ ਬੰਦ ਕਰ ਦਿੱਤੇ ਹਨ। ਅਮਰੀਕਾ ਨੇ ਕੋਰੋਨਾ ਵਾਇਰਸ ਤੋਂ ਪ੍ਰਭਾਵਿਤ ਲੋਕਾਂ ਨੂੰ ਅਲੱਗ ਥਲੱਗ ਕਰਨ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਨਾਲ ਹੀ ਇਸ ਰੋਗ ਤੋਂ ਮੁਕਤੀ ਪਾਉਣ ਦੇ ਲਈ ਪ੍ਰਯੋਗ ਕਰਨੇ ਸ਼ੁਰੂ ਕਰ ਦਿੱਤੇ ਹਨ।

ਦੂਸਰੇ ਦੇਸ ਵੀ ਇਸ ਸਮੱਸਿਆ ਨੂੰ ਨਿਪਟਣ ਲਈ ਸਰਗਰਮ ਹੋ ਗਏ ਹਨ। ਭਾਰਤ ਨੂੰ ਵੀ ਜਲਦ ਇਸ ਦਿਸ਼ਾ ਵਲ ਕਦਮ ਪੁਟਣੇ ਚਾਹੀਦੇ ਹਨ। ਅਸੀਂ ਦੂਸਰੇ ਦੇਸਾਂ ਤੋਂ ਕੁਝ ਨਵੇਂ ਉਪਾਅ ਤੇ ਇਲਾਜ ਸਿਖ ਸਕਦੇ ਹਾਂ। ਇਹ ਵਾਇਰਸ ਸਾਡੇ ਦੇਸ ਵਿਚ ਕਿੰਨੇ ਵੱਡੇ ਪੱਧਰ 'ਤੇ ਅਸਰ ਪਾਏਗਾ ਇਸ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ ਹੈ। ਪਰ ਇਹ ਸਪੱਸ਼ਟ ਹੈ ਕਿ ਕੋਰੋਨਾ ਵਾਇਰਸ ਸਾਡੀ ਅਰਥ-ਵਿਵਸਥਾ 'ਤੇ ਬੁਰਾ ਅਸਰ ਪਾਏਗਾ।

ਵਰਲਡ ਬੈਂਕ ਆਰਗੇਨਾਈਜੇਸ਼ਨ ਫਾਰ ਇਕਨਾਮਿਕ ਅਪਰੇਸ਼ਨ ਡਿਵੇਲਪਮੈਂਟ ਵਰਗੇ ਕੌਮਾਂਤਰੀ ਸੰਸਥਾਨਾਂ ਨੇ ਵਿਸ਼ਵ ਅਰਥ ਵਿਵਸਥਾ ਵਿਚ ਜ਼ਬਰਦਸਤ ਮੰਦੀ ਦੇ ਸੰਕੇਤ ਦਿੱਤੇ ਹਨ। ਇਸ ਤਰਾਂ ਦੀਆਂ ਰਿਪੋਰਟਾਂ ਸਾਹਮਣੇ ਆ ਰਹੀਆਂ ਕਿ ਚੀਨ ਦੀ ਅਰਥ-ਵਿਵਸਥਾ ਸੁੰਗੜ ਸਕਦੀ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ 1977 ਵਿਚ ਚੀਨ ਦੀ ਸਭਿਆਚਾਰਕ ਕ੍ਰਾਂਤੀ ਦੇ ਬਾਅਦ ਇਹ ਪਹਿਲਾਂ ਮੌਕਾ ਹੋਵੇਗਾ। ਵਿਸ਼ਵ ਅਰਥ ਵਿਵਸਥਾ ਵਿਚ ਚੀਨ ਦੀ ਹਿੱਸੇਦਾਰੀ ਲਗਭਗ 20% ਦੇ ਨੇੜੇ ਤੇੜੇ ਹੈ। ਜਦ ਕਿ ਭਾਰਤ ਦੇ ਵਿਦੇਸ਼ੀ ਵਪਾਰ ਦਾ ਦਸਵਾਂ ਹਿੱਸਾ ਚੀਨ ਦਾ ਨਾਲ ਹੈ। ਵਿਸ਼ਵ ਪੱਧਰ ਦੀ ਅਰਥ ਵਿਵਸਥਾ ਦੇ ਸੰਦਰਭ ਵਿਚ ਕੀਤੀਆਂ ਗਈਆਂ ਭਵਿੱਖਬਾਣੀਆਂ ਬਹੁਤ ਚਿੰਤਾਜਨਕ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਦਾ ਅਸਰ ਭਾਰਤੀ ਅਰਥ-ਵਿਵਸਥਾ 'ਤੇ ਵੀ ਪਵੇਗਾ। ਭਾਰਤ ਵਿਚ ਕੁਲ ਰੁਜ਼ਗਾਰ ਦਾ ਤਿੰਨ ਚੌਥਾਈ ਹਿੱਸਾ ਲਘੂ ਤੇ ਮਧਮ ਸ਼੍ਰੇਣੀ ਦੇ ਉਦਯੋਗਾਂ ਤੋਂ ਆਉਂਦਾ ਹੈ ਤੇ ਇਹ ਹਿੱਸਾ ਵਿਸ਼ਵ ਅਰਥ ਵਿਵਸਥਾ ਨਾਲ ਜੁੜਿਆ ਹੋਇਆ ਹੈ।

ਇਸ ਸਥਿਤੀ ਵਿਚ ਕੋਰੋਨਾ ਵਾਇਰਸ ਕਾਰਨ ਭਾਰਤ ਦੇ ਸਕਲ ਘਰੇਲੂ ਉਤਪਾਦ ਵਾਲੀ ਜੀਡੀਪੀ ਤੇ ਅੱਧੇ ਤੋਂ ਇਕ ਫੀਸਦੀ ਤੱਕ ਅਸਰ ਪੈ ਸਕਦਾ ਹੈ। ਜੇਕਰ ਅਰਥ ਵਿਵਸਥਾ ਦੇ ਬਾਕੀ ਇੰਡੀਕੇਟਰਾਂ ਵਿਚ ਜ਼ਿਆਦਾ ਫਰਕ ਨਾ ਪਵੇ। ਇੱਥੇ ਜ਼ਿਕਰਯੋਗ ਹੈ ਕਿ ਭਾਰਤੀ ਅਰਥ ਵਿਵਸਥਾ ਦੀ ਵਿਕਾਸ ਦਰ ਪਹਿਲੇ ਤੋਂ ਜ਼ਿਆਦਾ ਨਾਜ਼ੁਕ ਹਾਲਤ ਵਿਚ ਹੈ ਤੇ ਇਹ ਬਾਹਰੀ ਝਟਕਾ ਜ਼ਿਆਦਾ ਖਤਰਨਾਕ ਸਾਬਤ ਹੋਵੇਗਾ। ਮੇਰੀ ਨਿੱਜੀ ਰਾਏ ਹੈ ਕਿ ਸਰਕਾਰ ਨੂੰ ਤੁਰੰਤ ਤਿੰਨ ਕਦਮ ਉਠਾਣੇ ਚਾਹੀਦੇ ਹਨ। ਪਹਿਲਾਂ ਸਰਕਾਰ ਨੂੰ ਆਪਣੀ ਪੂਰੀ ਤਾਕਤ ਤੇ ਊਰਜਾ ਕੋਰੋਨਾ ਵਾਇਰਸ ਦੇ ਸੰਕਟ ਨਾਲ ਨਿਪਟਣ ਵਿਚ ਲਗਾ ਦੇਣੀ ਚਾਹੀਦੀ ਹੈ। ਦੂਸਰਾ ਨਾਗਰਿਕਤਾ ਕਾਨੂੰਨ ਤੁਰੰਤ ਵਾਪਸ ਲੈਣਾ ਚਾਹੀਦਾ ਹੈ। ਹਿੰਸਕ ਤੇ ਨਫ਼ਰਤ ਭਰਪੂਰ ਵਾਤਾਵਰਨ ਨੂੰ ਖਤਮ ਕਰਨਾ ਚਾਹੀਦਾ ਹੈ ਤੇ ਰਾਸ਼ਟਰੀ ਏਕਤਾ ਦੀ ਭਾਵਨਾ ਨਾਲ ਅੱਗੇ ਵਧਣਾ ਚਾਹੀਦਾ ਹੈ। ਤੀਸਰਾ ਭਾਰਤੀ ਅਰਥ ਵਿਵਸਥਾ ਵਿਚ ਖਪਤ ਤੇ ਮੰਗ ਨੂੰ ਵਧਾਉਣ ਦੇ ਲਈ ਵਿੱਤੀ ਮਦਦ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਅਰਥ ਵਿਵਸਥਾ ਵਿਚ ਨਵੀਂ ਜਾਨ ਆ ਸਕੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿਰਫ ਸ਼ਬਦਾਂ ਤੋਂ ਨਹੀਂ ਬਲਕਿ ਆਪਣੇ ਉਠਾਏ ਕਦਮਾਂ ਨਾਲ ਦੇਸ ਨੂੰ ਇਹ ਭਰੋਸਾ ਦਿਵਾਉਣਾ ਚਾਹੀਦਾ ਹੈ ਕਿ ਤੇ ਉਹ ਮੌਜੂਦਾ ਸੰਕਟ ਤੋਂ ਪੂਰੀ ਤਰਾਂ ਨਾਲ ਵਾਕਫ ਹਨ ਤੇ ਇਸ ਸੰਕਟ ਨੂੰ ਨਿਪਟਣ ਦੇ ਲਈ ਪੂਰੀ ਤਰਾਂ ਤਿਆਰ ਹਨ। ਪ੍ਰਧਾਨ ਮੰਤਰੀ ਮੋਦੀ ਨੂੰ ਕੋਰੋਨਾ ਵਾਇਰਸ ਦੇ ਸੰਕਟ ਨਾਲ ਨਿਪਟਣ ਦੇ ਲਈ ਵਿਸਤ੍ਰਿਤ ਯੋਜਨਾ ਦੇਸ ਦੇ ਸਾਹਮਣੇ ਰੱਖਣੀ ਚਾਹੀਦੀ ਹੈ। ਡੂੰਘੇ ਸੰਕਟ ਦਾ ਸਮਾਂ ਇਕ ਵੱਡਾ ਮੌਕਾ ਵੀ ਹੋ ਸਕਦਾ ਹੈ। ਮੈਨੂੰ 1991 ਦੀ ਯਾਦ ਆਉਂਦੀ ਹੈ, ਜਦ ਭਾਰਤ ਤੇ ਵਿਸ਼ਵ ਡੂੰਘੇ ਆਰਥਿਕ ਸੰਕਟ ਵਿਚ ਫਸੇ ਹੋਏ ਸਨ। ਭਾਰਤ ਭੁਗਤਾਣ ਸੰਤੁਲਿਨ ਦੇ ਸੰਕਟ ਵਿਚ ਫਸਿਆ ਹੋਇਆ ਸੀ ਤੇ ਵਿਸ਼ਵ ਖਾੜੀ ਯੁੱਧ ਦੇ ਬਾਅਦ ਤੇਲ ਦੇ ਮੁੱਲ ਵਿਚ ਵਾਧੇ ਦੀ ਵਜਾ ਕਾਰਨ ਆਈ ਵਿਸ਼ਵ ਮੰਦੀ ਨਾਲ ਜੂਝ ਰਿਹਾ ਸੀ। ਪਰ ਅਸੀਂ ਇਸ ਸੰਕਟ ਨੂੰ ਮੌਕੇ ਵਿਚ ਬਦਲ ਦਿੱਤਾ ਤੇ ਵੱਡੇ ਆਰਥਿਕ ਸੁਧਾਰ ਕਰਕੇ ਦੇਸ ਦੀ ਅਰਥ ਵਿਵਸਥਾ ਵਿਚ ਨਵੀਂ ਜਾਨ ਫੂਕ ਦਿੱਤੀ। ਇਸ ਤਰਾਂ ਕੋਰੋਨਾ ਵਾਇਰਸ ਦਾ ਰੋਗ ਤੇ ਸੁਸਤ ਪੈਂਦੀ ਚੀਨ ਦੀ ਅਰਥ-ਵਿਵਸਥਾ ਭਾਰਤ ਦੇ ਲਈ ਨਵੇਂ ਮੌਕੇ ਦੇ ਦਰਵਾਜ਼ੇ ਖੋਲ ਸਕਦੇ ਹਨ। ਜੇਕਰ ਭਾਰਤ ਅਜਿਹਾ ਕਰਨ ਵਿਚ ਸਮਰੱਥ ਹੋਇਆ ਤਾਂ ਵਿਸ਼ਵ ਅਰਥ ਵਿਵਸਥਾ ਵਿਚ ਇਕ ਵੱਡੀ ਭੂਮਿਕਾ ਨਿਭਾਅ ਸਕਦਾ ਹੈ ਤੇ ਲੱਖਾਂ ਕਰੋੜਾਂ ਭਾਰਤੀ ਦੀਆਂ ਜ਼ਿੰਦਗੀ ਵਿਚ ਸੁਧਾਰ ਲਿਆ ਸਕਦਾ ਹੈ। ਇਹ ਹਾਸਲ ਕਰਨ ਲਈ ਸਭ ਤੋਂ ਪਹਿਲਾਂ ਫਿਰਕੂ ਵਿਚਾਰਧਾਰਾ, ਘਟੀਆ ਰਾਜਨੀਤੀ ਤੋਂ ਉੱਪਰ ਉਠਣਾ ਪਵੇਗਾ।

# ਸਿਕਲੀਗਰ ਭਾਈਚਾਰੇ ਸਮੇਤ ਸਿੱਖ ਕਬੀਲਿਆਂ ਨੂੰ 2021 ਦੀ ਮਰਦਮਸ਼ੁਮਾਰੀ 'ਚ ਸਿੱਖ ਗਿਣਿਆ ਜਾਵੇ

## ✪ ਤਰਸੇਮ ਸਿੰਘ ਦਿਓਲ ਨਾਲ ਇਕ ਮੁਲਾਕਾਤ ✪ ਸਿੱਖੀ ਦੇ ਵਿਦਿਅਕ ਵਿਕਾਸ ਲਈ ਬ੍ਰਿਟਿਸ਼ ਸਿੱਖ ਕੌਂਸਲ ਨੇ ਸਕੂਲ ਖੋਲਿਆ

ਬੀਤੇ ਦਿਨੀਂ ਤਰਸੇਮ ਸਿੰਘ ਦਿਓਲ ਚੇਅਰਮੈਨ ਬ੍ਰਿਟਿਸ਼ ਸਿੱਖ ਕੌਂਸਲ ਜੋ ਕਿ ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਵਿਚ ਸਿਕਲੀਗਰ, ਰਵੀਦਾਸੀਏ, ਕਬੀਰਪੰਥੀਏ ਭਾਈਚਾਰੇ ਦੇ ਮੁੜ ਵਸੇਵੇ ਤੇ ਵਿਕਾਸ ਲਈ 2003 ਤੋਂ ਹੁਣ ਤੱਕ ਸੇਵਾ ਕਰ ਰਹੇ ਹਨ। ਹੁਣ ਉਨਾਂ ਨੇ ਪੰਜਾਬ ਵਿਚ ਸਿੱਖ ਵਿਦਿਆ ਦੇ ਵਿਕਾਸ ਲਈ ਗਿਆਨੀ ਦਿੱਤ ਸਿੰਘ ਦੀ ਸਿੰਘ ਸਭਾ ਲਹਿਰ ਦੇ ਤਰਜ਼ 'ਤੇ ਚੱਲਣ ਦਾ ਫੈਸਲਾ ਕੀਤਾ ਹੈ ਤਾਂ ਜੋ ਪੰਜਾਬ ਵਿੱਚ ਪ੍ਰਾਈਵੇਟ ਸਕੂਲਾਂ ਦੀ ਲੁੱਟ ਤੋਂ ਆਮ ਵਰਗ ਨੂੰ ਬਚਾਇਆ ਜਾ ਸਕੇ ਤੇ ਗੁਰੂ ਨਾਨਕ ਸਾਹਿਬ ਦੇ ਵਿਦਿਅਕ ਸਿਲੇਬਸਾਂ ਨਾਲ ਜੋੜ ਕੇ ਆਦਰਸ਼ਵਾਦੀ ਮਨੁੱਖ ਬਣਾਇਆ ਜਾ ਸਕੇ। ਭਾਈ ਤਰਸੇਮ ਸਿੰਘ ਦਾ ਸੰਪਰਕ ਨੰਬਰ 00447950692370 ਹੈ।ਬੀਤੇ ਦਿਨੀਂ ਉਨਾਂ ਨਾਲ **ਪ੍ਰੋ. ਬਲਵਿੰਦਰਪਾਲ ਸਿੰਘ** ਨੇ ਮੁਲਾਕਾਤ ਕੀਤੀ-

ਸੁਆਲ-ਭਾਈ ਸਾਹਿਬ ਤੁਸੀਂ ਜੋ ਸਕੂਲ ਖੋਜੇਵਾਲ ਖੋਲਣ ਜਾ ਰਹੇ ਹੋ, ਉਸ ਪਿੱਛੇ ਤੁਹਾਡਾ ਮਿਸ਼ਨ ਕੀ ਹੈ?

ਜੁਆਬ-ਸਾਡਾ ਮਿਸ਼ਨ ਸਿੱਖ ਪੰਥ ਨੂੰ ਵਿਦਿਅਕ ਤੇ ਬੌਧਿਕ ਵਿਕਾਸ ਵਲ ਤੋਰਨਾ ਹੈ। ਤੁਹਾਨੂੰ ਯਾਦ ਕਰਵਾ ਦੇਈਏ ਕਿ ਬੀਬੀ ਹਰਨਾਮ ਕੌਰ ਤੇ ਉਹਨਾਂ ਦੇ ਪਤੀ ਭਾਈ ਤਖ਼ਤ ਸਿੰਘ ਜੋ ਸਿੰਘ ਸਭਾ ਲਹਿਰ ਨਾਲ ਜੁੜੇ ਹੋਏ ਸਨ ਤੇ ਗਿਆਨੀ ਦਿੱਤ ਸਿੰਘ ਹੁਰਾਂ ਦੇ ਅਹਿਮ ਸਾਥੀ ਸਨ, ਨੇ ਆਰੀਆ ਸਮਾਜੀਆਂ ਅਤੇ ਇਸਾਈ ਮਿਸ਼ਨਰੀਆਂ ਦੇ ਮੁਕਾਬਲੇ ਸਿੱਖ ਵਿਦਿਅਕ ਲਹਿਰ ਚਲਾਈ ਸੀ। ਇਸ ਤਹਿਤ ਉਨਾਂ ਨੇ ਫਿਰੋਜਪੁਰ ਵਿਚ 1892 ਈਸਵੀ ਦੌਰਾਨ ਸਿੱਖ ਕੰਨਿਆਂ ਮਹਾਂਵਿਦਿਆਲਯ ਹੋਸਟਲ ਸਮੇਤ ਸਕੂਲ ਖੋਲਿਆ ਸੀ। ਇਹ ਲੜਕੀਆਂ ਦਾ ਪਹਿਲਾ ਸਕੂਲ ਸੀ। ਉਨਾਂ ਦਾ ਕਹਿਣਾ ਸੀ ਕਿ ਲੜਕੀਆਂ ਨੂੰ ਪੜਾ ਦਿਓ ਤਾਂ ਸਮਾਜ ਪੜ ਜਾਵੇਗਾ। ਇਹ ਸਿੱਖ ਪੰਥ ਦੀ ਵੱਡੀ ਲਹਿਰ ਸੀ, ਜਿਸ ਨੇ ਸਿੱਖ ਪੰਥ ਦੇ ਬੌਧਿਕ ਵਿਕਾਸ ਵਿਚ ਵੱਡਾ ਪਾਇਆ। ਅੱਜ ਵੀ ਇਸ ਗੱਲ ਦੀ ਲੋੜ ਹੈ ਤਾਂ ਜੋ ਸਾਡੇ ਬੱਚੇ ਪੜ ਲਿਖ ਕੇ ਵੱਡੀਆਂ ਪੋਸਟਾਂ 'ਤੇ ਸਥਾਪਤ ਹੋ ਸਕਣ। ਬਿਉਰੋਕ੍ਰੇਸੀ ਵਿਚ ਆਪਣੇ ਪੰਥ ਦਾ ਨਾਮ ਚਮਕਾ ਸਕਣ ਤੇ ਵਿਸ਼ਵ ਪੱਧਰ 'ਤੇ ਕੌਮ ਦਾ ਨਾਮ ਰੌਸ਼ਨ ਕਰ ਸਕਣ। ਇਸੇ ਭਾਵਨਾ ਤਹਿਤ ਬ੍ਰਿਟਿਸ਼ ਸਿੱਖ ਕੌਂਸਲ ਨੇ ਸਿੱਖ ਕੌਮ ਨੂੰ ਵਿਦਿਅਕ ਤੌਰ 'ਤੇ ਅੱਗੇ ਵਧਾਉਣ ਦੇ ਲਈ ਕਪੂਰਥਲਾ ਵਿਚ ਉੱਚ ਪੱਧਰੀ ਮਾਡਲ ਸਿੱਖ ਵਿਦਿਆ ਦਾ ਸਕੂਲ ਖੋਲਿਆ ਹੈ ਦਿੱਤਾ ਗਿਆ ਹੈ। ਇਸ ਦਾ ਬੀਤੇ ਦਿਨੀਂ ਅਸੀਂ ਉਦਘਾਟਨ ਸੁਖਮਨੀ ਸਾਹਿਬ ਦਾ ਪਾਠ ਤੇ ਅਰਦਾਸ ਕਰਕੇ ਕੀਤਾ ਹੈ।

ਸੁਆਲ-ਇਹ ਸਕੂਲ ਬਾਕੀ ਸਕੂਲੋਂ ਨਾਲੋਂ ਵੱਖਰਾ ਕਿਵੇਂ ਹੋਵੇਗਾ?

ਜੁਆਬ-ਇਸ ਸਕੂਲ ਵਿਚ ਐਡਮਿਸ਼ਨ ਫੰਡ, ਅਨੂਅਲ ਫੰਡ, ਸਕਿਉਰਟੀ ਫੰਡ ਨਹੀਂ ਲਿਆ ਜਾਵੇਗਾ। ਸਕੂਲ ਵਲੋਂ ਸਿਰਫ ਇਕ ਹਜ਼ਾਰ ਰਜਿਸਟਰੇਸ਼ਨ ਚਾਰਜ ਨਰਸਰੀ ਤਾਂ ਸਿਰਫ 2300 ਰੁਪਏ ਮਹੀਨੇ ਦੀ ਫ਼ੀਸ ਹੋਵੇਗੀ। ਕਿਤਾਬਾਂ ਯੂਨੀਫ਼ਾਰਮ ਅਤੇ ਟਰਾਂਸਪੋਰਟ ਦਾ ਪ੍ਰਬੰਧ ਤਾਂ ਹਰ ਬੱਚੇ ਨੂੰ ਆਪਣੇ ਵੱਲੋਂ ਕਰਨਾ ਪਵੇਗਾ। ਇਹ ਸਕੂਲ ਹਰ ਰੋਜ਼ ਬਾਰਾ ਘੰਟੇ ਚੱਲਦਾ ਰਹੇਗਾ। ਸਕੂਲ ਦੀ ਪੜਾਈ ਨਾਲ ਗੁਰਮਤਿ ਦੀ ਪੜਾਈ ਵੀ ਲਾਜ਼ਮੀ ਹੋਵੇਗੀ। ਸਿਹਤ, ਸਿੱਖਿਆ ਲਈ ਖੇਡਾਂ ਦਾ ਵਿਸ਼ੇਸ਼ ਤੇ ਉੱਤਮ ਪ੍ਰਬੰਧ ਕੀਤਾ ਜਾ ਰਿਹਾ ਹੈ। ਸਕੂਲ ਟਾਈਮ ਤੋਂ ਬਾਅਦ ਵਿੱਚ ਵੀ ਲੜਕੀਆਂ ਨੂੰ ਗੁਰਮਤਿ ਵਿਚਾਰ, ਕੀਰਤਨ ਦੀ ਸਿੱਖਿਆ ਦਿੱਤੀ ਜਾਵੇਗੀ। ਸਕੂਲ ਵਿਚ ਫਰੀ ਇੰਗਲਿਸ਼ ਕਲਾਸਾਂ ਲਗਾਈਆਂ ਜਾਣਗੀਆਂ। ਇਥੋਂ ਦੀ ਪੜਾਈ ਯੂ ਕੇ ਵਰਗੇ ਦੇਸ਼ਾਂ ਦੀ ਪੜਾਈ ਬਰਾਬਰ ਹੋਵੇਗੀ। ਬੱਚਿਆਂ ਦੀ ਸਿਕਉਰਿਟੀ ਦਾ ਖਾਸ ਧਿਆਨ ਵੀ ਰੱਖਿਆ ਜਾਵੇਗਾ। ਬੱਚਾ ਸਕੂਲ ਵਿੱਚ ਆਉਂਦਾ ਹੈ ਜਾਂ ਬਾਹਰ ਜਾਂਦਾ, ਬੱਚੇ ਨੂੰ ਸਕੂਲ ਦਾ ਹੋਮ ਵਰਕ ਪਰਿੰਟ ਤੇ ਮੋਬਾਇਲ 'ਤੇ ਮੈਸਿਜ ਰਾਹੀਂ ਪਹੁੰਚ ਜਾਵੇਗਾ। ਟੀਚਰ ਦੀ ਟਰੇਨਿੰਗ ਦਾ ਖਾਸ ਧਿਆਨ ਦਾ ਪ੍ਰਬੰਧ ਕੀਤਾ ਗਿਆ ਹੈ। ਹਰ ਤਿੰਨ ਮਹੀਨੇ ਬਾਅਦ ਟੀਚਰ ਟਰੇਨਿੰਗ ਹੋਵੇਗੀ। ਯੂ ਕੇ ਵਰਗੇ ਦੇਸ਼ਾਂ ਤੋਂ ਵੀ ਵਿਸ਼ੇਸ਼ ਟਰੇਨਰ ਮੰਗਵਾ ਕੇ ਅਤੇ ਯੂ ਕੇ ਦੇ ਸਕੂਲਾਂ ਦੇ ਬੱਚਿਆਂ ਅਤੇ ਬ੍ਰਿਟਿਸ਼ ਸਿੱਖ ਸਕੂਲ ਪੰਜਾਬ ਦੇ ਬੱਚਿਆਂ ਦੀ ਆਪਸੀ ਪੜਾਈ ਅਤੇ ਆਪਸੀ ਤਾਲਮੇਲ ਦੇ ਪ੍ਰਬੰਧ ਕੀਤੇ ਜਾਣਗੇ। ਇਸ ਏਰੀਏ ਦੇ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਵੀ ਸਮਾਰਟ ਕਲਾਸਾਂ ਲਗਾਈਆਂ ਜਾਣਗੀਆਂ। ਬ੍ਰਿਟਿਸ਼ ਸਿੱਖ ਸਕੂਲ ਵਿਚ ਗਰੀਬ ਬੱਚਿਆਂ ਦੀਆਂ ਫੀਸਾਂ ਘੱਟ ਲਈਆਂ ਜਾਣਗੀਆਂ, 300 ਸਿਕਲੀਗਰ ਸਿੱਖ ਬੱਚਿਆਂ ਨੂੰ ਫ੍ਰੀ ਵਿਦਿਆ ਦਿੱਤੀ ਜਾਵੇਗੀ। ਕਿਸਾਨਾਂ ਨੂੰ ਫਸਲ ਸੰਬੰਧੀ ਟਰੇਨਿੰਗ ਦਿੱਤੀ ਜਾਵੇਗੀ।




ਸੁਆਲ-ਸਿਕਲੀਗਰ ਭਾਈਚਾਰੇ ਲਈ ਕੀ ਤੁਸੀਂ ਕੀ ਕਰ ਰਹੇ ਹੋ?

ਜੁਆਬ-2021 ਦੌਰਾਨ ਜੋ ਮਰਦਮਸ਼ੁਮਾਰੀ ਹੋ ਰਹੀ ਹੈ, ਉਸ ਦੌਰਾਨ ਅਸੀਂ ਸਿਕਲੀਗਰ, ਕਬੀਰਪੰਥੀਆਂ, ਰਵੀਦਾਸੀਆਂ ਨੂੰ ਸਿੱਖ ਧਰਮ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰਵਾਵਾਂਗੇ, ਕਿਉਂਕਿ ਉਨਾਂ ਨੂੰ ਇਕ ਸਾਜ਼ਿਸ਼ ਤਹਿਤ ਤੇ ਸਿੱਖਾਂ ਦੀ ਗਿਣਤੀ ਘਟਾਉਣ ਲਈ ਕਬੀਲਿਆਂ ਤੇ ਹਿੰਦੂ ਧਰਮ ਵਿਚ ਗਿਣਿਆ ਜਾ ਰਿਹਾ ਹੈ। ਇਨਾਂ ਦੀ ਗਿਣਤੀ ਤਕਰੀਬਨ 12-13 ਕਰੋੜ ਦੇ ਲਗਭਗ ਹੈ। ਇਸ ਸੰਬੰਧ ਵਿਚ ਅਸੀਂ ਅਕਾਲ ਤਖ਼ਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਤੇ ਸਮੂਹ ਪੰਥਕ ਜਥੇਬੰਦੀਆਂ ਨੂੰ ਸਹਿਯੋਗ ਦੀ ਅਪੀਲ ਕਰਦੇ ਹਾਂ।

ਤੁਹਾਨੂੰ ਯਾਦ ਕਰਵਾ ਦੇਈਏ ਕਿ ਸਿਕਲੀਗਰਾਂ ਨੇ ਸਿੱਖ ਧਰਮ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਗ੍ਰਹਿਣ ਕੀਤਾ। ਗੁਰੂ ਨਾਨਕ ਸਾਹਿਬ ਨੇ ਆਪਣੀਆਂ ਯਾਤਰਾਵਾਂ ਦੌਰਾਨ ਸਿਕਲੀਗਰਾਂ ਨੂੰ ਸਿੱਖ ਬਣਾਇਆ ਸੀ ਤੇ ਉਹਨਾਂ ਨੂੰ ਉਪਦੇਸ਼ ਦਿੱਤੇ ਸਨ, ਜੋ ਅੱਜ ਤੱਕ ਉਹਨਾਂ ਨੂੰ ਯਾਦ ਹਨ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਤੱਕ ਇਹਨਾਂ ਦਾ ਸਿੱਖ ਪੰਥ ਨਾਲ ਅਟੁੱਟ ਸੰਬੰਧ ਰਿਹਾ ਹੈ। ਪਰ ਜਦੋਂ 18ਵੀਂ ਸਦੀ ਦੇ ਦੌਰਾਨ ਮੁਗਲ ਹਕੂਮਤ ਦੇ ਜ਼ੁਲਮ ਤੇਜ਼ ਹੋ ਗਏ ਅਤੇ ਸਰਕਾਰੀ ਪੱਧਰ 'ਤੇ ਤਿੰਨ ਵਾਰੀ ਇਹ ਐਲਾਨ ਕੀਤਾ ਗਿਆ ਕਿ ਕਿਸੇ ਕਤਲ ਕੀਤੇ ਸਿੱਖ ਦਾ ਸਿਰ ਵੀ ਕੋਈ ਲਿਆ ਦੇਵੇ ਤਾਂ ਉਸ ਨੂੰ ਇਨਾਮ ਵਜੋਂ ਵੱਡੀ ਰਕਮ ਦਿੱਤੀ ਜਾਵੇਗੀ। ਇਸ ਇਤਿਹਾਸਕ ਕਾਰਨ ਕਰਕੇ, ਮੁਗਲ ਹਕੂਮਤ ਦੇ ਜ਼ੁਲਮਾਂ ਕਰਕੇ ਅਜਿਹੀਆਂ ਪ੍ਰਸਥਿਤੀਆਂ ਬਣ ਗਈਆਂ ਜਿਸ ਕਰਕੇ ਇਹ ਪੰਜਾਬ ਦੇ ਸਿੱਖਾਂ ਨਾਲੋਂ ਟੁੱਟ ਗਏ। ਇਹਨਾਂ ਨੂੰ ਭਾਰਤ ਦੇ ਲੋਕ ਵਣਜਾਰਿਆਂ ਅਤੇ ਸਿਕਲੀਗਰਾਂ ਵਜੋਂ ਜਾਣਦੇ ਹਨ, ਸਿੱਖ ਵਜੋਂ ਨਹੀਂ। ਪਰ ਇਹਨਾਂ ਸਿਕਲੀਗਰਾਂ ਨੂੰ ਖਾਲਸਾ ਪੰਥ ਦੀ ਮੁੱਖ ਧਾਰਾ ਵਿਚ ਲਿਆਉਣ ਦਾ ਉਪਰਾਲਾ ਬ੍ਰਿਟਿਸ਼ ਸਿੱਖ ਕੌਂਸਲ ਨੇ ਕੀਤਾ ਹੈ।

ਬ੍ਰਿਟਿਸ਼ ਸਿੱਖ ਕੌਂਸਲ ਵੱਲੋਂ ਅਸੀਂ ਇਨਾਂ ਦੀ ਵਿਦਿਆ ਵਲ ਧਿਆਨ ਦੇਣਾ ਸ਼ੁਰੂ ਕੀਤਾ ਹੈ। ਦਸਵੀਂ ਜਾਂ ਇਸ ਤੋਂ ਅਗੇ ਦੀ ਪੜਾਈ ਵੱਲ ਵੀ ਅਸੀਂ ਹੁਣ ਜ਼ੋਰ ਦੇ ਰਹੇ ਹਾਂ। ਆਰਥਿਕ ਪੱਖੋਂ ਇਹ ਭਾਈਚਾਰਾ ਕਾਫੀ ਕਮਜ਼ੋਰ ਹੈ। ਜ਼ਮੀਨ ਕਿਸੇ ਕੋਲ ਨਹੀਂ। ਸਨਅਤਾਂ ਵਿਚ ਕੰਮ ਵਾਲੇ ਪਾਸੇ ਗਏ ਨਹੀਂ ਤੇ ਨੌਕਰੀਆਂ ਲਈ ਇਨਾਂ ਲੋਕਾਂ ਕੋਲ ਸਾਧਨ ਤੇ ਯੋਗਤਾ ਨਹੀਂ। ਇਸ ਕਰਕੇ ਲੋਹੇ ਦਾ ਸਮਾਨ ਬਣਾਉਣਾ ਤੇ ਫਿਰ ਇਸ ਨੂੰ ਸੜਕਾਂ ਉੱਪਰ ਖੜੋ ਕੇ ਜਾਂ ਪਿੰਡ ਵਿਚ ਫੇਰੀ ਦੇ ਕੇ ਵੇਚ ਲੈਣਾ, ਬਸ ਇਹੀ ਰੋਜ਼ੀ ਦਾ ਵੱਡਾ ਸਾਧਨ ਹੈ। ਆਰਥਿਕ ਤੌਰ 'ਤੇ ਮਜ਼ਬੂਤ ਨਾ ਹੋਣ ਕਾਰਨ ਰਹਿਣ-ਸਹਿਣ ਦਾ ਪੱਧਰ ਏਨਾ ਨੀਵਾਂ ਹੈ ਕਿ ਛੋਟੀਆਂ ਮੋਟੀਆਂ ਝੁੱਗੀਆਂ ਵਿਚ 10-10, 15-15 ਜੀਅ ਗੁਜ਼ਾਰਾ ਕਰ ਰਹੇ ਹਨ ਅਤੇ ਇਨਾਂ ਦੇ ਰੁਜ਼ਗਾਰ ਲਈ ਪ੍ਰਬੰਧ ਕੀਤਾ ਜਾ ਰਿਹਾ ਹੈ। ਇਸ ਲਈ ਇਹਨਾਂ ਲਈ ਉਥੇ ਪੱਕੇ ਘਰ ਬਣਾ ਕੇ ਦਿੱਤੇ ਜਾ ਰਹੇ ਹਨ। ਮਹਾਂਰਾਸ਼ਟਰ ਵਿਚ ਬ੍ਰਿਟਿਸ਼ ਸਿੱਖ ਕੌਂਸਲ ਵੱਲੋਂ 200 ਤੋਂ ਵਧ ਪੱਕੇ ਘਰ ਬਣਾ ਕੇ ਦਿੱਤੇ ਗਏ ਹਨ। ਇਹਨਾਂ ਦੇ 35 ਪਿੰਡਾਂ ਨੂੰ ਸਾਫ ਪਾਣੀ ਦਿੱਤਾ ਜਾ ਚੁਕਾ ਹੈ। ਜਿਹੜੀਆਂ ਜਵਾਨੀ ਦੀ ਉਮਰ ਵਿਚ ਇਸਤਰੀਆਂ ਵਿਧਵਾ ਹੋ ਗਈਆਂ ਹਨ, ਉਹਨਾਂ ਨੂੰ ਬ੍ਰਿਟਿਸ਼ ਸਿੱਖ ਕੌਂਸਲ ਵਲੋਂ 2000 ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾ ਰਹੀ ਹੈ। 8 ਸਿਕਲੀਗਰ ਸਿੱਖ ਬੱਚਿਆਂ ਨੂੰ ਇੰਜੀਨੀਅਰਿੰਗ ਦਾ ਕੋਰਸ ਕਰਵਾਇਆ ਜਾ ਰਿਹਾ ਹੈ। ਮੱਧ ਪ੍ਰਦੇਸ਼ ਦੇ ਇਕ ਪਿੰਡ ਪਖਨਾਰ ਵਿਚ ਸ਼ਾਪਿੰਗ ਸੈਂਟਰ ਬਣਾਇਆ ਜਾ ਰਿਹਾ ਹੈ ਤਾਂ ਜੋ ਸਿਕਲੀਗਰ ਸਿੱਖਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਸਿਕਲੀਗਰ ਸਿੱਖ ਬੀਬੀਆਂ ਲਈ ਵੀ ਸਿਲਾਈ ਸੈਂਟਰ ਦਾ ਪ੍ਰਬੰਧ ਕੀਤਾ ਜਾ ਚੁੱਕਾ ਹੈ।

ਬ੍ਰਿਟਿਸ਼ ਸਿੱਖ ਕੌਂਸਲ ਵੱਲੋਂ ਉਨਾਂ ਲਈ ਮਹਾਂਰਾਸ਼ਟਰ, ਮੱਧ ਪ੍ਰਦੇਸ਼ ਵਿਚ ਕਈ ਗੁਰਦੁਆਰੇ ਬਣਾ ਕੇ ਦਿੱਤੇ ਹਨ ਤਾਂ ਜੋ ਉਹ ਸਿੱਖ ਧਰਮ ਨੂੰ ਸਹੀ ਢੰਗ ਨਾਲ ਸਮਝ ਸਕਣ। ਜਿਹੜੇ ਗੁਰਦੁਆਰਿਆਂ ਦੀ ਸਥਾਪਨਾ ਬ੍ਰਿਟਿਸ਼ ਸਿੱਖ ਕੌਂਸਲ ਵੱਲੋਂ ਕੀਤੀ ਹੈ, ਉਸ ਦਾ ਵੇਰਵਾ ਇਸ ਪ੍ਰਕਾਰ ਹੈ-ਗੁਰੂ ਨਾਨਕ ਵਰੂੜ ਗੁਰਦੁਆਰਾ ਮਹਾਂਰਾਸ਼ਟਰ, ਗੁਰੂ ਗੋਬਿੰਦ ਸਿੰਘ ਗੁਰਦੁਆਰਾ ਕਮਲੇਸ਼ਵਰ ਮਹਾਂਰਾਸ਼ਟਰ, ਗੁਰੂ ਹਰਗੋਬਿੰਦ ਸਾਹਿਬ ਗੁਰਦੁਆਰਾ ਦੁਰਗਾਪੁਰ (ਚੰਦਰਪੁਰ), ਗੁਰੂ ਨਾਨਕ ਗੁਰਦੁਆਰਾ ਵਾਰਧਾ ਮਹਾਂਰਾਸ਼ਟਰ, ਗੁਰੂ ਨਾਨਕ ਗੁਰਦੁਆਰਾ ਤਲੇਗਾਉਂ, ਗੁਰੂ ਨਾਨਕ ਗੁਰਦੁਆਰਾ ਥਾਣੇਗਾਉਂ, ਸਿੰਘ ਸਭਾ ਗੁਰਦੁਆਰਾ ਰਾਮ ਦੀ, ਗੁਰੂ ਨਾਨਕ ਗੁਰਦੁਆਰਾ ਦਾਊਸਾ, ਸਿੰਘ ਸਭਾ ਗੁਰਦੁਆਰਾ ਇੰਦਰਾ ਨਗਰ (ਚੰਦਰਪੁਰ), ਗੁਰੂ ਨਾਨਕ ਗੁਰਦੁਆਰਾ ਹਾਰਟਾ (ਡੂੰਗਰਗਾਂਵ), ਸਿੰਘ ਸਭਾ ਗੁਰਦੁਆਰਾ ਇੰਦਰਾ ਨਗਰ ਮੱਧ ਪ੍ਰਦੇਸ਼, ਗੁਰੂ ਨਾਨਕ ਗੁਰਦੁਆਰਾ ਅਰੋਨ (ਗੁਣਾ), ਗੁਰੂ ਗੋਬਿੰਦ ਸਿੰਘ ਗੁਰਦੁਆਰਾ ਮਥਾਣਾ ਅਸ਼ੋਕ ਨਗਰ ਮੱਧ ਪ੍ਰਦੇਸ਼, ਸਿੰਘ ਸਭਾ ਗੁਰਦੁਆਰਾ ਨੰਦਪੁਰ ਚੱਕ (ਮੱਧ ਪ੍ਰਦੇਸ਼), ਗੁਰੂ ਨਾਨਕ ਗੁਰਦੁਆਰਾ ਲਫਤੋਰਾ (ਮੱਧ ਪ੍ਰਦੇਸ਼), ਗੁਰੂ ਨਾਨਕ ਗੁਰਦੁਆਰਾ ਸ਼ਾਲਪੀ, ਗੁਰੂ ਨਾਨਕ ਗੁਰਦੁਆਰਾ ਖਖਨਾਰ ਮੱਧ ਪ੍ਰਦੇਸ਼, ਗੁਰੂ ਗੋਬਿੰਦ ਸਿੰਘ ਗੁਰਦੁਆਰਾ ਲਾਲ ਬਾਗ ਜ਼ਿਲਾ ਧਾਰ ਮੱਧ ਪ੍ਰਦੇਸ਼, ਗੁਰੂ ਨਾਨਕ ਗੁਰਦੁਆਰਾ (ਸ਼ਾਹਪੁਰ) ਜ਼ਿਲਾ ਬੜਵਾਨੀ ਮੱਧ ਪ੍ਰਦੇਸ਼, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਗੁਰਦੁਆਰਾ ਖੁਰਮਾ ਜ਼ਿਲਾ ਬੜਵਾਨੀ (ਮੱਧ ਪ੍ਰਦੇਸ਼), ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਉਸਾਵੜ ਮੱਧ ਪ੍ਰਦੇਸ਼, ਸਿੰਘ ਸਭਾ ਗੁਰਦੁਆਰਾ ਉਸਵਾੜਾ ਮੱਧ ਪ੍ਰਦੇਸ਼।

ਬ੍ਰਿਟਿਸ਼ ਸਿੱਖ ਕੌਂਸਲ, ਦੇ ਉਦਮ ਸਦਕਾ 15,000 ਸਿਕਲੀਗਰ ਅੰਮ੍ਰਿਤ ਛੱਕ ਚੁੱਕੇ ਹਨ। ਗੁਰਦੁਆਰਿਆਂ 'ਚ ਛੋਟੇ ਛੋਟੇ ਬੱਚੇ ਜ਼ੁਬਾਨੀ ਨਿਤਨੇਮ ਕਰਦੇ ਹਨ। ਇਸ ਸੰਬੰਧ ਵਿਚ ਅਸੀਂ ਹਰ ਸਾਲ 300-400 ਦਾ ਸਿੱਖ ਸਿਕਲੀਗਰਾਂ ਦਾ ਜਥਾ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਲੈ ਕੇ ਜਾਈਦਾ ਹੈ। 25 ਤੋਂ ਵਧ ਗ੍ਰੰਥੀ ਮਹਾਂਰਾਸ਼ਟਰ ਤੇ ਮੱਧ ਪ੍ਰਦੇਸ਼ ਵਿਚ ਨਿਯੁਕਤ ਕੀਤੇ ਹਨ।

# ਦਿੱਲੀ ਕਤਲੇਆਮ ਕੀ ਕਿਸੇ ਵੱਡੀ ਤਬਾਹੀ ਦਾ ਛੋਟਾ ਰਾਜਨੀਤਕ ਪ੍ਰਯੋਗ ਹੈ

**- ਆਸ਼ੂਤੋਸ਼**

ਸੁਪਰੀਮ ਕੋਰਟ ਨੇ ਇਕ ਵਾਰ ਉਮੀਦ ਜਗਾਈ ਸੀ ਕਿ ਜਿਨਾਂ ਲੋਕਾਂ ਨੇ ਦਿੱਲੀ ਹਿੰਸਾ ਭੜਕਾਈ ਹੈ ਜਾਂ ਭੜਕਾਉਣ ਵਿਚ ਜਿਨਾਂ ਨੇ ਭੂਮਿਕਾ ਨਿਭਾਈ ਹੈ, ਉਨਾਂ ਦੇ ਖਿਲਾਫ਼ ਕਾਨੂੰਨੀ ਕਾਰਵਾਈ ਹੋਵੇਗੀ ਤੇ ਸਜ਼ਾ ਮਿਲੇਗੀ। ਬੀਤੇ ਬੁੱਧਵਾਰ ਨੂੰ ਸੁਪਰੀਮ ਕੋਰਟ ਨੇ ਹੁਕਮ ਦਿੱਤਾ ਸੀ ਕਿ ਨਫ਼ਰਤੀ ਭਾਸ਼ਣਾਂ 'ਤੇ ਸੁਣਵਾਈ ਦਿੱਲੀ ਹਾਈਕੋਰਟ ਵਿਚ ਸ਼ੁੱਕਰਵਾਰ ਨੂੰ ਹੋਵੇਗੀ। ਇਨਾਂ ਮਾਮਲਿਆਂ ਵਿਚ ਤੱਦ ਉਮੀਦ ਖਤਮ ਹੋ ਗਈ ਸੀ, ਜਦ ਦਿੱਲੀ ਹਾਈਕੋਰਟ ਨੇ ਦਿੱਲੀ ਪੁਲੀਸ ਨੂੰ ਆਪਣੀ ਰਿਪੋਰਟ ਫਾਈਲ ਕਰਨ ਦੇ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਸੀ। ਜਦ ਕਿ ਇਸੇ ਦਿੱਲੀ ਹਾਈਕੋਰਟ ਨੇ ਇਸ ਹੁਕਮ ਤੋਂ ਇਕ ਦਿਨ ਪਹਿਲਾਂ ਹੀ ਕਤਲੇਆਮ ਵਿਚ ਪੁਲੀਸ ਦੀ ਭੂਮਿਕਾ ਉੱਪਰ ਨਰਾਜ਼ਗੀ ਪ੍ਰਗਟਾਈ ਸੀ। ਅਦਾਲਤ ਨੇ ਕਿਹਾ ਕਿ ਉਹ 1984 ਵਾਲੇ ਹਾਲਾਤ ਨਹੀਂ ਬਣਨ ਦੇਵੇਗੀ। ਉਸ ਨੇ ਪੁਲੀਸ ਨੂੰ ਕਿਹਾ ਕਿ ਭੜਕਾਊ ਭਾਸ਼ਣ ਦੇਣ ਵਾਲਿਆਂ ਖਿਲਾਫ਼ ਮੁਕੱਦਮਾ ਦਰਜ ਕਰੇ ਤੇ ਅਗਲੇ ਦਿਨ ਅਦਾਲਤ ਨੂੰ ਸੂਚਿਤ ਕਰੇ।

ਹੈਰਾਨੀ ਦੀ ਗੱਲ ਹੈ ਕਿ ਹੁਕਮ ਦੇਣ ਵਾਲੇ ਜਸਟਿਸ ਮੁਰਲੀਧਰ ਦੀ ਤਬਦੀਲੀ ਉਸੇ ਰਾਤ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਕਰ ਦਿੱਤੀ ਗਈ ਸੀ। ਅਗਲੇ ਦਿਨ ਹਾਈਕੋਰਟ ਦੇ ਬਦਲੇ ਬੈਂਚ ਨੇ ਦਿੱਲੀ ਪੁਲੀਸ ਨੂੰ ਰਾਹਤ ਦੇ ਦਿੱਤੀ। ਭਾਜਪਾ ਦੇ ਸਾਰੇ ਨੇਤਾਵਾਂ ਨੇ ਦਿੱਲੀ ਚੋਣਾਂ ਤੇ ਬਾਅਦ ਵਿਚ ਜ਼ਹਿਰ ਬੁਝੇ ਨਫ਼ਰਤ ਫੈਲਾਉਣ ਵਾਲੇ ਭਾਸ਼ਣ ਦਿੱਤੇ। ਅਦਾਲਤ ਵਿਚ ਕਪਿਲ ਮਿਸ਼ਰਾ, ਪ੍ਰਵੇਸ਼ ਵਰਮਾ, ਅਨੁਰਾਗ ਠਾਕੁਰ ਦੇ ਵੀਡੀਓ ਸੁਣਵਾਈ ਦੇ ਦੌਰਾਨ ਚਲਾ ਕੇ ਦਿਖਾਏ ਗਏ। ਅਦਾਲਤ ਖਾਸੀ ਨਰਾਜ਼ ਸੀ। ਕਪਿਲ ਮਿਸ਼ਰਾ ਦਾ ਇਹ ਵੀਡੀਓ ਸਭ ਜਗਾ ਵਾਇਰਲ ਹੋਇਆ। ਇਸ ਵਿਚ ਉਹ ਜਾਫਰਾਬਾਦ ਵਿਚ ਧਰਨੇ 'ਤੇ ਬੈਠੀਆਂ ਔਰਤਾਂ ਨੂੰ ਧਮਕਾਉਂਦਾ ਹੈ ਕਿ ਜੇਕਰ ਤਿੰਨ ਦਿਨ ਦੇ ਅੰਦਰ ਇਹ ਜਗਾ ਖਾਲੀ ਨਹੀਂ ਕੀਤੀ ਤਾਂ ਕੋਈ ਉਸ ਨੂੰ ਰੋਕ ਨਹੀਂ ਸਕੇਗਾ, ਉਸ ਦਾ ਇਸ਼ਾਰਾ ਸੀ ਕਿ ਪੁਲੀਸ ਵੀ ਉਸ ਤੋਂ ਉਨਾਂ ਨੂੰ ਨਹੀਂ ਬਚਾ ਸਕੇਗੀ।

ਇਲਾਕੇ ਦੇ ਡਿਪਟੀ ਕਮਿਸ਼ਨਰ ਆਫ ਪੁਲੀਸ ਠੀਕ ਉਸ ਦੇ ਪਿੱਛੇ ਖਲੌਤੇ ਸਨ। ਪੁਲੀਸ ਅਫਸਰ ਨੇ ਕਪਿਲ ਮਿਸ਼ਰਾ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਤੇ ਨਾ ਹੀ ਭੜਕਾਊ ਭਾਸ਼ਣ ਕਾਰਨ ਕਪਿਲ ਮਿਸ਼ਰਾ 'ਤੇ ਕੇਸ ਦਰਜ ਕੀਤਾ ਗਿਆ। ਇੱਥੋਂ ਤੱਕ ਦੋਨਾਂ ਪਾਸਿਓਂ ਤੋਂ ਪਥਰਾਅ ਹੋਇਆ। ਇਹ ਸਾਰਾ ਮਾਹੌਲ ਕਪਿਲ ਮਿਸ਼ਰਾ ਕਾਰਨ ਖਰਾਬ ਹੋਇਆ। ਇਲਾਕੇ ਦੇ ਲੋਕਾਂ ਨੇ ਦੋਸ਼ ਲਗਾਇਆ ਹੈ ਕਿ ਕਪਿਲ ਮਿਸ਼ਰਾ ਦੇ ਕਾਰਨ ਹਿੰਸਾ ਭੜਕੀ ਸੀ, ਜਿਸ ਕਾਰਨ ਚਾਰ ਦਰਜਨ ਲੋਕਾਂ ਦੀ ਜਾਨ ਗਈ ਤੇ ਸੈਂਕੜੇ ਘਾਇਲ ਹੋਏ। ਬਾਅਦ ਵਿਚ ਇਸੇ ਕਪਿਲ ਮਿਸ਼ਰਾ ਨੇ ਸ਼ਾਂਤੀ ਮਾਰਚ ਕੱਢਣ ਦਾ ਢੌਂਗ ਰਚਿਆ। ਇਸ ਮਾਰਚ ਲਈ ਪੁਲੀਸ ਤੋਂ ਕੋਈ ਇਜਾਜ਼ਤ ਨਹੀਂ ਲਈ ਗਈ। ਪਰ ਪੁਲੀਸ ਇਸ ਮਾਰਚ ਨੂੰ ਰੋਕਣ ਤੇ ਕਾਰਵਾਈ ਕਰਨ ਦੀ ਬਜਾਏ ਮਾਰਚ ਨੂੰ ਸੁਰੱਖਿਆ ਦਿੰਦੀ ਰਹੀ। ਇਸ ਮਾਰਚ ਵਿਚ ਫਿਰ ਭੜਕਾਊ ਨਾਅਰੇ ਲੱਗੇ, 'ਦੇਸ ਕੇ ਗਦਾਰੋ ਕੋ ਗੋਲੀ ਮਾਰੋ ਸਾਲੋ ਕੋ' ਦੇ ਨਾਅਰੇ ਲਗਾਏ। ਜਿਨਾਂ ਤਿੰਨ ਲੋਕਾਂ ਨੇ ਨਾਅਰੇ ਲਗਾਏ, ਉਨਾਂ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ।

ਕੀ ਇਸ ਦੇਸ ਵਿਚ ਦੋ ਤਰਾਂ ਦੇ ਕਾਨੂੰਨ ਹਨ? ਕੀ ਦੇਸ ਦੀ ਪੁਲੀਸ ਕਾਨੂੰਨ ਨੂੰ ਆਪਣੇ ਰਾਜਨੀਤਕ ਮਾਲਕਾਂ ਦੇ ਹਿਸਾਬ ਨਾਲ ਲਾਗੂ ਕਰਦੀ ਹੈ? ਇਸੇ ਤਰਾਂ ਦਿੱਲੀ ਪੁਲੀਸ ਨੇ ਵਿੱਤ ਰਾਜ ਮੰਤਰੀ ਅਨੁਰਾਗ ਠਾਕੁਰ ਦੇ ਖਿਲਾਫ਼ ਗੋਲੀ ਮਾਰੋ ਸਾਲੋ ਕੋ ਦਾ ਨਾਅਰਾ ਲਗਵਾਉਣ ਦੇ ਦੋਸ਼ ਵਿਚ ਕੇਸ ਦਰਜ ਨਹੀਂ ਕੀਤਾ। ਇਨਾਂ ਦੇ ਇਸ ਨਾਅਰੇ ਬਾਅਦ ਸ਼ਾਹੀਨ ਬਾਗ ਦੇ ਗੋਲੀ ਚਲਾਉਣ ਦੀਆਂ ਤਿੰਨ ਘਟਨਾਵਾਂ ਵਾਪਰੀਆਂ। ਹੁਣ ਤੱਕ ਦੋ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਇਸ ਵਿਚੋਂ ਇਕ ਦੀ ਜ਼ਮਾਨਤ ਹੋ ਚੁੱਕੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਦਿੱਲੀ ਪੁਲੀਸ ਦੇ ਅੰਨਦਾਤਾ ਕੇਂਦਰ ਸਰਕਾਰ ਦੇ ਵਕੀਲ ਨੇ ਦਿੱਲੀ ਹਾਈਕੋਰਟ ਵਿਚ ਕਿਹਾ ਕਿ ਅਜੇ ਭੜਕਾਊ ਭਾਸ਼ਣ ਦੇਣ ਵਾਲਿਆਂ ਖਿਲਾਫ਼ ਕੇਸ ਦਰਜ ਕਰਨਾ ਠੀਕ ਨਹੀਂ ਹੋਵੇਗਾ। ਹੁਣ ਇਹ ਗੱਲ ਕਿਸ ਆਧਾਰ 'ਤੇ ਕਹੀ ਗਈ ਹੈ? ਕੀ ਇਸ ਬਿਆਨ ਪਿੱਛੇ ਕੋਈ ਧਮਕੀ ਛੁਪੀ ਹੋਈ ਹੈ? ਜਾਂ ਧਮਕੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ? ਕੀ ਇਸ ਦੇਸ ਵਿਚ ਇਹ ਤੈਅ ਹੋ ਗਿਆ ਹੈ ਕਿ ਭੜਕਾਊ ਭਾਸ਼ਣ ਦੇਣ ਵਾਲਿਆਂ ਖਿਲਾਫ਼ ਕੋਈ ਕਾਰਵਾਈ ਕਦੀ ਨਾ ਕਰੋ ਨਹੀਂ ਤਾਂ ਹਿੰਸਾ ਭੜਕ ਜਾਏਗੀ।

ਅਦਾਲਤ ਵਿਚ ਤਾਂ ਇਸ ਬਾਰੇ ਫੈਸਲਾ ਹੋਵੇਗਾ, ਪਰ ਮੇਰਾ ਵਿਸ਼ਵਾਸ ਹੈ ਕਿ ਦਿੱਲੀ ਹਿੰਸਾ ਦੇਸ ਦੇ ਇਤਿਹਾਸ ਵਿਚ ਮੀਲ ਪੱਥਰ ਸਾਬਤ ਹੋਵੇਗੀ। ਇਹ ਮਾਮਲਾ ਇਹ ਤੈਅ ਕਰੇਗਾ ਕਿ ਭਾਰਤ ਸੰਵਿਧਾਨ ਦੇ ਹਿਸਾਬ ਨਾਲ ਕਿੰਨਾ ਚੱਲੇਗਾ ਜਾਂ ਕਿੰਨੀ ਦੂਰ ਤੱਕ ਚੱਲੇਗਾ? ਇਹ ਵੀ ਤੈਅ ਹੋਵੇਗਾ ਕਿ ਸਰਕਾਰ ਤੇ ਪੁਲੀਸ ਰਾਜਨੀਤਕ ਮਾਲਕਾਂ ਦੇ ਇਸ਼ਾਰਿਆਂ ਨਾਲ ਕਿਸ ਹੱਦ ਤੱਕ ਨੰਗਾ ਨਾਚ ਕਰ ਸਕਦੀ ਹੈ ਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਕਿੰਨੀ ਅਣਗਹਿਲੀ ਕਰ ਸਕਦੀ ਹੈ। ਇਹ ਗੱਲ ਵੀ ਜਨਤਾ ਦੇ ਸਾਹਮਣੇ ਖੁੱਲੇਗੀ ਕਿ ਨਿਆਂਪਾਲਿਕੀ ਸਹੀ ਇਨਸਾਫ਼ ਕਰ ਸਕਦੀ ਹੈ ਜਾਂ ਇਨਸਾਫ਼ ਦਾ ਮੰਦਰ ਵੀ ਆਪਣੀ ਭੂਮਿਕਾ ਭੁੱਲ ਚੁੱਕਾ ਹੈ। ਦਿੱਲੀ ਹਿੰਸਾ ਸ਼ਾਇਦ ਭਾਰਤ ਦੇ ਭਵਿੱਖ ਦਾ ਇਕ ਅਲੱਗ ਹੀ ਨਕਸ਼ਾ ਵੀ ਹੈ, ਜੋ ਸਾਨੂੰ ਡਰਾਉਣ ਦੇ ਲਈ ਕਾਫੀ ਹੈ। ਇਹ ਸੁਆਲ ਵੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਦੰਗਾ ਹੋਇਆ ਜਾਂ ਫਿਰ ਫਿਰਕੂ ਹਿੰਸਾ ਦੀ ਪ੍ਰਯੋਗਸ਼ਾਲਾ ਵਿਚ ਕੋਈ ਪ੍ਰਯੋਗ ਹੋ ਰਿਹਾ ਸੀ। ਹਿੰਸਾ ਆਮ ਤੌਰ 'ਤੇ ਕਿਸੇ ਵੀ ਮਾਮੂਲੀ ਗੱਲ 'ਤੇ ਭੜਕ ਜਾਂਦੀ ਹੈ। ਜੇਕਰ ਪ੍ਰਸ਼ਾਸ਼ਣ ਚੁਸਤ ਨਾ ਹੋਵੇ ਤਾਂ ਜਾਨ ਮਾਲ ਦਾ ਭਾਰੀ ਨੁਕਸਾਨ ਹੁੰਦਾ ਹੈ। ਦੰਗਿਆਂ ਵਿਚ ਜੋ ਮੌਕੇ 'ਤੇ ਹਥਿਆਰ ਮੌਜੂਦ ਹੁੰਦੇ ਹਨ, ਉਸ ਨਾਲ ਵਿਰੋਧੀ ਪੱਖ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਲਈ ਹੁਣ ਤੱਕ ਦੇਸ ਵਿਚ ਹੋਈ ਹਿੰਸਾ ਦੌਰਾਨ ਤਲਵਾਰ, ਚਾਕੂ, ਗੰਡਾਸਾ ਜਾਂ ਹੋਰ ਤਿੱਖੇ ਹਥਿਆਰ ਵਰਤੇ ਜਾਂਦੇ ਹਨ। ਪੁਲੀਸ ਦੇ ਬੇਹੱਦ ਅਨੁਭਵੀ ਅਫਸਰਾਂ ਨੇ ਕਿਹਾ ਕਿ ਇਸ ਹਿੰਸਾ ਵਿਚ ਬੰਦੂਕ ਦੀ ਗੋਲੀ ਨਾਲ ਜ਼ਿਆਦਾ ਲੋਕਾਂ ਨੂੰ ਮਾਰਿਆ ਗਿਆ ਹੈ। ਇਹ ਗੱਲ ਸਮਝ ਪੈਂਦੀ ਹੈ ਕਿ ਇਹ ਹਿੰਸਾ ਇਕ ਸੋਚੀ ਸਮਝੀ ਰਣਨੀਤੀ ਦਾ ਹਿਸਾ ਸੀ। ਜਾਫਰਾਬਾਦ ਤੇ ਕਰਾਵਲ ਨਗਰ ਵਿਚ ਛੱਤਾਂ ਵਿਚ ਪੈਟਰੋਲ ਬੰਬਾਂ ਦਾ ਮਿਲਣਾ, ਇੱਟਾਂ ਪੱਥਰਾਂ ਦਾ ਜਖੀਰਾ, ਵੱਡੇ ਗੁਲੇਲ ਤੇ ਭਾਰੀ ਸੰਖਿਆ ਵਿਚ ਗੋਲੀ ਚਲਣਾ ਇਹ ਸਾਫ ਸੰਕੇਤ ਹੈ ਕਿ ਦੋਵੇਂ ਭਾਈਚਾਰਿਆਂ ਦੇ ਲੋਕ ਦੰਗਿਆਂ ਦੇ ਲਈ ਤਿਆਰ ਸਨ। ਬੱਸ ਜ਼ਰਾ ਜਹੀ ਚੰਗਿਆੜੀ ਦੀ ਜ਼ਰੂਰਤ ਸੀ। ਇਹ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਇਨਾਂ ਦੰਗਿਆਂ ਵਿਚ ਹੈਲਮੈਟ ਪਾ ਕੇ ਹਮਲਾਵਰ ਆਏ। ਜਿਵੇਂ ਜੇਐਨਯੂ ਵਿਚ ਨਕਾਬ ਪਾ ਕੇ ਹਮਲਾਵਰਾਂ ਨੇ ਹੋਸਟਲਾਂ 'ਤੇ ਹਮਲੇ ਕੀਤੇ ਤੇ ਵਿਦਿਆਰਥੀਆਂ ਨੂੰ ਜ਼ਖ਼ਮੀ ਕੀਤਾ। ਇਹ ਹੈਲਮੈਟ ਜਾਂ ਨਕਾਬ ਕੀ ਦਰਸਾਉਂਦੇ ਹਨ? ਫਿਰ ਬਹੁ ਮੰਜ਼ਲੀ ਇਮਾਰਤਾਂ ਦੀਆਂ ਸਪਾਟ ਦੀਵਾਰਾਂ 'ਤੇ ਰੱਸੇ ਲਟਕੇ ਮਿਲੇ, ਜਿਨਾਂ ਦੇ ਰਾਹੀਂ ਹਮਲਾਵਰ ਜਾਂ ਤਾਂ ਹਮਲਾ ਕਰਨ ਲਈ ਉੱਪਰ ਚੜੇ ਜਾਂ ਉਤਰੇ ਸਨ। ਚੜਨ ਉੱਤਰਨ ਦਾ ਤਰੀਕਾ ਕੋਈ ਆਮ ਆਦਮੀ ਨਹੀਂ ਅਪਨਾ ਸਕਦਾ, ਇਸ ਦੇ ਲਈ ਫੌਜ ਜਾਂ ਫਿਰ ਸੁਰੱਖਿਆ ਬਲਾਂ ਵਿਚ ਵਿਸ਼ੇਸ਼ ਟ੍ਰੇਨਿੰਗ ਦਿੱਤੀ ਜਾਂਦੀ ਹੈ।

ਮਤਲਬ ਸਾਫ਼ ਹੈ ਕਿ ਹਮਲਾਵਰਾਂ ਨੂੰ ਕਿਸੇ ਫੈਕਟਰੀ ਵਿਚ ਤਿਆਰ ਕੀਤਾ ਗਿਆ ਹੈ ਤੇ ਦੁਸ਼ਮਣਾਂ ਨੂੰ ਸਬਕ ਸਿਖਾਉਣ ਲਈ ਦੰਗਿਆਂ ਵਿਚ ਉਤਾਰ ਦਿੱਤਾ ਗਿਆ। ਹੁਣ ਤਾਂ ਇਹ ਅਸਲੀ ਸਾਜ਼ਿਸ਼ ਕਰਤਾ ਹੀ ਦੱਸ ਸਕਦੇ ਹਨ ਕਿ ਇਹ ਦੰਗਾ ਸਿਰਫ ਇਕ ਸੰਯੋਗ ਸੀ ਜਾਂ ਪ੍ਰਯੋਗ। ਇਹ ਪ੍ਰਯੋਗ ਕਿਸ ਹੱਦ ਤੱਕ ਸਫਲ ਰਿਹਾ ਤੇ ਜੇ ਸਫਲ ਰਿਹਾ ਤਾਂ ਫਿਰ ਵੱਡੇ ਪੈਮਾਨੇ 'ਤੇ ਇਸ ਰਸਾਇਣ ਦਾ ਪ੍ਰਯੋਗ ਕਦ ਤੇ ਕਿੱਥੇ ਹੋਵੇਗਾ? ਇਸ ਸੰਦਰਭ ਵਿਚ ਨਿਆਂਪਾਲਿਕਾ ਦੀ ਭੂਮਿਕਾ ਬਹੁਤ ਗੰਭੀਰ ਹੋ ਜਾਂਦੀ ਹੈ। ਜੇਕਰ ਇਸ ਵਾਰ ਅਪਰਾਧੀ ਬਚ ਨਿਕਲੇ ਤਾਂ ਇਸ ਪ੍ਰਯੋਗ ਨੂੰ ਨਵੀਂ ਜਗਾ 'ਤੇ ਵੀ ਕੀਤਾ ਜਾਵੇਗਾ। ਦੇਸ ਇਸ ਸਮੇਂ ਇਤਿਹਾਸ ਦੇ ਉਸ ਮੋੜ 'ਤੇ ਖੜਾ ਹੈ, ਜਿੱਥੇ ਦਹਿਸ਼ਤ ਦਾ ਮਾਹੌਲ ਹੈ, ਜੋ ਤਬਾਹੀ ਕਰਕੇ ਹੀ ਜਾਵੇਗਾ।

# ਸਿੱਖ ਭਾਈਚਾਰੇ ਵਿਚ ਧਰਮ-ਸੰਵਾਦ ਦੀ ਲੋੜ

**- ਰਮਵੀਰ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਵਾਦ ਦੀ ਭਾਵਨਾ 'ਤੇ ਜ਼ੋਰ ਦਿੱਤਾ ਹੈ ਤਾਂ ਕਿ ਇਕ-ਦੂਜੇ ਦੇ ਨੇੜੇ ਆ ਕੇ ਮਨੁੱਖੀ ਸਮੱਸਿਆਵਾਂ ਪ੍ਰਤੀ ਸੁਚਾਰੂ ਸੰਵੇਦਨਾ ਪੈਦਾ ਕੀਤੀ ਜਾਵੇ। ਧਰਮ ਮਨੁੱਖ ਦੇ ਜੀਵਨ ਦਾ ਕੇਂਦਰੀ ਧੁਰਾ ਹੈ ਜਿਹੜਾ ਕਿ ਜੀਵਨ ਦੇ ਹਰ ਪੱਖ ਨੂੰ ਪ੍ਰਭਾਵਿਤ ਕਰਦਾ ਹੈ। ਧਰਮ ਅਸਥਾਨਾਂ ਤੋਂ ਜਿਹੜਾ ਸੰਦੇਸ਼ ਆਮ ਲੋਕਾਂ ਤੱਕ ਜਾਂਦਾ ਹੈ, ਉਸੇ ਨੂੰ ਧਾਰਨ ਕਰਨ ਦੇ ਯਤਨ ਆਰੰਭ ਹੋ ਜਾਂਦੇ ਹਨ। ਆਮ ਲੋਕਾਂ 'ਤੇ ਧਰਮ ਦੇ ਪ੍ਰਭਾਵ ਨੂੰ ਦੇਖਦੇ ਹੋਏ ਗੁਰੂ ਜੀ ਨੇ ਧਾਰਮਿਕ ਆਗੂਆਂ ਨਾਲ ਸੰਵਾਦ ਕਰਨ ਲਈ ਸਫ਼ਲ ਯਤਨ ਕੀਤੇ ਤਾਂ ਕਿ ਮਨੁੱਖ ਦੇ ਜੀਵਨ ਦਾ ਕੇਂਦਰੀ ਧੁਰਾ ਬਣ ਚੁੱਕੇ ਧਾਰਮਿਕ ਜੀਵਨ ਵਿਚੋਂ ਸਦਾਚਾਰ ਦੀ ਭਾਵਨਾ ਨੂੰ ਪ੍ਰਫੁਲਿਤ ਕੀਤਾ ਜਾ ਸਕੇ। ਗੁਰੂ ਜੀ ਨੇ ਸੰਸਾਰ ਦੇ ਵਿਭਿੰਨ ਧਰਮਾਂ ਦੇ ਧਾਰਮਿਕ ਆਗੂਆਂ ਨਾਲ ਸੰਵਾਦ ਅਰੰਭ ਕਰਦੇ ਹੋਏ ਉਨਾਂ ਨੂੰ ਪ੍ਰਭੂ-ਮੁਖੀ, ਗ੍ਰਹਿਸਤੀ, ਸਦਚਾਰਕ ਅਤੇ ਪਰਉਪਕਾਰੀ ਜੀਵਨ ਬਸਰ ਕਰਨ ਦਾ ਮਾਰਗ ਧਾਰਨ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਜੀ ਜਬਰੀ ਧਰਮ ਪਰਿਵਰਤਨ ਕਰਨ ਦੇ ਵਿਰੁੱਧ ਸਨ ਅਤੇ ਉਨਾਂ ਨੇ ਜਿਸ ਵੀ ਧਰਮ ਦੇ ਸ਼ਰਧਾਲੂ ਨਾਲ ਸੰਵਾਦ ਕੀਤਾ ਉਸ ਨੂੰ ਆਪਣੇ ਧਰਮ ਵਿਚ ਦ੍ਰਿੜ ਰਹਿਣ ਲਈ ਕਿਹਾ। ਧਰਮ ਦੇ ਜਿਹੜੇ ਅਰਥ ਗੁਰੂ ਜੀ ਨੇ ਪ੍ਰਦਾਨ ਕੀਤੇ ਸਨ ਉਨਾਂ ਨੇ ਸਮਾਜ ਦੀ ਸੁਚਾਰੂ ਸਿਰਜਨਾ ਕਰਨ ਵਿਚ ਯੋਗਦਾਨ ਪਾਇਆ।

ਹਰ ਦੇਸ਼ ਵਿਚ ਵਸਣ ਵਾਲੇ ਵਿਦਵਾਨ ਅਤੇ ਸੂਝਵਾਨ ਨੇ ਧਰਮ ਦੀ ਵਿਆਖਿਆ ਕਰਦੇ ਹੋਏ ਇਸ ਨੂੰ ਆਪਣੇ ਤੌਰ 'ਤੇ ਪਰਿਭਾਸ਼ਿਤ ਕੀਤਾ ਹੈ ਇਸ ਕਰ ਕੇ ਇਹ ਵਿਆਖਿਆ ਧਰਮ ਗ੍ਰੰਥ ਦੁਆਰਾ ਕੀਤੀ ਗਈ ਧਰਮ ਦੀ ਵਿਆਖਿਆ ਤੱਕ ਸੀਮਿਤ ਨਹੀਂ ਰਹੀ। ਧਰਮ ਦੀ ਵਿਆਖਿਆ ਵਿਚੋਂ ਮਨੁੱਖੀ ਕਦਰਾਂ-ਕੀਮਤਾਂ ਪ੍ਰਗਟ ਹੁੰਦੀਆਂ ਹਨ ਪਰ ਜਦੋਂ ਇਨਾਂ ਵਿਚ ਖੜੋਤ ਆ ਜਾਂਦੀ ਹੈ ਤਾਂ ਟਕਰਾਉ ਦੀ ਸੰਭਾਵਨਾ ਵਧ ਜਾਂਦੀ ਹੈ ਜਿਹੜੀ ਕਿ ਲੰਮੇ ਸਮੇਂ ਤੱਕ ਸਮਾਜ ਲਈ ਘਾਤਕ ਸਿੱਧ ਹੁੰਦੀ ਹੈ। ਕਈ ਵਾਰੀ ਧਰਮ ਦੀ ਵਿਆਖਿਆ ਦੇ ਕੁੱਝ ਅਜਿਹੇ ਸੂਤਰ ਵੀ ਸਾਹਮਣੇ ਆਉਂਦੇ ਹਨ ਜਿਹੜੇ ਦੂਜੇ ਧਰਮਾਂ ਨਾਲ ਟਕਰਾਉ ਪੈਦਾ ਕਰਨ ਦੇ ਨਾਲ-ਨਾਲ ਇਕ ਧਰਮ ਨੂੰ ਮੰਨਣ ਵਾਲੀਆਂ ਵਿਭਿੰਨ ਧਾਰਮਿਕ ਸੰਪ੍ਰਦਾਵਾਂ ਅਤੇ ਸਮੂਹਾਂ ਵਿਚ ਵੀ ਖਿੱਚੋਤਾਣ ਪੈਦਾ ਕਰ ਦਿੰਦੇ ਹਨ। ਇਸ ਦ੍ਰਿਸ਼ਟੀ ਤੋਂ ਇਕ ਧਰਮ ਦੇ ਸ਼ਰਧਾਲੂਆਂ ਵਿਚ ਆਪਸੀ ਸੰਵਾਦ ਦੀ ਲੋੜ ਹਮੇਸ਼ਾਂ ਬਣੀ ਰਹਿੰਦੀ ਹੈ ਤਾਂ ਕਿ ਵਖਰੇਵਿਆਂ ਨੂੰ ਘੱਟ ਕੀਤਾ ਜਾ ਸਕੇ।

ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਵਿਭਿੰਨ ਧਰਮਾਂ ਨਾਲ ਸੰਵਾਦ ਰਚਾ ਰਹੇ ਸਨ ਉਸੇ ਹੀ ਸਮੇਂ ਦੌਰਾਨ ਜਰਮਨੀ ਵਿਚ ਮਾਰਟਿਨ ਲੂਥਰ, ਸਵਿਟਜ਼ਰਲੈਂਡ ਵਿਚ ਜਵਿੰਗਲੀ ਅਤੇ ਫ਼ਰਾਂਸ ਵਿਚ ਜਾਹਨ ਕਾਲਵਿਨ ਚਰਚ ਵਿਚ ਆਏ ਨਿਘਾਰ ਨੂੰ ਰੋਕਣ ਲਈ ਯਤਨ ਕਰ ਰਹੇ ਸਨ। ਪੋਪ ਨਾਲ ਇਨਾਂ ਦਾ ਟਕਰਾਉ ਪੈਦਾ ਹੋਇਆ ਜਿਸ ਵਿਚੋਂ ਪ੍ਰੋਟੈਸਟੈਂਟ ਚਰਚ ਨੇ ਜਨਮ ਲਿਆ। ਸਮਾਂ ਪਾ ਕੇ ਪ੍ਰੋਟੈਸਟੈਂਟ ਚਰਚ ਅੱਗੇ ਕਈ ਹਿੱਸਿਆਂ ਵਿਚ ਵੰਡੀ ਗਈ ਜਿਵੇਂ ਐਂਗਲੀਕਨ, ਲੂਥਰਨ, ਕਾਲਵਨਿਸਟ, ਬੈਪਟਿਸਟ, ਮੈਥੋਡਿਸਟ ਚਰਚ ਆਦਿ। ਇਨਾਂ ਚਰਚਾਂ ਨੂੰ ਸਿਧਾਂਤਿਕ ਏਕਤਾ ਅਧੀਨ ਇਕੱਠੇ ਕਰਨ ਲਈ ਚਰਚ ਦੇ ਸੂਝਵਾਨ ਪਾਦਰੀਆਂ ਨੇ ਸਫ਼ਲ ਯਤਨ ਕੀਤਾ। ਭਾਵੇਂ ਕਿ ਚਰਚ ਵਿਚ ਅੰਤਰੀਵੀ ਵਿਚਾਰ-ਚਰਚਾ ਨੂੰ 325 ਈਸਵੀ ਦੀ ਨਾਇਸੀਆ ਦੀ ਕੌਂਸਲ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਪਰ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ 1910 ਵਿਚ ਐਡਿਨਬਰਗ ਵਿਖੇ ਹੋਈ ਵਰਲਡ ਮਿਸ਼ਨਰੀ ਕਾਨਫ਼ਰੰਸ ਨੂੰ ਇਕ ਮਹੱਵਪੂਰਨ ਮੀਲ ਪੱਥਰ ਵਜੋਂ ਦੇਖਿਆ ਜਾਂਦਾ ਹੈ। ਇਸ ਕਾਨਫ਼ਰੰਸ ਨੇ ਇਕੁਮੈਨੀਕਲ ਮੂਵਮੈਂਟ ਨੂੰ ਮਜ਼ਬੂਤੀ ਪ੍ਰਦਾਨ ਕਰਦੇ ਹੋਏ ਵਿਭਿੰਨ ਚਰਚਾਂ ਦੇ ਪੈਰੋਕਾਰਾਂ ਵਿਚ ਸੁਹਿਰਦ ਸੰਬੰਧ ਅਤੇ ਸੂਝ ਪੈਦਾ ਕਰਨ ਲਈ ਯੋਗਦਾਨ ਪਾਇਆ। 1948 ਵਿਚ ਐਮਸਟਰਡਮ ਵਿਖੇ ਪੈਦਾ ਹੋਈ ਵਰਲਡ ਕੌਂਸਲ ਆਫ਼ ਚਰਚਿਜ਼ ਨੇ ਵਿਭਿੰਨ ਈਸਾਈ ਚਰਚਾਂ ਅਤੇ ਸਮੂਹਾਂ ਵਿਚ ਸ਼ਾਂਤੀਪੂਰਵਕ ਆਪਸੀ ਸਹਿਯੋਗ ਨਾਲ ਇਕੱਠਿਆਂ ਕੰਮ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ।

ਪੱਛਮ ਵਿਚ ਚਰਚ ਨੇ ਪਿਛਲੇ ਪੰਜ ਸੌ ਸਾਲਾਂ ਵਿਚ ਆਪਣੇ ਵਖਰੇਵਿਆਂ ਨੂੰ ਦੂਰ ਕਰਨ ਲਈ ਮਹੱਤਵਪੂਰਨ ਕਾਰਜ ਕੀਤਾ ਹੈ। ਪੂਰਬ ਵਿਚ ਗੁਰੂ ਨਾਨਕ ਦੇਵ ਜੀ ਨੇ ਪ੍ਰੇਮ ਅਤੇ ਭਾਈਚਾਰਕ ਸਾਂਝ ਦਾ ਜਿਹੜਾ ਬੀਜ ਬੀਜਿਆ ਸੀ ਉਸੇ ਦਾ ਸਿੱਟਾ ਸੀ ਕਿ 'ਨ ਕੋ ਹਿੰਦੂ ਨ ਮੁਸਲਮਾਨ' ਤੋਂ ਆਰੰਭ ਹੋਈ ਗੁਰੂ ਜੀ ਦੀ ਸੰਸਾਰਕ ਯਾਤਰਾ 'ਬਾਬਾ ਨਾਨਕ ਸ਼ਾਹ ਫ਼ਕੀਰ ਹਿੰਦੂਆਂ ਦਾ ਗੁਰੂ ਮੁਸਲਮਾਨਾਂ ਦਾ ਪੀਰ' ਦੀ ਭਾਵਨਾ ਪੈਦਾ ਕਰ ਕੇ ਸੰਪੂਰਨ ਹੋਈ ਸੀ। 1539 ਵਿਚ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਲਗਪਗ 480 ਸਾਲ ਦੌਰਾਨ ਸਿੱਖ ਧਰਮ ਨੇ ਅਨੇਕਾਂ ਉਤਰਾਅ ਚੜਾਅ ਦੇਖੇ ਹਨ। 1708 ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੱਕ ਸਿੱਖ ਧਰਮ ਇਕ ਰੌਂਅ ਵਿਚ ਚਲਦਾ ਰਿਹਾ ਅਤੇ ਜੇਕਰ ਕੋਈ ਸਮੱਸਿਆ ਆਈ ਤਾਂ ਗੁਰੂ ਸਾਹਿਬਾਨ ਨੇ ਆਪ ਹੀ ਦੂਰ ਕਰ ਦਿੱਤੀ ਸੀ। ਮਸੰਦ ਪ੍ਰਥਾ ਵਿਚ ਕੁਰੀਤੀਆਂ ਗੁਰੂ ਸਾਹਿਬਾਨ ਦੇ ਸਮੇਂ ਹੀ ਪ੍ਰਗਟ ਹੋ ਗਈਆਂ ਸਨ ਜਿਨਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਖ਼ਤਮ ਕਰ ਦਿੱਤਾ ਸੀ ਅਤੇ ਜਿਨਾਂ ਨੇ ਗੁਰਮਤਿ ਦੀ ਸਿੱਖਿਆ ਦੇ ਪ੍ਰਤੀਕੂਲ ਕਾਰਜ ਕੀਤੇ ਸਨ ਉਨਾਂ ਨੂੰ ਵੀ ਗੁਰੂ ਸਾਹਿਬਾਨ ਨੇ ਆਪ ਹੀ ਫਿਟਕਾਰ ਦਿੱਤਾ ਸੀ। ਸਿੱਖ ਰਹਿਤ ਮਰਯਾਦਾ ਵਿਚ ਸਪੱਸ਼ਟ ਤੌਰ 'ਤੇ ਉਨਾਂ ਨਾਲ ਮਿਲਵਰਤਨ ਨਾ ਰੱਖਣ ਦੀ ਹਦਾਇਤ ਕੀਤੀ ਗਈ ਹੈ ਜਿਨਾਂ ਨੇ ਸਿੱਖੀ ਨੂੰ ਖੋਰਾ ਲਾਉਣ ਦਾ ਯਤਨ ਕੀਤਾ ਸੀ।



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਕੁਝ ਅਜਿਹੀਆਂ ਸੰਪਰਦਾਵਾਂ ਸਾਹਮਣੇ ਆਈਆਂ ਜਿਹੜੀਆਂ ਗੁਰੂ ਕਾਲ ਤੋਂ ਚਲੀਆਂ ਆ ਰਹੀਆਂ ਸਨ ਜਿਵੇਂ ਉਦਾਸੀ, ਨਿਰਮਲੇ, ਸੇਵਾ ਪੰਥੀ ਆਦਿ। ਲਗਪਗ ਦੋ ਸਦੀਆਂ ਇਨਾਂ ਨੇ ਬਹੁਤ ਹੀ ਦ੍ਰਿੜਤਾ ਅਤੇ ਨਿਸ਼ਠਾ ਨਾਲ ਗੁਰਧਾਮਾਂ ਦੀ ਸੇਵਾ-ਸੰਭਾਲ ਕੀਤੀ। ਉਦਾਸੀਆਂ ਅਤੇ ਨਿਰਮਲਿਆਂ ਨੇ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਨੂੰ ਬਹੁਤ ਦੂਰ-ਦੁਰਾਡੇ ਥਾਵਾਂ ਤੱਕ ਪਹੁੰਚਾਇਆ ਜਿਥੇ ਸ਼ਾਇਦ ਮੌਜੂਦਾ ਪ੍ਰਚਾਰਕ ਵੀ ਨਾ ਪਹੁੰਚ ਸਕਦੇ ਹੋਣ। ਭਾਰਤ ਦੇ ਵਿਭਿੰਨ ਰਾਜਾਂ ਵਿਚ ਗੁਰੂ ਸਾਹਿਬਾਨ ਦੇ ਅਸਥਾਨ ਮੌਜੂਦ ਹਨ ਜਿਥੇ ਹੁਣ ਵੀ ਉਦਾਸੀ ਸਾਧੂ ਸੇਵਾ ਕਰ ਰਹੇ ਹਨ। ਸਮਾਂ ਪੈਣ 'ਤੇ ਜਦੋਂ ਇਨਾਂ ਵਿਚ ਸਵਾਰਥੀ ਅਤੇ ਸਿਧਾਂਤਕ ਕਮਜ਼ੋਰੀਆਂ ਸਾਹਮਣੇ ਆਈਆਂ ਤਾਂ ਸਿੱਖਾਂ ਵਿਚ ਗੁਰਮਤਿ ਸਿਧਾਂਤਾਂ ਦੀ ਦ੍ਰਿੜਤਾ ਪ੍ਰਤੀ ਚੇਤਨਾ ਪੈਦਾ ਹੋਈ। ਉਦਾਸੀ ਅਤੇ ਨਿਰਮਲੇ ਆਪਣੀ ਵੱਖਰੀ ਪਛਾਣ ਕਾਇਮ ਕਰਨ ਲਈ ਯਤਨਸ਼ੀਲ ਹੋ ਗਏ। ਆਪਣੀਆਂ ਜਾਇਦਾਦਾਂ ਬਚਾਉਣ ਅਤੇ ਭਾਰਤ ਦੇ ਹੋਰਨਾਂ ਹਿੱਸਿਆਂ ਵਿਚ ਬਹੁਗਿਣਤੀ ਪ੍ਰਭਾਵ ਅਧੀਨ ਇਨਾਂ ਵਿਚੋਂ ਬਹੁਤ ਸਾਰੇ ਡੇਰਿਆਂ ਨੇ ਸਿੱਖਾਂ ਨੂੰ ਹਿੰਦੂ ਧਰਮ ਦੀ ਸ਼ਾਖ਼ ਸਿੱਧ ਕਰਨ 'ਤੇ ਜ਼ੋਰ ਲਗਾ ਦਿੱਤਾ ਅਤੇ ਸਿੱਖੀ ਦੀ ਮੂਲ ਧਾਰਾ ਤੋਂ ਦੂਰ ਹੋ ਗਏ। ਮੌਜੂਦਾ ਸਮੇਂ ਵਿਚ ਵੀ ਇਨਾਂ ਵਿਚੋਂ ਜਿਹੜੀਆਂ ਸੰਪ੍ਰਦਾਵਾਂ ਗੁਰਮਤਿ ਪ੍ਰਚਾਰ ਦੇ ਕਾਰਜ ਵਿਚ ਲੱਗੀਆਂ ਹੋਈਆਂ ਹਨ, ਉਨਾਂ ਦਾ ਸਿੱਖਾਂ ਵਿਚ ਸਤਿਕਾਰ ਕਾਇਮ ਹੈ।

ਵੀਹਵੀਂ ਸਦੀ ਦੇ ਆਰੰਭ ਵਿਚ ਸਿੰਘ ਸਭਾ ਅਤੇ ਗੁਰਦੁਆਰਾ ਸੁਧਾਰ ਲਹਿਰ ਨੇ ਸਿੱਖਾਂ ਵਿਚ ਪੁਨਰ-ਜਾਗਰਤੀ ਅਤੇ ਗੁਰਧਾਮਾਂ ਦੀ ਸੰਭਾਲ ਲਈ ਲੋਕ-ਲਹਿਰ ਖੜੀ ਕਰ ਦਿੱਤੀ ਜਿਸ ਦੇ ਬਹੁਤ ਹੀ ਸਾਕਾਰਾਤਮਕ ਸਿੱਟੇ ਸਾਹਮਣੇ ਆਏ। ਸਿੱਖ ਵਿਦਵਾਨਾਂ ਨੇ ਗੁਰਬਾਣੀ ਅਨੁਸਾਰੀ ਸਿੱਖ ਜੀਵਨਜਾਚ 'ਤੇ ਜ਼ੋਰ ਦਿੱਤਾ ਜਿਸ ਨਾਲ ਗੁਰਬਾਣੀ ਦੀ ਨਵੀਂ ਵਿਆਖਿਆਕਾਰੀ ਸਾਹਮਣੇ ਆਈ। ਗੁਰਬਾਣੀ ਦੀ ਵਿਆਖਿਆਕਾਰੀ ਵਿਚੋਂ ਟਕਸਾਲੀ, ਸੰਪ੍ਰਦਾਈ ਅਤੇ ਆਧੁਨਿਕ ਵਿਆਖਿਆ ਦੇ ਰੂਪ ਸਾਹਮਣੇ ਆਉਣ ਲੱਗੇ। ਆਧੁਨਿਕ ਵਿਆਖਿਆਕਾਰੀ ਵਿਚੋਂ ਪ੍ਰੋ. ਸਾਹਿਬ ਸਿੰਘ ਨੇ ਆਪਣਾ ਵਿਸ਼ੇਸ਼ ਸਥਾਨ ਬਣਾਇਆ। ਵਿਆਕਰਨ ਦੇ ਨਿਯਮਾਂ ਦੇ ਨਾਲ-ਨਾਲ ਇਸ ਵਿਆਖਿਆਕਾਰੀ ਵਿਚੋਂ ਬੌਧਿਕਤਾ ਦੀ ਪ੍ਰਧਾਨਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਆਧੁਨਿਕ ਸਮੇਂ ਵਿਚ ਹਰ ਸਿੱਖ ਗੁਰਬਾਣੀ ਦੀ ਵਿਆਖਿਆ ਨੂੰ ਬੌਧਿਕ ਮੁਹਾਵਰੇ ਨਾਲ ਸਮਝਣਾ ਚਾਹੁੰਦਾ ਹੈ ਜਿਸ ਕਰ ਕੇ ਪ੍ਰੋ. ਸਾਹਿਬ ਸਿੰਘ ਦਾ ਗੁਰਬਾਣੀ ਟੀਕਾ ਵਧੇਰੇ ਪ੍ਰਚੱਲਿਤ ਹੋ ਗਿਆ ਜਾਪਦਾ ਹੈ। ਅਜਿਹਾ ਨਹੀਂ ਕਿ ਸੰਪ੍ਰਦਾਵਾਂ ਨਾਲ ਜੁੜੇ ਹੋਏ ਵਿਆਖਿਆਕਾਰ ਆਧੁਨਿਕ ਸਮੇਂ ਦੇ ਹਾਣ ਦੀ ਵਿਆਖਿਆ ਨਹੀਂ ਕਰ ਰਹੇ ਬਲਕਿ ਉਹ ਗੁਰਬਾਣੀ ਦੇ ਅਰਥਾਂ ਨੂੰ ਪਰੰਪਰਾ ਵਿਚੋਂ ਵੀ ਦੇਖਣ ਦਾ ਯਤਨ ਕਰ ਰਹੇ ਹਨ। ਸੰਪ੍ਰਦਾਵਾਂ, ਟਕਸਾਲਾਂ ਅਤੇ ਮਿਸ਼ਨਰੀਆਂ ਦੁਆਰਾ ਕੀਤੀ ਜਾ ਰਹੀ ਵਿਆਖਿਆ ਨੂੰ ਸੁਣਾਉਣ ਲਈ ਅਨੇਕਾਂ ਟੀ.ਵੀ. ਅਤੇ ਯੂ.ਟਿਊਬ ਚੈਨਲ ਹੋਂਦ ਵਿਚ ਆਏ ਹਨ। ਗੁਰਬਾਣੀ ਦੀ ਵਿਆਖਿਆ ਬਿਬੇਕ ਬੁੱਧੀ ਨਾਲ ਕੀਤੀ ਜਾਵੇ ਤਾਂ ਸ਼ਾਇਦ ਕੋਈ ਸਮੱਸਿਆ ਪੈਦਾ ਨਹੀਂ ਹੁੰਦੀ ਪਰ ਜਦੋਂ ਇਸ ਵਿਆਖਿਆ ਦਾ ਆਧਾਰ ਕੇਵਲ ਬੁੱਧੀ ਰਹਿ ਜਾਵੇ ਤਾਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਨਿਰੋਲ ਬੌਧਿਕ ਵਿਆਖਿਆ ਕਈ ਸਮੱਸਿਆਵਾਂ ਨੂੰ ਜਨਮ ਦਿੰਦੀ ਹੈ ਜਿਸ ਵਿਚੋਂ ਸ਼ਰਧਾਲੂਆਂ ਅਤੇ ਸੂਝਵਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜਣੀ ਸੁਭਾਵਕ ਹੈ। ਗੁਰਬਾਣੀ ਅਧਿਐਨ ਨਾਲ ਜੁੜੇ ਹੋਏ ਸੂਝਵਾਨ ਮਹਿਸੂਸ ਕਰਦੇ ਹਨ ਕਿ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਵਿਆਖਿਆ ਦਾ ਆਧਾਰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਸ਼ਖ਼ਸੀਅਤ ਨੂੰ ਦ੍ਰਿੜ ਕਰਾਉਣਾ ਹੋਣਾ ਚਾਹੀਦਾ ਹੈ ਜਿਸ ਵਿਚੋਂ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਅਤੇ ਆਧੁਨਿਕ ਸਮੇਂ ਦੇ ਅਨੁਸਾਰੀ ਸਦਾਚਾਰਕ ਜੀਵਨਜਾਚ ਦੀ ਭਾਵਨਾ ਪ੍ਰਗਟ ਹੋਵੇ।

ਗੁਰਬਾਣੀ ਵਿਆਖਿਆ ਦੇ ਨਾਲ-ਨਾਲ ਸਿੱਖ ਆਪਣੇ ਇਤਿਹਾਸ ਨਾਲ ਵੀ ਜੁੜਨਾ ਚਾਹੁੰਦੇ ਹਨ। ਇਹ ਅਕਸਰ ਕਿਹਾ ਜਾਂਦਾ ਹੈ ਕਿ ਸਿੱਖਾਂ ਨੇ ਇਤਿਹਾਸ ਬਣਾਇਆ ਤਾਂ ਬਹੁਤ ਹੈ ਪਰ ਇਸ ਦੀ ਸੰਭਾਲ ਨਹੀਂ ਕੀਤੀ। ਸਿੱਖਾਂ ਦੇ ਇਤਿਹਾਸ ਦੇ ਬਹੁਤੇ ਸਮਕਾਲੀ ਸਰੋਤ ਫ਼ਾਰਸੀ ਦੀਆਂ ਲਿਖਤਾਂ ਵਿਚੋਂ ਮਿਲਦੇ ਹਨ ਅਤੇ ਫਿਰ ਅੰਗਰੇਜ਼ਾਂ ਨੇ ਸਿੱਖਾਂ ਸੰਬੰਧੀ ਪੁਸਤਕਾਂ ਦੀ ਰਚਨਾ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਤੋਂ ਲੈ ਕੇ 1947 ਤੱਕ ਸਿੱਖ ਉਕਤ ਸ਼ਕਤੀਆਂ ਦੇ ਅਧੀਨ ਰਹੇ। ਸਿੱਖ ਇਤਿਹਾਸ ਸੰਬੰਧੀ ਜਿਹੜੀਆਂ ਗੁਰਮੁਖੀ ਲਿਖਤਾਂ ਮਿਲਦੀਆਂ ਹਨ ਉਨਾਂ ਵਿਚੋਂ ਬਹੁਤੇ ਵਿਅਕਤੀਗਤ ਯਤਨ ਹਨ। ਭਾਵੇਂ ਕਿ ਇਤਿਹਾਸ ਦੇ ਗ੍ਰੰਥ ਲਿਖਣ ਵਾਲੇ ਕੁੱਝ ਵਿਦਵਾਨਾਂ ਨੂੰ ਰਾਜਸੀ ਸਹਾਇਤਾ ਅਤੇ ਸਰਪ੍ਰਸਤੀ ਪ੍ਰਾਪਤ ਸੀ ਪਰ ਉਨਾਂ ਕੋਲ ਸਿੱਖ ਇਤਿਹਾਸ ਦੀਆਂ ਪ੍ਰਮਾਣਿਕ ਲਿਖਤਾਂ ਮੌਜੂਦਾ ਨਹੀਂ ਸਨ। ਜਨਮਸਾਖੀਆਂ, ਗੁਰਬਿਲਾਸ, ਬੰਸਾਵਲੀਨਾਮੇ ਆਦਿ ਸਿੱਖ ਸਰੋਤਾਂ ਦੀ ਸ਼ੁੱਧਤਾ ਸ਼ੰਕਾ ਦੇ ਘੇਰੇ ਵਿਚ ਹੈ। ਭਾਈ ਸੰਤੋਖ ਸਿੰਘ ਦੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਤੋਂ ਬਾਅਦ ਗਿਆਨੀ ਗਿਆਨ ਸਿੰਘ ਦਾ ਪੰਥ ਪ੍ਰਕਾਸ਼ ਅਤੇ ਤਵਾਰੀਖ਼ ਗੁਰੂ ਖ਼ਾਲਸਾ ਅਜਿਹੇ ਸਰੋਤ ਹਨ ਜਿਨਾਂ ਵਿਚੋਂ ਸਮੂਹ ਗੁਰੂ ਸਾਹਿਬਾਨ ਦੇ ਇਕ ਥਾਂ 'ਤੇ ਦਰਸ਼ਨ ਹੁੰਦੇ ਹਨ। ਇਤਿਹਾਸ ਦੇ ਇਨਾਂ ਗ੍ਰੰਥਾਂ ਨੂੰ ਸੰਗਤ ਤੱਕ ਪਹੁੰਚਾਉਣ ਲਈ ਇਨਾਂ ਨੇ ਕਿੰਨੀ ਘਾਲਣਾ ਘਾਲੀ ਹੋਵੇਗੀ, ਇਹ ਬਿਆਨ ਤੋਂ ਬਾਹਰ ਦੀ ਗੱਲ ਹੈ। ਸੋਸ਼ਲ ਮੀਡੀਆ 'ਤੇ ਬੈਠ ਕੇ ਇਤਿਹਾਸ ਦੇ ਇਨਾਂ ਗ੍ਰੰਥਾਂ ਪ੍ਰਤੀ ਭੱਦੀ ਸ਼ਬਦਾਵਲੀ ਬੋਲਣ ਵਾਲਿਆਂ ਨੂੰ ਸ਼ਾਇਦ ਇਹ ਜਾਣਕਾਰੀ ਨਹੀਂ ਕਿ ਇਤਿਹਾਸ ਦੀਆਂ ਲਿਖਤਾਂ ਨਾ ਤਾਂ ਦਰਖਤਾਂ 'ਤੇ ਲਗਦੀਆਂ ਹਨ ਅਤੇ ਨਾ ਹੀ ਇਹ ਗੂਗਲ ਰਾਹੀਂ ਪੈਦਾ ਕੀਤੀਆਂ ਜਾ ਸਕਦੀਆਂ ਹਨ। ਇਹ ਸਪੱਸ਼ਟ ਹੈ ਕਿ ਸਿੱਖ ਇਤਿਹਾਸ ਦਾ ਕੋਈ ਵੀ ਗ੍ਰੰਥ ਸੰਪੂਰਨ ਨਹੀਂ ਹੈ ਅਤੇ ਨਾ ਹੀ, ਮੌਜੂਦਾ ਸਰੋਤਾਂ ਦੇ ਸਨਮੁਖ, ਪ੍ਰਮਾਣਿਕ ਇਤਿਹਾਸ ਪੈਦਾ ਕੀਤਾ ਜਾ ਸਕਦਾ ਹੈ; ਇਹ ਮਾਣ ਕੇਵਲ ਗੁਰਬਾਣੀ ਨੂੰ ਹੀ ਪ੍ਰਾਪਤ ਹੈ। ਜਦੋਂ ਵਿਦਵਾਨ ਇਤਿਹਾਸ ਦੇ ਗ੍ਰੰਥਾਂ ਦਾ ਅਧਿਐਨ ਕਰਦੇ ਹਨ ਤਾਂ ਉਹ ਪੇਸ਼ ਕੀਤੇ ਗਏ ਅਪ੍ਰਮਾਣਿਕ ਤੱਥਾਂ ਨੂੰ ਭਾਰੂ ਨਹੀਂ ਹੋਣ ਦਿੰਦੇ ਅਤੇ ਗ੍ਰੰਥ ਨੂੰ ਉਸ ਦੀ ਸਮੁੱਚਤਾ ਅਤੇ ਮੂਲ ਭਾਵਨਾ ਅਨੁਸਾਰ ਦੇਖਦੇ ਹਨ। ਭਾਈ ਵੀਰ ਸਿੰਘ ਆਦਿ ਵਿਦਵਾਨਾਂ ਦੀਆਂ ਲਿਖਤਾਂ ਅਤੇ ਟਿੱਪਣੀਆਂ ਵਿਚੋਂ ਇਨਾਂ ਗ੍ਰੰਥਾਂ ਦੇ ਮਹੱਤਵ ਨੂੰ ਭਲੀਭਾਂਤ ਸਮਝਿਆ ਜਾ ਸਕਦਾ ਹੈ।

ਭਾਵੇਂ ਕਿ ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਦੀ ਵਿਆਖਿਆ ਵਿਚੋਂ ਵਖਰੇਵੇਂ ਨਜ਼ਰ ਆਉਂਦੇ ਹਨ ਅਤੇ ਕਈ ਅਜਿਹੀਆਂ ਘਟਨਾਵਾਂ ਨਜ਼ਰ ਆਉਣ ਲਗਦੀਆਂ ਹਨ ਜਿਹੜੀਆਂ ਗੁਰਬਾਣੀ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੀਆਂ। ਸੂਝਵਾਨ ਪ੍ਰਚਾਰਕ ਜਾਂ ਤਾਂ ਅਜਿਹੇ ਪ੍ਰਸੰਗ ਸੰਗਤ ਵਿਚ ਲੈ ਕੇ ਨਹੀਂ ਆਉਂਦੇ ਅਤੇ ਜਾਂ ਫਿਰ ਇਹ ਕਹਿ ਦਿੰਦੇ ਹਨ ਕਿ ਇਸ ਪ੍ਰਸੰਗ ਦੀ ਇਹ ਘਟਨਾ ਗੁਰਮਤਿ ਅਨੁਸਾਰੀ ਨਹੀਂ ਹੈ। ਵਿਆਖਿਆ ਵਿਚਲੇ ਵਖਰੇਵੇਂ ਹੋਰ ਵਧੇਰੇ ਨਜ਼ਰ ਆਉਣ ਲੱਗ ਪੈਂਦੇ ਹਨ ਜਦੋਂ ਇਸ ਪਿੱਛੇ ਕੋਈ ਹੋਰ ਕਾਰਨ ਮੌਜੂਦ ਹੁੰਦੇ ਹਨ। ਕਈ ਵਾਰੀ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਵਿਆਖਿਆ ਪਿੱਛੇ ਰਾਜਨੀਤੀ ਵੀ ਛੁਪੀ ਹੁੰਦੀ ਹੈ ਜਿਹੜੀ ਗ੍ਰੰਥ ਦੀ ਵਿਚਾਰਧਾਰਾ 'ਤੇ ਭਾਰੂ ਹੋ ਜਾਂਦੀ ਹੈ ਅਤੇ ਸ਼ਰਧਾਲੂਆਂ ਵਿਚ ਵਿਵਾਦ ਵਧ ਜਾਂਦਾ ਹੈ।

ਗੁਰਮਤਿ ਟਕਸਾਲਾਂ, ਨਿਹੰਗ ਸਿੰਘ ਜਥੇਬੰਦੀਆਂ ਅਤੇ ਮਿਸ਼ਨਰੀ ਸਿੱਖ ਸੰਗਤ ਵਿਚ ਗੁਰਬਾਣੀ ਅਤੇ ਗੁਰ-ਇਤਿਹਾਸ ਦੀ ਵਿਆਖਿਆ ਕਰਨ ਵਿਚ ਯੋਗਦਾਨ ਪਾ ਰਹੇ ਹਨ। ਗੁਰਬਾਣੀ ਅਤੇ ਇਤਿਹਾਸ ਦੇ ਸਮੂਹ ਵਿਆਖਿਆਕਾਰਾਂ ਨੂੰ ਇਸ ਦਿਸ਼ਾ ਵਿਚ ਵਿਚਾਰ ਕਰਨ ਦੀ ਲੋੜ ਹੈ ਕਿ ਗੁਰਮਤਿ ਸਿਧਾਂਤਾਂ ਅਤੇ ਇਤਿਹਾਸ ਦੇ ਕਿਹੜੇ ਨੁਕਤੇ ਸਮੁੱਚੀ ਸਿੱਖ ਕੌਮ ਵਿਚ ਇਕਜੁੱਟਤਾ ਅਤੇ ਇਕਸੁਰਤਾ ਕਾਇਮ ਰੱਖਣ ਲਈ ਲਾਹੇਵੰਦ ਹੋਣ ਜਿਨਾਂ ਨਾਲ ਸਮੁੱਚੀ ਦੁਨੀਆ ਵਿਚ ਸਿੱਖੀ ਦੀ ਸ਼ਾਨ ਨੂੰ ਕਾਇਮ ਰੱਖਿਆ ਜਾਵੇ। ਭਾਵੇਂ ਕਿ ਇਹ ਕਾਰਜ ਬਹੁਤ ਔਖਾ ਜਾਪਦਾ ਹੈ ਪਰ ਇਸ ਨੂੰ ਅਸੰਭਵ ਨਹੀਂ ਮੰਨਿਆ ਜਾ ਸਕਦਾ। ਸਿੱਖਾਂ ਦੀ ਕੇਂਦਰੀ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਹੈ ਅਤੇ ਜੇਕਰ ਸਮੂਹ ਸੰਸਥਾਵਾਂ ਸੁਹਿਰਦ ਯਤਨ ਕਰਨ ਤਾਂ ਇਸ ਦੇ ਅਧੀਨ ਕੇਂਦਰੀ ਨੁਕਤਿਆਂ 'ਤੇ ਸਾਂਝੀ ਸੁਰ ਪੈਦਾ ਕੀਤੀ ਜਾ ਸਕਦੀ ਹੈ। ਗੁਰਬਾਣੀ ਦੀ ਇਹ ਪੰਕਤੀ ਸਦੀਵ ਕਾਲ ਲਈ ਸਿੱਖ ਨੂੰ ਆਸ਼ਾਵਾਦੀ ਬਣਾਉਂਦੀ ਹੈ -

**ਹੋਇ ਇਕਤ੍ਰ ਮਿਲਹੁ ਮੇਰੇ ਭਾਈ**
**ਦੁਬਿਧਾ ਦੂਰਿ ਕਰਹੁ ਲਿਵ ਲਾਇ ॥**
**ਹਰਿ ਨਾਮੈ ਕੇ ਹੋਵਹੁ ਜੋੜੀ**
**ਗੁਰਮੁਖਿ ਬੈਸਹੁ ਸਫਾ ਵਿਛਾਇ ॥**

-ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਮਹਾਰਾਜਾ ਰਣਜੀਤ ਸਿੰਘ ਦੁਨੀਆ ਦੇ ਸਭ ਤੋਂ ਮਹਾਨ ਨੇਤਾ ਕਰਾਰ

## ਬੀਬੀਸੀ ਵਰਲਡ ਹਿਸਟਰੀ ਮੈਗਜ਼ੀਨ ਦਾ ਸਰਵੇਖਣ, ਮਹਾਰਾਜਾ ਰਣਜੀਤ ਸਿੰਘ ਨੂੰ ਦੁਨੀਆ ਵਿਚ ਮਿਲੇ ਮਾਣ ਤੋਂ ਕੈਪਟਨ ਖੁਸ਼

**- ਪ੍ਰੋ. ਬਲਵਿੰਦਰਪਾਲ ਸਿੰਘ**

ਭਾਰਤ ਵਿਚ 19ਵੀਂ ਸਦੀ ਦੇ ਸਿੱਖ ਸਾਮਰਾਜ ਦੇ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੁਨੀਆ ਭਰ ਦੇ ਨੇਤਾਵਾਂ ਨੂੰ ਇੱਕ ਮੁਕਾਬਲੇ ਵਿਚ ਪਛਾੜ ਕੇ 'ਸਰਬੋਤਮ ਨੇਤਾ' ਕਰਾਰ ਦਿੱਤੇ ਗਏ ਹਨ। 'ਬੀਬੀਸੀ ਵਰਲਡ ਹਿਸਟਰੀ ਮੈਗਜ਼ੀਨ' ਵੱਲੋਂ ਕਰਵਾਏ ਗਏ ਇੱਕ ਸਰਵੇਖਣ ਵਿਚ ਉਨ੍ਹਾਂ ਨੂੰ ਇਹ ਮਾਣ ਪ੍ਰਾਪਤ ਹੋਇਆ ਹੈ। ਸਰਵੇਖਣ ਵਿਚ 5000 ਤੋਂ ਵੱਧ ਪਾਠਕਾਂ ਨੇ ਹਿੱਸਾ ਲਿਆ। 38% ਤੋਂ ਜ਼ਿਆਦਾ ਨੇ ਰਣਜੀਤ ਸਿੰਘ ਦੇ ਪੱਖ ਵਿਚ ਵੋਟ ਦਿੱਤੇ।

ਦੂਜੇ ਸਥਾਨ 'ਤੇ 25% ਵੋਟਾਂ ਨਾਲ ਅਫ਼ਰੀਕੀ ਅਜ਼ਾਦੀ ਘੁਲਾਟੀਏ ਅਮਿਲਕਰ ਕ੍ਰੈਬਲ ਰਹੇ, ਜਿਨਾਂ ਨੇ ਪੁਰਤਗਾਲੀ ਹਮਲਾਕਾਰੀਆਂ ਤੋਂ ਮੁਕਤੀ ਲਈ 10 ਲੱਖ ਤੋਂ ਜ਼ਿਆਦਾ ਲੋਕਾਂ ਨੂੰ ਇਕੱਠਾ ਕੀਤਾ ਸੀ। ਦੂਜੇ ਵਿਸ਼ਵ ਯੁੱਧ ਦੇ ਸਮੇਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਰਹੇ ਵਿਸਟਨ ਚਰਚਿਲ 7% ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ। ਚੌਥੇ ਸਥਾਨ 'ਤੇ ਅਮਰੀਕਾ ਦੇ ਰਾਸ਼ਟਰਪਤੀ ਅਬਰਾਹਿਮ ਲਿੰਕਨ ਅਤੇ ਪੰਜਵੇਂ ਸਥਾਨ 'ਤੇ ਬਰਤਾਨਵੀ ਮਹਾਰਾਣੀ ਐਲਿਜ਼ਾਬੈੱਥ ਪਹਿਲੀ ਰਹੀ।

ਇਸ ਪੋਲ ਲਈ ਨਾਮਜ਼ਦਗੀਆਂ ਕੌਮਾਂਤਰੀ ਇਤਿਹਾਸਕਾਰਾਂ ਤੋਂ ਮੰਗੀਆਂ ਗਈਆਂ ਸਨ। ਇਨਾਂ ਵਿਚ ਮੈਥਿਊ ਲਾਕਵੁੱਡ, ਮਾਰਗੇਟ ਮਿਤਰਿਸ਼ੀਮਲਨ ਅਤੇ ਗਸ ਕੈਸਲੀ ਹੇਫੋਰਡ ਸ਼ਾਮਲ ਹਨ। ਰਣਜੀਤ ਸਿੰਘ ਦੇ ਨਾਂ ਦਾ ਐਲਾਨ ਲਾਕਵੁੱਡ ਨੇ ਕੀਤਾ, ਜੋ ਯੂਨੀਵਰਸਿਟੀ ਆਫ਼ ਅਲਬਾਮਾ ਵਿਚ ਇਤਿਹਾਸ ਦੇ ਅਸਿਸਟੈਂਟ ਪ੍ਰੋਫੈਸਰ ਹਨ। ਵਿਸ਼ਵ ਇਤਿਹਾਸ ਦੇ ਸੀਨੀਅਰ 20 ਨੇਤਾਵਾਂ ਦੀ ਇਸ ਸੂਚੀ ਵਿਚ ਮੁਗਲ ਬਾਦਸ਼ਾਹ ਅਕਬਰ, ਫਰਾਂਸੀਸੀ ਫ਼ੌਜੀ ਨੇਤਾ ਜਾਨ ਆਫ ਆਰਕ ਅਤੇ ਰੂਸ ਦੀ ਮਹਾਰਾਣੀ ਕੈਥਰੀਨ ਦਾ ਗ੍ਰੇਟ ਵੀ ਸ਼ਾਮਲ ਸਨ। ਪ੍ਰਸਿੱਧ ਇਤਿਹਾਸਕਾਰਾਂ ਦੀ ਬੀਬੀਸੀ ਵਰਲਡ ਹਿਸਟ੍ਰੀਜ਼ ਮੈਗਜ਼ੀਨ ਦੇ ਸੰਪਾਦਕ ਮੈਟ ਐਲਟਨ ਨੇ ਕਿਹਾ, "ਸੂਚੀ ਵਿਚ ਸ਼ਾਮਲ ਹੋਰ ਨਾਵਾਂ ਦੀ ਤਰਾਂ ਬਹੁਤਾ ਪ੍ਰਸਿੱਧ ਨਾ ਹੋਣ ਦੇ ਬਾਵਜੂਦ ਪੋਲ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਜ਼ਬਰਦਸਤ ਜਿੱਤ ਦੱਸਦੀ ਹੈ ਕਿ ਉਨ੍ਹਾਂ ਦੀ ਅਗਵਾਈ ਦੀਆਂ ਖੂਬੀਆਂ 21ਵੀਂ ਸਦੀ ਵਿਚ ਵੀ ਦੁਨੀਆ ਭਰ ਦੇ ਲੋਕਾਂ ਨੂੰ ਪ੍ਰੇਰਿਤ ਕਰ ਰਹੀਆਂ ਹਨ। ਕੌਮਾਂਤਰੀ ਰਾਜਨੀਤਕ ਤਣਾਵਾਂ ਦੇ ਇਸ ਦੌਰ ਵਿਚ ਇਹ ਜਿੱਤ ਦੱਸਦੀ ਹੈ ਕਿ ਰਣਜੀਤ ਸਿੰਘ ਦੇ ਸ਼ਾਸਨ ਨੂੰ ਸਹਿਣਸ਼ੀਲਤਾ, ਆਜ਼ਾਦੀ ਅਤੇ ਸਹਿਯੋਗ ਦਾ ਆਦਰਸ਼ ਮੰਨਿਆ ਜਾਂਦਾ ਹੈ।"

ਪੰਜਾਬ ਦੇ ਸ਼ੇਰੇ ਪੰਜਾਬ ਦੇ ਰੂਪ ਵਿਚ ਪ੍ਰਸਿੱਧ ਰਣਜੀਤ ਸਿੰਘ ਨੇ ਆਰਥਿਕ ਅਤੇ ਰਾਜਨੀਤਕ ਅਨਿਸ਼ਚਿਤਤਾ ਦੇ ਦੌਰ ਤੋਂ ਬਾਅਦ ਸੱਤਾ ਸੰਭਾਲੀ ਸੀ। ਮੈਗਜ਼ੀਨ ਦੇ ਅਨੁਸਾਰ 19ਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿਚ ਉਨਾਂ ਨੇ ਸਿੱਖ ਖ਼ਾਲਸਾ ਫ਼ੌਜ ਦਾ ਆਧੁਨਿਕੀਕਰਨ ਕੀਤਾ, ਸਥਾਨਕ ਤਰੀਕਿਆਂ ਅਤੇ ਸੰਸਥਾਵਾਂ ਨੂੰ ਛੱਡੇ ਬਿਨਾਂ ਪੱਛਮੀ ਤਰੀਕਿਆਂ ਨੂੰ ਅਪਨਾਇਆ, ਅਫ਼ਗਾਨਿਸਤਾਨ ਨਾਲ ਲੱਗਦੀ ਸਰਹੱਦ ਨੂੰ ਸੁਰੱਖਿਆ ਪ੍ਰਦਾਨ ਕੀਤੀ ਅਤੇ ਬਰਤਾਨਵੀ ਈਸਟ ਇੰਡੀਆ ਕੰਪਨੀ ਨਾਲ ਸਮਝੌਤਾ ਕਰਕੇ ਪੰਜਾਬ ਦਾ ਸਰਬਪੱਖੀ ਵਿਕਾਸ ਕੀਤਾ।

### ਕੈਪਟਨ ਹੋਏ ਖੁਸ਼

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਖੁਸ਼ੀ ਜ਼ਾਹਿਰ ਕੀਤੀ। ਉਨਾਂ ਨੇ ਟਵਿਟਰ 'ਤੇ ਇੱਕ ਪੋਸਟ ਸ਼ੇਅਰ ਕਰਦੇ ਹੋਏ ਲਿਖਿਆ ਕਿ ਇਹ ਸਾਰੇ ਭਾਰਤੀਆਂ ਲਈ ਮਾਣ ਦੀ ਗੱਲ ਹੀ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਬੀਬੀਸੀ ਸਰਵੇਖਣ ਵਿਚ ਦੁਨੀਆ ਦੇ ਸਰਬੋਤਮ ਲੀਡਰ ਵਜੋਂ ਚੁਣਿਆ ਗਿਆ ਹੈ।

ਦੱਸ ਦਈਏ ਕਿ ਭਾਰਤ ਵਿਚ 19ਵੀਂ ਸਦੀ ਦੇ ਸਿੱਖ ਸਾਮਰਾਜ ਦੇ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਮੁਕਾਬਲੇ ਵਿਚ ਵਿਸ਼ਵ ਦੇ ਨੇਤਾਵਾਂ ਨੂੰ ਪਿੱਛੇ ਛੱਡ ਕੇ 'ਸਰਬੋਤਮ ਨੇਤਾ' ਬਣ ਗਏ ਹਨ। ਉਨਾਂ ਨੂੰ ਇਹ ਸਿਰਲੇਖ 'ਬੀਬੀਸੀ ਵਰਲਡ ਹਿਸਟਰੀ ਮੈਗਜ਼ੀਨ' ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਮਿਲਿਆ। ਇਸ ਸਰਵੇਖਣ ਵਿਚ ਪੰਜ ਹਜ਼ਾਰ ਤੋਂ ਵੱਧ ਪਾਠਕਾਂ ਨੇ ਹਿੱਸਾ ਲਿਆ। 38 ਪ੍ਰਤੀਸ਼ਤ ਤੋਂ ਵੱਧ ਵੋਟਾਂ ਹਾਸਲ ਕਰਨ ਵਾਲੇ ਰਣਜੀਤ ਸਿੰਘ ਦੀ ਸਹਿਣਸ਼ੀਲ ਸਾਮਰਾਜ ਬਣਾਉਣ ਲਈ ਸ਼ਲਾਘਾ ਕੀਤੀ ਗਈ।



ਲੋਕਾਂ ਦਾ ਮਹਾਨ ਬਾਦਸ਼ਾਹ

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਪੰਜਾਬ ਦੀ ਸਿੱਖ ਸਲਤਨਤ ਦੀ ਨੀਂਹ ਰੱਖਣ ਵਾਲਾ ਸਿੱਖ ਮਹਾਰਾਜਾ ਸੀ। ਉਸ ਨੂੰ ਪੰਜਾਬ ਦੇ ਇਤਿਹਾਸ ਵਿੱਚ ਯੋਧੇ, ਦਲੇਰ ਮਹਾਰਾਜੇ ਤੇ ਮਹਾਨ ਸ਼ਖ਼ਸੀਅਤ ਵਜੋਂ ਜਾਣਿਆ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਵਿੱਚ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਨੂੰ ਇੱਕ ਡੋਰ ਵਿੱਚ ਪਰੋਈ ਰੱਖਿਆ, ਜਿਸ ਕਰਕੇ ਖ਼ਾਲਸਾ ਰਾਜ ਦੀ ਹਰ ਥਾਂ ਸਿਫ਼ਤ ਕੀਤੀ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਦਾ ਪਿਤਾ ਮਹਾਂ ਸਿੰਘ ਸ਼ੁਕਰਚੱਕੀਆ ਮਿਸਲ ਦਾ ਜਥੇਦਾਰ ਸੀ ਅਤੇ ਉਸ ਦਾ ਖੇਤਰ ਅੱਜ ਦੇ ਲਹਿੰਦੇ ਪੰਜਾਬ ਦੇ ਗੁੱਜਰਾਂਵਾਲਾ ਦੇ ਦੁਆਲੇ ਸੀ। 1792 ਵਿੱਚ ਮਹਾਂ ਸਿੰਘ ਦੀ ਮੌਤ ਪਿੱਛੋਂ ਮਿਸਲ ਦਾ ਰਾਜ ਪ੍ਰਬੰਧ ਉਸ ਦੀ ਪਤਨੀ ਰਾਜ ਕੌਰ ਦੇ ਹੱਥਾਂ ਵਿੱਚ ਆ ਗਿਆ। ਰਾਜ ਕੌਰ ਤੋਂ ਰਾਜ ਪ੍ਰਬੰਧ ਠੀਕ ਨਾ ਚੱਲਿਆ ਅਤੇ ਉਸ ਨੇ ਸਾਰਾ ਕੰਮ ਕਾਜ ਸਰਦਾਰ ਲਖਪਤ ਰਾਏ ਦੇ ਹਵਾਲੇ ਕਰ ਦਿੱਤਾ। 1796 ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਵਿਆਹ ਮਹਿਤਾਬ ਕੌਰ ਨਾਲ ਹੋਣ ਪਿੱਛੋਂ ਉਸ ਦੀ ਸੱਸ ਸਦਾ ਕੌਰ ਵੀ ਸ਼ੁਕਰਚੱਕੀਆ ਮਿਸਲ ਦੇ ਕੰਮਾਂ ਵਿੱਚ ਹਿੱਸਾ ਲੈਣ ਲੱਗੀ। 1797 ਵਿੱਚ ਜਦੋਂ ਮਹਾਰਾਜਾ ਰਣਜੀਤ ਸਿੰਘ 17 ਵਰਿਆਂ ਦਾ ਹੋਇਆ ਤਾਂ ਉਸ ਨੇ ਰਾਜ ਪ੍ਰਬੰਧ ਸੰਭਾਲ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਕਾਰਜਕਾਲ ਵਿੱਚ ਅਹਿਮ ਜਿੱਤਾਂ ਪ੍ਰਾਪਤ ਕੀਤੀਆਂ ਜੋ ਇਸ ਪ੍ਰਕਾਰ ਹਨ:

ਰਣਜੀਤ ਸਿੰਘ ਦੇ ਵੇਲੇ ਪੰਜਾਬ, ਅਫ਼ਗਾਨਿਸਤਾਨ ਅਤੇ ਕਸ਼ਮੀਰ 'ਤੇ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਜ਼ਮਾਨ ਸ਼ਾਹ ਦੀ ਹਕੂਮਤ ਸੀ। ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ 'ਤੇ ਹਮਲਾ ਕਰ ਕੇ ਜ਼ਮਾਨ ਸ਼ਾਹ ਦੀਆਂ ਫ਼ੌਜਾਂ ਨੂੰ ਲੜਾਈ ਵਿੱਚ ਹਰਾ ਦਿੱਤਾ ਤੇ 7 ਜੁਲਾਈ 1799 ਨੂੰ ਲਾਹੌਰ 'ਤੇ ਕਬਜ਼ਾ ਕਰ ਲਿਆ।

ਲਾਹੌਰ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਜੰਮੂ ਵੱਲ ਰੁਖ਼ ਕਰ ਲਿਆ। ਉਨਾਂ ਰਸਤੇ ਵਿੱਚ ਆਉਂਦੇ ਮੀਰੋਵਾਲ ਅਤੇ ਨਾਰੋਵਾਲ 'ਤੇ ਕਬਜ਼ਾ ਕੀਤਾ। ਜੰਮੂ ਦੇ ਰਾਜੇ ਨੇ ਲੜਾਈ ਤੋਂ ਬਿਨਾਂ ਹੀ ਹਾਰ ਮੰਨ ਲਈ ਅਤੇ ਮਹਾਰਾਜਾ ਰਣਜੀਤ ਸਿੰਘ ਨੂੰ ਵੀਹ ਹਜ਼ਾਰ ਰੁਪਏ ਤੇ ਇੱਕ ਹਾਥੀ ਨਜ਼ਰਾਨੇ ਵਜੋਂ ਦਿੱਤਾ। ਮੁੜਦੇ ਹੋਏ ਸਿੱਖ ਫ਼ੌਜ ਨੇ ਸਿਆਲਕੋਟ ਅਤੇ ਦਿਲਾਵਰਗੜ 'ਤੇ ਕਬਜ਼ਾ ਕੀਤਾ। ਇਨਾਂ ਲੜਾਈਆਂ ਵਿੱਚ ਜੇਤੂ ਰਹੇ ਮਹਾਰਾਜਾ ਰਣਜੀਤ ਸਿੰਘ ਤੋਂ ਅੰਗਰੇਜ਼ ਕਾਫ਼ੀ ਪ੍ਰਭਾਵਿਤ ਹੋਏ। ਉਨਾਂ ਨੇ ਆਪਣਾ ਇੱਕ ਦੂਤ ਮਹਾਰਾਜਾ ਰਣਜੀਤ ਸਿੰਘ ਨੂੰ ਮਿਲਣ ਲਈ ਭੇਜਿਆ ।

ਮਹਾਰਾਜਾ ਰਣਜੀਤ ਸਿੰਘ ਨੇ ਕਸੂਰ ਵੱਲ ਵਧਣ ਦਾ ਫ਼ੈਸਲਾ ਲਿਆ। ਕਸੂਰ ਦਾ ਰਾਜਾ ਨਿਜ਼ਾਮੁਦੀਨ ਮਹਾਰਾਜਾ ਰਣਜੀਤ ਸਿੰਘ ਦੇ ਖ਼ਿਲਾਫ਼ ਸੀ ਤੇ ਲਾਹੌਰ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਨਿਜ਼ਾਮੁਦੀਨ ਨੇ ਭੰਗੀ ਸਰਦਾਰਾਂ ਨਾਲ ਗੰਢਤੁੱਪ ਕਰ ਕੇ ਮਹਾਰਾਜਾ ਰਣਜੀਤ ਸਿੰਘ 'ਤੇ ਹਮਲਾ ਕਰ ਦਿੱਤਾ ਪਰ ਇਸ ਗਹਿਗੱਚ ਦੀ ਲੜਾਈ ਵਿੱਚ ਨਿਜ਼ਾਮੁਦੀਨ ਹਾਰ ਗਿਆ ਤੇ 1801 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਕਸੂਰ 'ਤੇ ਜਿੱਤ ਹਾਸਲ ਕੀਤੀ। ਨਵਾਬ ਨਿਜ਼ਾਮੁਦੀਨ ਦੀ 1807 ਵਿੱਚ ਮੌਤ ਹੋ ਗਈ ਤੇ ਉਸ ਤੋਂ ਬਾਅਦ ਉਸ ਦੇ ਭਰਾ ਕੁਤੁਬਦੀਨ ਨੇ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਨਾ ਰਹਿਣ ਦਾ ਫ਼ੈਸਲਾ ਲਿਆ ਤੇ ਲੜਾਈ ਛੇੜ ਦਿੱਤੀ। ਮਹਾਰਾਜਾ ਰਣਜੀਤ ਸਿੰਘ ਨੇ ਦੁਬਾਰਾ ਕਸੂਰ ਉੱਤੇ ਹਮਲਾ ਕਰ ਕੇ ਮੁੜ ਕਬਜ਼ਾ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਕੁਤੁਬਦੀਨ ਨੂੰ ਫ਼ਿਰੋਜ਼ਪੁਰ ਵਿੱਚ ਮਮਦੋਟ ਦੇ ਇਲਾਕੇ ਵਿੱਚ ਜਗੀਰ ਦਿੱਤੀ।

1801 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਪਠਾਣ ਰਾਜ ਦੇ ਕੇਂਦਰ ਮੁਲਤਾਨ ਉੱਤੇ ਚੜਾਈ ਕਰ ਦਿੱਤੀ। ਮੁਲਤਾਨ ਦੇ ਨਵਾਬ ਮੁਜ਼ੱਫ਼ਰ ਖ਼ਾਂ ਨੇ ਕਸੂਰ ਦੇ ਨਵਾਬ ਕੁਤੁਬਦੀਨ ਦੀ ਗੁਪਤ ਤਰੀਕੇ ਨਾਲ ਮਦਦ ਕੀਤੀ ਸੀ, ਜਿਸ ਦੀ ਭਿਣਕ ਮਹਾਰਾਜੇ ਨੂੰ ਲੱਗ ਗਈ ਸੀ। ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਮੁਲਤਾਨ ਉੱਤੇ ਚੜਾਈ ਕਰ ਕੇ ਉਸ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਲੁਧਿਆਣੇ ਅੰਗਰੇਜ਼ੀ ਫ਼ੌਜ ਦੀ ਆਮਦ ਨੂੰ ਦੇਖ ਕੇ ਆਪਣੀ ਕਾਂਗੜੇ ਬੈਠੀ ਫ਼ੌਜ ਨੂੰ ਫਿਲੌਰ ਬੁਲਾ ਲਿਆ। ਨੇਪਾਲ ਦਾ ਸੈਨਾਪਤੀ ਅਮਰ ਸਿੰਘ ਥਾਪਾ ਫ਼ੌਜ ਲੈ ਕੇ ਕਾਂਗੜੇ ਵਿੱਚ ਆ ਵੜਿਆ। ਕਾਂਗੜੇ ਦੇ ਰਾਜੇ ਨੇ ਮਹਾਰਾਜੇ ਨੂੰ ਬੇਨਤੀ ਕੀਤੀ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਗੋਰਖਿਆਂ ਦੀ ਫ਼ੌਜ ਨਾਲ ਡਟਵਾਂ ਮੁਕਾਬਲਾ ਕੀਤਾ ਤੇ ਕਰਾਰੀ ਹਾਰ ਦਿੱਤੀ। 24 ਸਤੰਬਰ 1809 ਨੂੰ ਖ਼ਾਲਸਾ ਫ਼ੌਜ ਨੇ ਕਾਂਗੜੇ ਦੇ ਕਿਲੇ ਉੱਤੇ ਕਬਜ਼ਾ ਕਰ ਲਿਆ।

ਕਾਂਗੜੇ ਦੀ ਜਿੱਤ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਗੁਜਰਾਤ, ਭੇਰਾ, ਮਿਆਣੀ, ਖੁਸ਼ਾਬ, ਸਾਹੀਵਾਲ, ਵਜ਼ੀਰਾਬਾਦ ਆਦਿ ਇਲਾਕਿਆਂ ਉੱਤੇ ਜਿੱਤਾਂ ਦਰਜ ਕੀਤੀਆਂ। ਫਰਵਰੀ 1810 ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਮੁਲਤਾਨ ਵੱਲ ਮੁੜਨਾ ਪਿਆ ਕਿਉਂਕਿ ਨਵਾਬ ਮੁਜ਼ੱਫ਼ਰ ਖ਼ਾਂ ਨੇ ਬਗ਼ਾਵਤ ਸ਼ੁਰੂ ਕਰ ਦਿੱਤੀ ਸੀ। ਜਿਉਂ ਹੀ ਮਹਾਰਾਜਾ ਰਣਜੀਤ ਸਿੰਘ ਸਿੰਘ ਫ਼ੌਜ ਨਾਲ ਮੁਲਤਾਨ ਪਹੁੰਚਿਆ ਤਾਂ ਸਰਦਾਰ ਫ਼ਤਹਿ ਸਿੰਘ ਆਹਲੂਵਾਲੀਆਂ ਵੀ ਫ਼ੌਜ ਲੈ ਕੇ ਨਾਲ ਆ ਰਲਿਆ। ਨਵਾਬ ਨੇ ਡਟ ਕੇ ਲੜਾਈ ਕੀਤੀ ਪਰ ਹਾਰ ਗਿਆ। ਮੁਲਤਾਨ ਤੋਂ ਜਿੱਤ ਪ੍ਰਾਪਤ ਕਰ ਕੇ ਵਾਪਸ ਆਉਂਦੇ ਸਮੇਂ ਮਹਾਰਾਜਾ ਨੇ ਡਸਕਾ, ਹਲੋਵਾਲ, ਕਟਾਸ ਤੇ ਖਿਉੜਾ ਉੱਤੇ ਜਿੱਤਾਂ ਹਾਸਲ ਕੀਤੀਆਂ।

ਪੰਜਾਬ ਤੇ ਭਾਰਤ ਦੀ ਰਾਖੀ ਲਈ ਮਹਾਰਾਜਾ ਰਣਜੀਤ ਸਿੰਘ ਨੇ ਸਰਹੱਦ ਵੱਲ ਰਾਜ ਵਧਾਉਣ ਦੀ ਨੀਤੀ ਸੋਚੀ। ਦਰਿਆ ਸਿੰਧ ਦੇ ਕੰਢੇ ਉਪਰਲਾ ਅਟਕ ਦਾ ਕਿਲਾ ਪੱਛਮੀ ਹਮਲਾਵਰਾਂ ਲਈ ਭਾਰਤ ਦਾ ਦਰਵਾਜ਼ਾ ਸੀ। ਦੇਸ਼ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਲਈ ਅਟਕ ਉੱਤੇ ਕਬਜ਼ਾ ਕਰਨਾ ਜ਼ਰੂਰੀ ਸੀ। ਮਹਾਰਾਜੇ ਨੇ 1813 ਵਿੱਚ ਦੀਵਾਨ ਮੋਹਕਮ ਚੰਦ, ਹਰੀ ਸਿੰਘ ਨਲਵਾ ਤੇ ਦੇਸਾ ਸਿੰਘ ਮਜੀਠੀਆ ਦੀ ਅਗਵਾਈ ਹੇਠ ਭਾਰੀ ਗਿਣਤੀ ਫ਼ੌਜ ਅਟਕ ਵੱਲ ਭੇਜੀ। ਜਦੋਂ ਕਾਬਲ ਦੇ ਵਜ਼ੀਰ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਆਪਣੇ ਭਰਾ ਦੀ ਅਗਵਾਈ ਵਿੱਚ ਫ਼ੌਜ ਭੇਜੀ ਪਰ ਸਿੱਖ ਫ਼ੌਜ ਨੇ ਪਹਿਲਾਂ ਹੀ ਅਟਕ ਦੇ ਕਿਲੇ ਉੱਤੇ ਕਬਜ਼ਾ ਕਰ ਲਿਆ। ਪਠਾਣੀ ਫ਼ੌਜ ਨੇ ਕਿਲੇ ਨੂੰ ਘੇਰਾ ਪਾ ਕੇ ਹਮਲਾ ਕਰ ਦਿੱਤਾ ਪਰ ਇਸ ਲੜਾਈ ਵਿੱਚ ਪਠਾਣਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। 1814 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਕਸ਼ਮੀਰ ਉੱਤੇ ਚੜਾਈ ਕੀਤੀ। ਬਹਿਰਾਮ ਨੇੜੇ ਲੜਾਈ ਹੋਈ। ਸਿੱਖ ਫ਼ੌਜ ਅੱਗੇ ਵਧਦੀ ਗਈ ਤੇ ਪਠਾਣੀ ਫ਼ੌਜਾਂ ਨੂੰ ਹਰਾ ਕੇ ਅਮਾਦਪੁਰ ਤੇ ਹਮੀਰਪੁਰ ਉਤੇ ਕਬਜ਼ਾ ਕਰ ਲਿਆ।

ਮਹਾਰਾਜਾ ਰਣਜੀਤ ਸਿੰਘ ਨੇ ਜਨਵਰੀ 1818 ਵਿੱਚ ਖੜਕ ਸਿੰਘ ਨੂੰ 25000 ਫ਼ੌਜ ਨਾਲ ਮੁਲਤਾਨ ਭੇਜਿਆ। ਮੁਲਤਾਨ ਸ਼ਹਿਰ ਨੇੜੇ ਘਮਸਾਨ ਦੀ ਲੜਾਈ ਹੋਈ। ਮੁਜ਼ੱਫ਼ਰ ਖ਼ਾਂ ਹਾਰ ਕੇ ਸ਼ਹਿਰ ਦੀ ਫ਼ਸੀਲ ਅੰਦਰ ਬੈਠ ਗਿਆ ਤੇ ਦਰਵਾਜ਼ੇ ਬੰਦ ਕਰ ਲਏ। ਖ਼ਾਲਸਾ ਫ਼ੌਜ ਨੇ ਸ਼ਹਿਰ ਦੀ ਕੰਧ ਭੰਨ ਸੁੱਟੀ। ਉਥੋਂ ਭੱਜ ਕੇ ਮੁਜ਼ੱਫ਼ਰ ਖ਼ਾਂ ਕਿਲੇ ਅੰਦਰ ਜਾ ਵੜਿਆ। ਖ਼ਾਲਸਾ ਫ਼ੌਜ ਨੇ ਕਿਲੇ ਨੂੰ ਘੇਰਾ ਪਾ ਕੇ ਭਿਆਨਕ ਗੋਲਾਬਾਰੀ ਕੀਤੀ। ਇਸ ਵਿੱਚ ਨਵਾਬ ਮੁਜ਼ੱਫ਼ਰ ਖ਼ਾਂ, ਉਸ ਦੇ ਪੰਜ ਪੁੱਤਰ ਤੇ ਭਤੀਜੇ ਤੇ ਹੋਰ ਬਹੁਤ ਸਾਰੇ ਰਿਸ਼ਤੇਦਾਰ ਮਾਰੇ ਗਏ। ਉਸ ਦੇ ਦੋ ਪੁੱਤਰਾਂ ਨੂੰ ਜਿਉਂਦਾ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤਰਾਂ ਖ਼ਾਲਸਾ ਨੇ ਤੀਜੀ ਵਾਰ ਮੁਲਤਾਨ ਨੂੰ ਆਪਣੇ ਕਬਜ਼ੇ ਵਿੱਚ ਕੀਤਾ।

ਮਹਾਰਾਜਾ ਰਣਜੀਤ ਸਿੰਘ ਨੇ ਪਠਾਣਾਂ ਦੇ ਪੰਜਾਬ ਉੱਤੇ ਹਮਲੇ ਰੋਕਣ ਲਈ ਪਿਸ਼ਾਵਰ ਉੱਤੇ ਚੜਾਈ ਕਰਨ ਦੀ ਨੀਤੀ ਬਣਾਈ। ਪਿਸ਼ਾਵਰ ਕਾਬਲ ਰਾਜ ਦਾ ਹਿੱਸਾ ਸੀ। ਅਕਤੂਬਰ 1818 ਵਿੱਚ ਮਹਾਰਾਜਾ ਰਣਜੀਤ ਸਿੰਘ ਰੋਹਤਾਸ, ਰਾਵਲਪਿੰਡੀ, ਪੰਜਾ ਸਾਹਿਬ ਆਦਿ ਹੁੰਦੇ ਹੋਏ ਹਜ਼ਰੋ ਪਹੁੰਚਿਆ। ਦੋਵਾਂ ਫ਼ੌਜਾਂ ਵਿੱਚ ਭਿਆਨਕ ਲੜਾਈ ਹੋਈ। ਉਨਾਂ ਮਹਾਰਾਜਾ ਰਣਜੀਤ ਸਿੰਘ ਦੀ ਅਧੀਨਗੀ ਕਬੂਲ ਕਰ ਲਈ। ਖ਼ਾਲਸਾ ਫ਼ੌਜ ਨੇ ਖੈਰਾਬਾਦ ਤੇ ਜਹਾਂਗੀਰ ਦੇ ਕਿਲਿਆਂ ਉੱਤੇ ਕਬਜ਼ਾ ਕਰ ਲਿਆ।

ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਹਜ਼ਾਰਾ, ਨੁਸ਼ਹਿਰਾ, ਮਨਕੇਰਾ, ਡੇਰਾ ਇਸਮਾਈਲ ਖ਼ਾਂ, ਖਾਨਗੜ, ਪੰਜਗੜ, ਲੱਦਾਖ, ਜਮਰੌਦ ਆਦਿ ਇਲਾਕਿਆਂ ਵਿੱਚ ਜਿੱਤਾਂ ਦਰਜ ਕੀਤੀਆਂ।

ਮਹਾਰਾਜਾ ਰਣਜੀਤ ਸਿੰਘ ਨੇ 'ਰਾਜ ਕਰੇਗਾ ਖ਼ਾਲਸਾ' ਦੇ ਵਿਚਾਰ ਨੂੰ ਲਾਗੂ ਹੀ ਨਹੀਂ ਕੀਤਾ ਬਲਕਿ ਇਸ ਸੰਕਲਪ ਨੂੰ ਸਿੱਖਾਂ ਦੇ ਦਿਲਾਂ ਵਿਚ ਵਸਾ ਦਿੱਤਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਬੇਰੁਜ਼ਗਾਰੀ, ਬੇਕਾਰੀ ਤੇ ਭਿਖਾਰੀਪੁਣਾ ਕਿਧਰੇ ਨਜ਼ਰ ਨਹੀਂ ਆਉਂਦਾ ਸੀ। ਉਸ ਦੇ ਰਾਜ ਵਿਚ ਜਨਤਾ ਦੀ ਰੋਟੀ-ਰੋਜ਼ੀ ਤੇ ਸੁਖ-ਅਰਾਮ ਦਾ ਪ੍ਰਬੰਧ ਪੂਰਾ ਸੀ। ਸਰਕਾਰੀ ਖ਼ਜ਼ਾਨੇ ਵਿਚ ਧਨ ਦਾ ਘਾਟਾ ਨਹੀਂ ਸੀ। ਟੈਕਸਾਂ ਦੀ ਉਗਰਾਹੀ ਲਈ ਸਖ਼ਤ ਸੀ ਪਰ ਜ਼ਬਰਦਸਤੀ ਨਹੀਂ ਕਰਦਾ ਸੀ। ਲੋੜਵੰਦਾਂ, ਅਕਲਮੰਦਾਂ, ਹੁਨਰਮੰਦਾਂ, ਕਲਾਕਾਰਾਂ, ਸੂਰਮਿਆਂ, ਵਿਦਵਾਨਾਂ ਅਤੇ ਯੋਗ ਵਿਅਕਤੀਆਂ ਦੀ ਕਦਰ ਕਰਦਾ ਸੀ। ਉਨਾਂ ਦੇ ਸਤਿਕਾਰ, ਮਾਣ ਅਤੇ ਇਜ਼ਤ ਲਈ ਖੁਲੇ ਗਫ਼ੇ, ਇਨਾਮ, ਤੋਹਫ਼ੇ, ਖਿਲਤਾਂ, ਹੀਰੇ-ਮੋਤੀ, ਸੋਨਾ-ਚਾਂਦੀ ਦੀਆਂ ਬਖਸ਼ਿਸ਼ਾਂ ਉਹ ਖੁਲੇ ਦਿਲ ਨਾਲ ਦਿੰਦਾ ਸੀ। ਰਣਜੀਤ ਸਿੰਘ ਦੇ ਜਿਉਂਦੇ-ਜੀਅ ਉਸ ਦੇ ਰਾਜ ਪ੍ਰਤੀ ਕਦੇ ਕੋਈ ਬਗ਼ਾਵਤ, ਵਿਦਰੋਹ ਜਾਂ ਜਨਤਾ ਵਲੋਂ ਅਸੰਤੁਸ਼ਟੀ ਜ਼ਾਹਿਰ ਨਹੀਂ ਕੀਤੀ ਗਈ ਸੀ। ਏਨਾ ਲੰਮਾ ਸਮਾਂ ਰਾਜ ਕਰਦੇ ਹੋਏ, ਉਸ ਨੇ ਸਭ ਵਰਗਾਂ ਨਾਲ ਇਨਸਾਫ਼ ਕੀਤਾ ਤੇ ਕਲਿਆਣਕਾਰੀ ਰਾਜ ਪ੍ਰਦਾਨ ਕੀਤਾ। ਸ਼ਾਹ ਮੁਹੰਮਦ ਇਸੇ ਲਈ ਲਿਖਦਾ ਹੈ-

**ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾ**
**ਅੱਛਾ ਰਜ ਕੇ ਰਾਜ ਕਮਾਇ ਗਿਆ।**

ਇਸ ਤਰਾਂ ਮਹਾਰਾਜਾ ਰਣਜੀਤ ਸਿੰਘ ਕਲਿਆਣਕਾਰੀ ਰਾਜ ਸਥਾਪਿਤ ਕਰਨ ਵਿਚ ਕਾਮਯਾਬ ਹੋਇਆ। ਇਹ ਰਾਜ ਕਿਸੇ ਵਿਅਕਤੀ ਦਾ ਨਹੀਂ, ਸਗੋਂ ਖਾਲਸਾ ਪੰਥ ਦਾ ਸੀ। ਇਸ ਦੇ ਰਾਜ ਦੌਰਾਨ ਪੰਜਾਬ ਦੀ ਮਾੜੀ ਹਾਲਤ ਸੁਧਰੀ ਤੇ ਪੰਜਾਬ ਸਾਮਾਜਿਕ ਹਾਲਾਤ ਉਪਰ ਉਠਿਆ ਤੇ ਵਿਕਾਸ ਦੇ ਰਾਹ ਪਿਆ ਤੇ ਤਰੱਕੀ ਦੇ ਰਾਹ ਖੁੱਲੇ। ਉਸ ਨੇ ਆਪਣੀ ਸਰਕਾਰ ਉਪਰ ਮਲਕੀਅਤ ਨਹੀਂ ਜਮਾਈ ਤੇ ਖਾਲਸੇ ਦੇ ਨਾਮ ਰਾਜ ਕਰਕੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕੀਤਾ, ਉਹ ਆਪਣੇ ਆਪ ਨੂੰ ਸਰਕਾਰੇ ਖਾਲਸਾ ਕਹਿ ਕੇ ਸੰਬੋਧਨ ਕਰਦਾ ਸੀ ਤੇ ਉਸ ਵਲੋਂ ਜਾਰੀ ਚਿੱਠੀਆਂ ਖਾਲਸੇ ਦੇ ਨਾਮ 'ਤੇ ਜਾਰੀ ਹੁੰਦੀਆਂ ਸਨ। ਜੇਕਰ ਇਹ ਰਾਜ ਲੰਬਾ ਸਮਾਂ ਰਹਿੰਦਾ ਤਾਂ ਸਿਖ ਰਾਜਨੀਤਕ ਵਿਵਸਥਾ ਦਾ ਮਾਡਲ ਹੋਰ ਵਿਕਸਤ ਹੋ ਕੇ ਪ੍ਰਗਟ ਹੋਣਾ ਸੀ। ਇਹ ਪੰਜਾਬ ਦੇ ਇਤਿਹਾਸ ਵਿਚ ਬਹੁਤ ਵੱਡਾ ਇਨਕਲਾਬ ਸੀ ਤੇ ਅੱਜ ਵੀ ਪੰਜਾਬ ਤੇ ਭਾਰਤ ਦੀ ਸਿਆਸਤ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਮਾਡਲ ਨੂੰ ਆਦਰਸ਼ਵਾਦੀ ਰਾਜ ਮਾਡਲ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ।

# ਖ਼ਾਲਿਸਤਾਨ ਜਾਂ ਪਾਕਿਸਤਾਨ ਦੇ ਨਾਅਰੇ ਲਗਾਉਣ ਕਾਰਨ ਦੇਸ਼ ਧ੍ਰੋਹ ਕਾਨੂੰਨ ਲਾਗੂ ਨਹੀਂ ਹੁੰਦਾ

**-ਸੁਰਿੰਦਰਪਾਲ ਸਿੰਘ ਗੋਲਡੀ**

20 ਫਰਵਰੀ ਨੂੰ 19 ਸਾਲ ਦੀ ਵਿਦਿਆਰਥਣ ਅਮੁੱਲਿਆ ਲਿਓਨਾ ਨੇ ਬੰਗਲੁਰੂ ਵਿੱਚ ਸੀਏਏ ਅਤੇ ਐੱਨਆਰਸੀ ਖਿਲਾਫ਼ ਕੀਤੇ ਗਏ ਮੁਜ਼ਾਹਰੇ ਵਿੱਚ 'ਪਾਕਿਸਤਾਨ ਜ਼ਿੰਦਾਬਾਦ' ਦਾ ਨਾਅਰਾ ਲਗਾਇਆ ਸੀ। ਅਮੁੱਲਿਆ ਨੂੰ ਗੱਲ ਪੂਰੀ ਕਰਨ ਦਾ ਮੌਕਾ ਨਹੀਂ ਦਿੱਤਾ ਗਿਆ ਅਤੇ ਉਸਨੂੰ ਮੰਚ ਤੋਂ ਖਿੱਚ ਕੇ ਹਟਾ ਦਿੱਤਾ ਗਿਆ। ਬਾਅਦ ਵਿੱਚ ਉਸ 'ਤੇ ਦੇਸਧ੍ਰੋਹ ਯਾਨੀ ਆਈਪੀਸੀ ਦੀ ਧਾਰਾ 124-ਏ ਲਗਾ ਦਿੱਤੀ ਗਈ ਅਤੇ ਹੁਣ ਉਹ ਪੁਲਿਸ ਹਿਰਾਸਤ ਵਿੱਚ ਹੈ।

ਅਮੁੱਲਿਆ ਦਾ ਪੂਰਾ ਵੀਡੀਓ ਦੇਖਣ 'ਤੇ ਪਤਾ ਲੱਗਦਾ ਹੈ ਕਿ ਉਹ ਇਸ ਨਾਅਰੇ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਕਿਸੇ ਨੇ ਉਸ ਦੀ ਨਹੀਂ ਸੁਣੀ, ਨਾਲ ਹੀ ਇਸ ਗੱਲ ਨੂੰ ਅੱਖੋਂ ਪਰੋਖੇ ਕਰ ਦਿੱਤਾ ਗਿਆ ਕਿ ਉਹ 'ਭਾਰਤ ਜ਼ਿੰਦਾਬਾਦ' ਦੇ ਨਾਅਰੇ ਵੀ ਲਗਾ ਰਹੀ ਸੀ। ਪਰ ਕੀ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਗਾਉਣਾ ਦੇਸਧ੍ਰੋਹ ਹੈ ਅਤੇ 'ਪਾਕਿਸਤਾਨ ਮੁਰਦਾਬਾਦ' ਕਹਿਣਾ ਦੇਸ ਭਗਤੀ ਦਾ ਸਬੂਤ ?

ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਦੁਸ਼ਯੰਤ ਦਵੇ ਕਹਿੰਦੇ ਹਨ ਕਿ ਪਾਕਿਸਤਾਨ ਜ਼ਿੰਦਾਬਾਦ' ਕਹਿਣਾ ਦੇਸਧ੍ਰੋਹ ਨਹੀਂ ਹੈ। ਦੇਸਧ੍ਰੋਹ ਤਾਂ ਦੂਰ ਦੀ ਗੱਲ, ਇਹ ਕੋਈ ਗੁਨਾਹ ਵੀ ਨਹੀਂ ਹੈ ਜਿਸ ਦੇ ਆਧਾਰ 'ਤੇ ਪੁਲਿਸ ਗ੍ਰਿਫ਼ਤਾਰ ਕਰ ਲਵੇ। ਉਨਾਂ ਦਾ ਕਹਿਣਾ ਹੈ ਕਿ "ਗੁਆਂਢੀ ਦੇਸਾਂ ਨਾਲ ਚੰਗੇ ਸਬੰਧ ਦੀ ਗੱਲ ਸੰਵਿਧਾਨ ਵਿੱਚ ਕਹੀ ਗਈ ਹੈ। ਕਿਸੇ ਇੱਕ ਦੇਸ ਨਾਲ ਨਫ਼ਰਤ ਇੰਨੇ ਵੱਡੇ ਮੁਲਕ ਪ੍ਰਤੀ ਵਫ਼ਾਦਾਰੀ ਦਾ ਸਬੂਤ ਨਹੀਂ ਹੋ ਸਕਦਾ। ਭਾਰਤ ਦੇ ਸੰਵਿਧਾਨ ਵਿੱਚ ਵੀ ਇਸਦੀ ਕੋਈ ਜਗਾ ਨਹੀਂ ਹੈ।"

ਦੁਸ਼ਯੰਤ ਦਵੇ ਕਹਿੰਦੇ ਹਨ ਕਿ ਇਸ ਕਾਨੂੰਨ ਦਾ ਹੁਣ ਕੋਈ ਮਤਲਬ ਨਹੀਂ ਹੈ। ਉਹ ਕਹਿੰਦੇ ਹਨ, "1950 ਵਿੱਚ ਸੰਵਿਧਾਨ ਲਾਗੂ ਹੋਣ ਦੇ ਬਾਅਦ ਹੀ ਇਸ ਕਾਨੂੰਨ ਨੂੰ ਖਤਮ ਕਰ ਦੇਣਾ ਚਾਹੀਦਾ ਸੀ। ਇਸ ਕਾਨੂੰਨ ਦੀ ਗਲਤ ਵਰਤੋਂ ਅਜਿਹੀ ਨਹੀਂ ਹੈ ਕਿ ਇਸ ਸਰਕਾਰ ਵਿੱਚ ਹੋ ਰਿਹਾ ਹੈ ਬਲਕਿ ਹਰ ਸਰਕਾਰ ਨੇ ਕੀਤਾ ਹੈ। ਯੂਨੀਵਰਸਿਟੀ ਵਿੱਚ ਬਹਿਸ, ਅਸਹਿਮਤੀ ਅਤੇ ਸਰਕਾਰ ਨੂੰ ਚੁਣੌਤੀ ਦੇਣਾ ਦੇਸ਼ਧ੍ਰੋਹ ਅਤੇ ਰਾਸ਼ਟਰ ਵਿਰੋਧੀ ਕਹਿ ਦਿੱਤਾ ਜਾ ਰਿਹਾ ਹੈ।"

ਅੰਗਰੇਜ਼ਾਂ ਦਾ ਬਣਾਇਆ ਇਹ ਕਾਨੂੰਨ ਆਜ਼ਾਦ ਭਾਰਤ ਵਿੱਚ ਅੱਜ ਵੀ ਕਾਇਮ ਹੈ ਜਦੋਂਕਿ ਖ਼ੁਦ ਅੰਗਰੇਜ਼ਾਂ ਨੇ ਬ੍ਰਿਟੇਨ ਵਿੱਚ 2009 ਵਿੱਚ ਇਸਨੂੰ ਖਤਮ ਕਰ ਦਿੱਤਾ।

ਦੇਸਧ੍ਰੋਹ ਦਾ ਕਾਨੂੰਨ ਇੰਗਲੈਂਡ ਵਿੱਚ 17ਵੀਂ ਸਦੀ ਵਿੱਚ ਰਾਜਾ ਅਤੇ ਸ਼ਾਸਨ ਖਿਲਾਫ਼ ਉੱਠਣ ਵਾਲੀ ਆਵਾਜ਼ ਨੂੰ ਰੋਕਣ ਲਈ ਬਣਾਇਆ ਗਿਆ ਸੀ। ਇਸਦਾ ਉਦੇਸ਼ ਇਹ ਸੀ ਕਿ ਲੋਕ ਸਰਕਾਰ ਬਾਰੇ ਸਿਰਫ਼ ਚੰਗੀਆਂ ਗੱਲਾਂ ਕਹਿਣ। ਇਸ ਕਾਨੂੰਨ ਨੂੰ 1870 ਵਿੱਚ ਅੰਗਰੇਜ਼ਾਂ ਨੇ ਭਾਰਤ ਵਿੱਚ ਵੀ ਲਾਗੂ ਕਰ ਦਿੱਤਾ।

ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਬੀ. ਸੁਦਰਸ਼ਨ ਰੈਡੀ ਨੇ ਵੀ ਫਰਵਰੀ ਦੇ ਤੀਜੇ ਹਫ਼ਤੇ ਵਿੱਚ ਇੱਕ ਪ੍ਰੋਗਰਾਮ ਵਿੱਚ ਕਿਹਾ ਕਿ ਅਮੁੱਲਿਆ 'ਤੇ ਦੇਸਧ੍ਰੋਹ ਦਾ ਕੇਸ ਦਰਜ ਕਰਨਾ ਕਾਨੂੰਨ ਦਾ ਦੁਰਪ੍ਰਯੋਗ ਹੈ। ਇਸ ਵਿੱਚ ਦੇਸਧ੍ਰੋਹ ਦਾ ਮਾਮਲਾ ਕਿੱਥੋਂ ਬਣਦਾ ਹੈ? ਇੱਥੋਂ ਤੱਕ ਕਿ ਉਸ ਲੜਕੀ ਨੇ ਜੋ ਕੁਝ ਵੀ ਕਿਹਾ ਉਸ ਖਿਲਾਫ਼ ਕਾਰਵਾਈ ਲਈ ਇੰਡੀਅਨ ਪੀਨਲ ਕੋਡ ਵਿੱਚ ਕੋਈ ਨਿਯਮ ਨਹੀਂ ਹੈ, ਦੇਸਧ੍ਰੋਹ ਤਾਂ ਦੂਰ ਦੀ ਗੱਲ ਹੈ। ਉਸ 'ਤੇ ਕਿਸੇ ਵੀ ਕਿਸਮ ਦਾ ਕੋਈ ਅਪਰਾਧਕ ਮਾਮਲਾ ਨਹੀਂ ਬਣਦਾ ਹੈ। ਜਸਟਿਸ ਰੈਡੀ ਨੇ ਕਿਹਾ, "ਜੇਕਰ 'ਅਮਰੀਕਾ ਜ਼ਿੰਦਾਬਾਦ' ਜਾਂ 'ਟਰੰਪ ਜ਼ਿੰਦਾਬਾਦ' ਕਹਿਣ ਵਿੱਚ ਕੋਈ ਦਿੱਕਤ ਨਹੀਂ ਹੈ ਤਾਂ 'ਪਾਕਿਸਤਾਨ ਜ਼ਿੰਦਾਬਾਦ' ਕਹਿਣ ਵਿੱਚ ਵੀ ਕੋਈ ਦਿੱਕਤ ਨਹੀਂ ਹੈ।"

ਅਮੁੱਲਿਆ ਬੰਗਲੁਰੂ ਯੂਨੀਵਰਸਿਟੀ ਵਿੱਚ ਪੱਤਰਕਾਰੀ ਦੀ ਵਿਦਿਆਰਥਣ ਹੈ ਅਤੇ ਉਸਨੂੰ ਇਸ ਮਾਮਲੇ ਵਿੱਚ ਜ਼ਿਆਦਾ ਤੋਂ ਜ਼ਿਆਦਾ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ। ਜਸਟਿਸ ਰੈਡੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਕੋਰਟ ਨੂੰ ਖ਼ੁਦ ਧਿਆਨ ਦੇਣਾ ਹੋਵੇਗਾ, ਨਹੀਂ ਤਾਂ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲੇ ਵਧ ਜਾਣਗੇ। ਜਸਟਿਸ ਰੈਡੀ ਨੇ ਕਿਹਾ, "ਪਾਕਿਸਤਾਨ ਜ਼ਿੰਦਾਬਾਦ' ਕਹਿਣਾ ਉਦੋਂ ਤੱਕ ਕੋਈ ਅਪਰਾਧ ਨਹੀਂ ਹੈ, ਜਦੋਂ ਤੱਕ ਕਿ ਭਾਰਤ ਦਾ ਪਾਕਿਸਤਾਨ ਨਾਲ ਕੋਈ ਯੁੱਧ ਨਾ ਹੋ ਰਿਹਾ ਹੋਵੇ ਜਾਂ ਫਿਰ ਪਾਕਿਸਤਾਨ ਨੂੰ ਦੁਸ਼ਮਣ ਮੁਲਕ ਨਾ ਐਲਾਨਿਆ ਗਿਆ ਹੋਵੇ। ਉਨਾਂ ਦਾ ਕਹਿਣਾ ਸੀ ਕਿ ਜੰਮੂ ਅਤੇ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕੀਤੇ ਜਾਣ ਦੇ ਬਾਅਦ ਪਾਕਿਸਤਾਨ ਨਾਲ ਭਾਰਤ ਦੇ ਸਬੰਧ ਚੰਗੇ ਨਹੀਂ ਹਨ, ਪਰ ਦੋਵੇਂ ਦੇਸ਼ਾਂ ਵਿਚਕਾਰ ਰਸਮੀ ਰਾਜਨੀਤਕ ਸਬੰਧ ਹੁਣ ਵੀ ਬਣੇ ਹੋਏ ਹਨ।"

ਇੱਥੇ ਜ਼ਿਕਰਯੋਗ ਹੈ ਕਿ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੀ ਹੱਤਿਆ ਦੇ ਬਾਅਦ ਪੰਜਾਬ ਸਰਕਾਰ ਦੇ ਦੋ ਕਰਮਚਾਰੀਆਂ ਬਲਵੰਤ ਸਿੰਘ ਅਤੇ ਭੁਪਿੰਦਰ ਸਿੰਘ ਨੂੰ 'ਖਾਲਿਸਤਾਨ ਜ਼ਿੰਦਾਬਾਦ' ਅਤੇ 'ਰਾਜ ਕਰੇਗਾ ਖਾਲਸਾ' ਦਾ ਨਾਅਰਾ ਲਗਾਉਣ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਬਲਵੰਤ ਅਤੇ ਭੁਪਿੰਦਰ ਨੇ ਇੰਦਰਾ ਗਾਂਧੀ ਦੀ ਹੱਤਿਆ ਦੇ ਕੁਝ ਘੰਟੇ ਬਾਅਦ ਹੀ ਚੰਡੀਗੜ ਵਿੱਚ ਨੀਲਮ ਸਿਨਮਾ ਕੋਲ ਇਹ ਨਾਅਰੇ ਲਗਾਏ ਸਨ। ਇਨਾਂ 'ਤੇ ਵੀ ਆਈਪੀਸੀ ਦੀ ਧਾਰਾ 124-ਏ ਤਹਿਤ ਦੇਸਧ੍ਰੋਹ ਦਾ ਕੇਸ ਦਰਜ ਹੋਇਆ ਸੀ। ਇਹ ਮਾਮਲਾ ਸੁਪਰੀਟ ਕੋਰਟ ਵਿੱਚ ਗਿਆ ਅਤੇ 1995 ਵਿੱਚ ਜਸਟਿਸ ਏਐੱਸ ਆਨੰਦ ਤੇ ਜਸਟਿਸ ਫੈਜ਼ਾਨੁਦੀਨ ਦੇ ਬੈਂਚ ਨੇ ਸਪੱਸ਼ਟ ਰੂਪ ਨਾਲ ਕਿਹਾ ਕਿ ਇਸ ਤਰਾਂ ਇੱਕ ਦੋ ਵਿਅਕਤੀਆਂ ਵੱਲੋਂ ਨਾਅਰਾ ਲਗਾਉਣਾ ਦੇਸਧ੍ਰੋਹ ਨਹੀਂ ਹੈ। ਸੁਪਰੀਟ ਕੋਰਟ ਦੀ ਇਸ ਬੈਂਚ ਨੇ ਕਿਹਾ ਸੀ, "ਦੋ ਲੋਕਾਂ ਦਾ ਇਸ ਤਰਾਂ ਨਾਲ ਨਾਅਰਾ ਲਗਾਉਣਾ ਭਾਰਤ ਦੀ ਸਰਕਾਰ ਅਤੇ ਕਾਨੂੰਨ ਵਿਵਸਥਾ ਲਈ ਖਤਰਾ ਨਹੀਂ ਹੈ, ਇਸ ਵਿੱਚ ਨਫ਼ਰਤ ਅਤੇ ਹਿੰਸਾ ਭੜਕਾਉਣ ਵਾਲਾ ਵੀ ਕੁਝ ਨਹੀਂ ਹੈ। ਅਜਿਹੇ ਵਿੱਚ ਦੇਸਧ੍ਰੋਹ ਦਾ ਚਾਰਜ ਲਗਾਉਣਾ ਬਿਲਕੁਲ ਗਲਤ ਹੈ।"

ਸਰਕਾਰੀ ਵਕੀਲ ਨੇ ਇਹ ਵੀ ਕਿਹਾ ਕਿ ਇਨਾਂ ਨੇ 'ਹਿੰਦੋਸਤਾਨ ਮੁਰਦਾਬਾਦ' ਦੇ ਵੀ ਨਾਅਰੇ ਲਗਾਏ ਸਨ। ਇਸ 'ਤੇ ਸੁਪਰੀਮ ਕੋਰਟ ਨੇ ਕਿਹਾ ਕਿ ਇੱਕਾ-ਦੁੱਕਾ ਲੋਕਾਂ ਦੇ ਇਸ ਤਰਾਂ ਦੇ ਨਾਅਰੇ ਲਗਾਉਣ ਨਾਲ ਇੰਡੀਅਨ ਸਟੇਟ ਨੂੰ ਖਤਰਾ ਨਹੀਂ ਹੋ ਸਕਦਾ। ਕੋਰਟ ਨੇ ਕਿਹਾ ਕਿ ਦੇਸਧ੍ਰੋਹ ਦੀ ਧਾਰਾ ਤਾਂ ਹੀ ਲਗਾਈ ਜਾਣੀ ਚਾਹੀਦੀ ਹੈ ਜਦੋਂ ਕੋਈ ਭਾਈਚਾਰੇ ਅੰਦਰ ਨਫ਼ਰਤ ਪੈਦਾ ਕਰੇ, ਕੋਰਟ ਨੇ ਇਹ ਵੀ ਕਿਹਾ ਕਿ ਪੁਲਿਸ ਨੇ ਇਨਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਆਪਣੀ ਪਰਿਪੱਕਤਾ ਨਹੀਂ ਦਿਖਾਈ, ਕਿਉਂਕਿ ਤਣਾਅ ਦੇ ਮਾਹੌਲ ਵਿੱਚ ਇਸ ਤਰਾਂ ਦੀਆਂ ਗ੍ਰਿਫ਼ਤਾਰੀਆਂ ਨਾਲ ਸਥਿਤੀ ਹੋਰ ਵਿਗੜ ਸਕਦੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਇਸ ਤਰਾਂ ਦੇ ਮਾਹੌਲ ਵਿੱਚ ਅਜਿਹੀਆਂ ਕਾਰਵਾਈਆਂ ਨਾਲ ਅਸੀਂ ਸਮੱਸਿਆ ਖਤਮ ਨਹੀਂ ਕਰਦੇ ਬਲਕਿ ਵਧਾਉਂਦੇ ਹੀ ਹਾਂ। ਅਦਾਲਤ ਨੇ ਬਲਵੰਤ ਸਿੰਘ ਅਤੇ ਭੁਪਿੰਦਰ ਸਿੰਘ ਨੂੰ ਬਰੀ ਕਰ ਦਿੱਤਾ ਸੀ।

> ✪ ਅਮੁਲਿਆ ਤੇ ਕਨਈਆ ਨੂੰ ਫਸਾਇਆ ਗਿਆ ਦੇਸਧ੍ਰੋਹ ਦੇ ਕਾਨੂੰਨ 'ਚ
> ✪ ਪਾਕਿਸਤਾਨ ਜ਼ਿੰਦਾਬਾਦ' ਕਹਿਣਾ ਦੇਸ ਧ੍ਰੋਹ ਨਹੀਂ—ਦਵੇ ਐਡਵੋਕੇਟ ਸੁਪਰੀਮ ਕੋਰਟ
> ✪ "ਪਾਕਿਸਤਾਨ ਜ਼ਿੰਦਾਬਾਦ' ਕਹਿਣਾ ਉਦੋਂ ਤੱਕ ਕੋਈ ਅਪਰਾਧ ਨਹੀਂ ਹੈ, ਜਦੋਂ ਤੱਕ ਕਿ ਭਾਰਤ ਦਾ ਪਾਕਿਸਤਾਨ ਨਾਲ ਕੋਈ ਯੁੱਧ ਨਾ ਹੋ ਰਿਹਾ ਹੋਵੇ—ਜਸਟਿਸ ਰੈਡੀ

### ਕਨੱਈਆ 'ਤੇ ਰਾਜਧ੍ਰੋਹ ਦਾ ਮਾਮਲਾ

ਠੀਕ ਅਜਿਹਾ ਹੀ ਦੋਸ਼ ਜੇਐੱਨਯੂ ਵਿਦਿਆਰਥੀ ਸੰਘ ਦੇ ਸਾਬਕਾ ਪ੍ਰਧਾਨ ਅਤੇ ਸੀਪੀਆਈ ਨੇਤਾ ਕਨੱਈਆ ਕੁਮਾਰ ਉੱਪਰ ਵੀ ਲਗਾਇਆ ਗਿਆ ਹੈ। ਕਨੱਈਆ 'ਤੇ ਇਹ ਦੋਸ਼ ਲੱਗੇ ਚਾਰ ਸਾਲ ਹੋ ਗਏ ਹਨ, ਪਰ ਅਜੇ ਤੱਕ ਪੁਲਿਸ ਦੋਸ਼ ਪੱਤਰ ਦਾਇਰ ਨਹੀਂ ਕਰ ਸਕੀ। ਹੁਣ ਦਿੱਲੀ ਦੀ ਕੇਜਰੀਵਾਲ ਸਰਕਾਰ ਦੀ ਆਗਿਆ 'ਤੇ ਦੋਸ਼ ਪੱਤਰ ਦਾਇਰ ਕਰ ਦਿੱਤਾ ਹੈ। ਕੋਰਟ ਵਿੱਚ ਜੇਕਰ ਸਾਬਤ ਹੋ ਜਾਂਦਾ ਹੈ ਕਿ ਕਨੱਈਆ ਨੇ ਭਾਰਤ ਵਿਰੋਧੀ ਨਾਅਰੇ ਲਗਾਏ ਹਨ ਤਾਂ ਜਸਟਿਸ ਏਐੱਸ ਆਨੰਦ ਦੇ ਫੈਸਲੇ ਦਾ ਹਵਾਲਾ ਜ਼ਰੂਰ ਦਿੱਤਾ ਜਾਵੇਗਾ।

### ਕਾਨੂੰਨੀ ਪੱਖ

ਦੇਸਧ੍ਰੋਹ ਦੇ ਮਾਮਲੇ ਵਿੱਚ ਆਈਪੀਸੀ ਦੀ ਧਾਰਾ 124-ਏ 'ਤੇ ਸੁਪਰੀਮ ਕੋਰਟ ਨੇ ਸਭ ਤੋਂ ਅਹਿਮ ਫੈਸਲਾ 1962 ਵਿੱਚ ਕੇਦਾਰਨਾਥ ਸਿੰਘ ਬਨਾਮ ਬਿਹਾਰ ਸਰਕਾਰ ਮਾਮਲੇ ਵਿੱਚ ਸੁਣਾਇਆ ਸੀ। ਕੇਦਾਰਨਾਥ ਸਿੰਘ ਨੇ 26 ਮਈ, 1953 ਨੂੰ ਬੇਗੂਸਰਾਏ ਵਿੱਚ ਕਰਵਾਈ ਇੱਕ ਰੈਲੀ ਵਿੱਚ ਭਾਸ਼ਣ ਦਿੱਤਾ ਸੀ। ਕੇਦਾਰਨਾਥ ਸਿੰਘ ਉਦੋਂ ਫਾਰਵਰਡ ਕਮਿਊਨਿਸਟ ਪਾਰਟੀ ਦੇ ਮੈਂਬਰ ਸਨ। ਇਸ ਰੈਲੀ ਵਿੱਚ ਉਨਾਂ ਨੇ ਉਦੋਂ ਬਿਹਾਰ ਦੀ ਸੱਤਾਧਾਰੀ ਕਾਂਗਰਸ ਪਾਰਟੀ 'ਤੇ ਹਮਲਾ ਬੋਲਿਆ ਸੀ। ਕੇਦਾਰਨਾਥ ਸਿੰਘ ਨੇ ਆਪਣੇ ਭਾਸ਼ਣ ਵਿੱਚ ਉਨਾਂ ਨੂੰ ਕਿਹਾ ਸੀ, "ਸੀਆਈਡੀ ਦੇ ਕੁੱਤੇ ਬਰੌਨੀ ਵਿੱਚ ਘੁੰਮਦੇ ਰਹਿੰਦੇ ਹਨ। ਕਈ ਸਰਕਾਰੀ ਕੁੱਤੇ ਇਸ ਸਭਾ ਵਿੱਚ ਵੀ ਬੈਠੇ ਹੋਣਗੇ। ਭਾਰਤ ਦੇ ਲੋਕਾਂ ਨੇ ਬ੍ਰਿਟਿਸ਼ ਗੁਲਾਮੀ ਨੂੰ ਉਖਾੜ ਸੁੱਟਿਆ ਅਤੇ ਕਾਂਗਰਸੀ ਗੁੰਡਿਆਂ ਨੂੰ ਗੱਦੀ 'ਤੇ ਬੈਠਾ ਦਿੱਤਾ। ਅਸੀਂ ਲੋਕ ਅੰਗਰੇਜ਼ਾਂ ਦੀ ਤਰਾਂ ਕਾਂਗਰਸ ਦੇ ਇਨਾਂ ਗੁੰਡਿਆਂ ਨੂੰ ਵੀ ਉਖਾੜ ਸੁੱਟਾਂਗੇ।"

ਇਸ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਸਾਫ਼ ਕਿਹਾ ਕਿ ਸਰਕਾਰ ਖਿਲਾਫ਼ ਸਖ਼ਤ ਸ਼ਬਦਾਂ ਦੀ ਵਰਤੋਂ ਦੇਸਧ੍ਰੋਹ ਨਹੀਂ ਹੈ। ਕੋਰਟ ਨੇ ਕਿਹਾ ਕਿ ਸਰਕਾਰ ਦੀਆਂ ਗਲਤੀਆਂ ਅਤੇ ਉਨਾਂ ਵਿੱਚ ਸੁਧਾਰ ਨੂੰ ਲੈ ਕੇ ਵਿਰੋਧ ਪ੍ਰਗਟਾਉਣਾ ਅਤੇ ਸਖ਼ਤ ਸ਼ਬਦਾਂ ਦੀ ਵਰਤੋਂ ਕਰਨਾ ਦੇਸਧ੍ਰੋਹ ਨਹੀਂ ਹੈ। ਕੋਰਟ ਨੇ ਕਿਹਾ ਕਿ ਜਦੋਂ ਤੱਕ ਕੋਈ ਹਿੰਸਾ ਅਤੇ ਨਫ਼ਰਤ ਨਹੀਂ ਫੈਲਾਉਂਦਾ ਹੈ, ਉਦੋਂ ਤੱਕ ਦੇਸਧ੍ਰੋਹ ਦਾ ਕੋਈ ਮਾਮਲਾ ਨਹੀਂ ਬਣਦਾ ਹੈ। ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਲੋਕਾਂ ਲੋਕ ਅਧਿਕਾਰ ਹੈ ਕਿ ਉਹ ਸਰਕਾਰ ਪ੍ਰਤੀ ਆਪਣੀ ਪਸੰਦ ਤੇ ਨਾਪਸੰਦ ਪ੍ਰਗਟ ਕਰੇ, ਜਦੋਂ ਤੱਕ ਹਿੰਸਾ ਦਾ ਵਾਤਾਵਰਣ ਨਹੀਂ ਪੈਦਾ ਕੀਤਾ ਜਾਂਦਾ ਜਾਂ ਵਿਵਸਥਾ ਭੰਗ ਨਹੀਂ ਕੀਤੀ ਜਾਂਦੀ, ਉਦੋਂ ਤੱਕ ਦੇਸਧ੍ਰੋਹ ਦਾ ਮੁਕੱਦਮਾ ਦਰਜ ਨਹੀਂ ਹੋ ਸਕਦਾ।



# 8 ਸਾਲ ਬਾਅਦ ਕੁਸ਼ਤੀ ’ਚ ਵਾਪਸ ਆਉਣ ਵਾਲੀ ਪਹਿਲਵਾਨ ਗੁਰਸ਼ਰਨ ਕੌਰ

**ਜਲੰਧਰ/ਸੁਰਿੰਦਰਪਾਲ ਸਿੰਘ ਗੋਲਡੀ:** ਕੌਮਾਂਤਰੀ ਔਰਤ ਪਹਿਲਵਾਨ ਗੁਰਸ਼ਰਨਪ੍ਰੀਤ ਕੌਰ ਦਾ ਜਿਸ ਨੇ ਹਾਲ ਹੀ ਵਿੱਚ ਦਿੱਲੀ ਵਿਚ ਖ਼ਤਮ ਹੋਈ ਏਸ਼ੀਆ ਰੈਸਲਿੰਗ ਚੈਂਪੀਅਨਸ਼ਿਪ ਵਿੱਚ 72 ਕਿਲੋਂ ਭਾਰ ਵਰਗ ਵਿੱਚ ਕਾਂਸੇ ਦਾ ਮੈਡਲ ਜਿੱਤਿਆ ਹੈ, ਦਾ ਕਹਿਣਾ ਹੈ ਕਿ “ਹਰਿਆਣਾ ਅਤੇ ਪੰਜਾਬ ਵਿੱਚ ਮੈਂ ਦੁਨੀਆਂ ਦੀ ਬੈੱਸਟ ਪਹਿਲਵਾਨ ਹਾਂ, ਮੈਂ ਹਰ ਔਖਾ ਕੰਮ ਕਰ ਸਕਦੀ ਹਾਂ, ਮੈਂ ਕਦੇ ਹਾਰ ਨਹੀਂ ਸਕਦੀ, ਮੇਰੀ ਬੇਟੀ ਤੇ ਮੇਰੀ ਮਾਂ ਮੇਰਾ ਮਾਣ ਹੈ। ਇਹਨਾਂ ਤੋਂ ਮੈਨੂੰ ਹਿੰਮਤ ਮਿਲਦੀ ਹੈ ਤੇ ਮੈਂ ਕਾਮਯਾਬੀ ਦੀਆਂ ਮੰਜ਼ਿਲਾਂ ਸਰ ਕਰਦੀ ਜਾ ਰਹੀ ਹਾਂ।”

ਪੰਜਾਬ ਵਿੱਚ ਸਬ ਇੰਸਪੈਕਟਰ ਵਜੋਂ ਕੰਮ ਕਰ ਰਹੀ ਗੁਰਸ਼ਰਨਪ੍ਰੀਤ ਕੌਰ ਨੇ ਕੌਮਾਂਤਰੀ ਪੱਧਰ ਦੇ ਕਈ ਮੈਡਲ ਆਪਣੇ ਨਾਮ ਕੀਤੇ ਹਨ। ਇਸ ਤੋਂ ਬਾਅਦ ਉਸ ਦਾ ਵਿਆਹ ਪੰਜਾਬ ਪੁਲਿਸ ਵਿੱਚ ਹੀ ਕੰਮ ਕਰਨ ਵਾਲੇ ਇੱਕ ਨੌਜਵਾਨ ਨਾਲ 2013 ਵਿੱਚ ਹੋਇਆ ਸੀ। ਗੁਰਸ਼ਰਨਪ੍ਰੀਤ ਮੁਤਾਬਕ ਬੇਟੀ ਦੇ ਜਨਮ ਤੋਂ ਬਾਅਦ ਸਹੁਰਾ ਪਰਿਵਾਰ ਦਾ ਵਿਵਹਾਰ ਉਸ ਲਈ ਬਦਲ ਗਿਆ ਅਤੇ ਗੁਰਸ਼ਰਨਪ੍ਰੀਤ ਨੇ ਵੱਖ ਰਹਿਣਾ ਸ਼ੁਰੂ ਕਰ ਦਿੱਤਾ। ਗੁਰਸ਼ਰਨਪ੍ਰੀਤ ਆਖਦੀ ਹੈ ਕਿ ਬੇਟੀ ਦੇ ਜਨਮ ਤੋਂ ਬਾਅਦ ਉਸ ਦਾ ਭਾਰ ਬਹੁਤ ਜਿਆਦਾ ਵੱਧ ਗਿਆ ਸੀ। ਘਰ ਵਿੱਚ ਕਲੇਸ਼ ਰਹਿਣ ਕਾਰਨ ਉਹ ਡਿਪਰੈਸ਼ਨ ਵਿੱਚ ਰਹਿਣ ਲੱਗੀ ਸੀ। ਗੁਰਸ਼ਰਨ ਦੱਸਦੀ ਹੈ ਕਿ ਬੇਟੀ ਦੀ ਸਾਂਭ ਸੰਭਾਲ ਅਤੇ ਉਸ ਦੇ ਭਵਿੱਖ ਨੂੰ ਲੈ ਕੇ ਉਸ ਨੇ ਅਖਾੜੇ ਵਿੱਚ ਵਾਪਸੀ ਕਰਨ ਦੀ ਸੋਚੀ ਪਰ ਇਹ ਇੰਨਾ ਸੌਖਾ ਨਹੀਂ ਸੀ, ਕਿਉਂਕ ਬੇਟੀ ਦੀ ਉਮਰ ਛੋਟੀ ਹੋਣੀ ਉਸ ਲਈ ਸਭ ਤੋਂ ਵੱਡੀ ਦਿੱਕਤ ਸੀ।

ਇਸ ਤੋਂ ਵੀ ਵੱਡੀ ਦਿੱਕਤ ਗੁਰਸ਼ਰਨਪ੍ਰੀਤ ਦੀ ਫਿਟਨੈੱਸ ਸੀ, ਕਿਉਂਕਿ ਉਸ ਦਾ ਭਾਰ 97 ਕਿੱਲੋ ਪਹੁੰਚ ਚੁੱਕਿਆ ਸੀ। ਬੇਟੀ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਗੁਰਸ਼ਰਨ ਕੌਰ ਦੀ ਮਾਂ ਨੇ ਲਈ ਅਤੇ ਉਸ ਨੇ ਫਿਟਨੈੱਸ ਲਿਆਉਣ ਲਈ ਪਿੰਡ ਤੋਂ ਜਲੰਧਰ ਪੀਏਪੀ ਵਿੱਚ ਡੇਰਾ ਲਗਾ ਲਿਆ। ਇਹ ਸੌਖਾ ਨਹੀਂ ਸੀ ਮਾਂ ਨੂੰ ਧੀ ਦੀ ਮਮਤਾ ਆਪਣੇ ਵੱਲ ਵਾਰ-ਵਾਰ ਖਿੱਚਦੀ ਪਰ ਸਭ ਦੇ ਬਾਵਜੂਦ ਉਸ ਨੇ ਹਿੰਮਤ ਨਹੀਂ ਹਾਰੀ। ਕਰੀਬ



ਦੋ ਸਾਲ ਦੇ ਅਭਿਆਸ ਤੋਂ ਬਾਅਦ ਗੁਰਸ਼ਰਨ ਕੌਰ ਆਪਣੇ ਪੁਰਾਣੇ ਰੰਗ ਵਿੱਚ ਆ ਗਈ। ਏਸ਼ੀਅਨ ਰੈਸਲਿੰਗ ਚੈਂਪੀਅਨਸ਼ਿਪ ਰਾਹੀਂ ਨਾ ਸਿਰਫ ਉਸ ਨੇ ਅੱਠ ਸਾਲ ਬਾਅਦ ਵਾਪਸੀ ਕੀਤੀ, ਸਗੋਂ ਕਾਂਸੇ ਦਾ ਤਮਗਾ ਜਿੱਤ ਕੇ ਲਿਆਂਦਾ।

ਗੁਰਸ਼ਰਨਪ੍ਰੀਤ ਦਾ ਸਬੰਧ ਪੰਜਾਬ ਦੇ ਸਰਹੱਦੀ ਜ਼ਿਲੇ ਤਰਨਤਾਰਨ ਦੇ ਪਿੰਡ ਵੜਿੰਗ ਨਾਲ ਹੈ। ਉਹ ਦੱਸਦੀ ਹੈ ਕਿ ਸ਼ੁਰੂ ਵਿੱਚ ਉਸ ਨੇ ਹੈਮਰ ਥਰੋ ਸ਼ੁਰੂ ਕੀਤੀ ਸੀ ਅਤੇ ਇਸ ਦੇ ਆਧਾਰ ’ਤੇ ਉਸ ਨੂੰ ਪੁਲਿਸ ਵਿੱਚ ਨੌਕਰੀ ਵੀ ਮਿਲੀ। ਪਰ ਜਲੰਧਰ ਪੀਏਪੀ ਵਿੱਚ ਪ੍ਰੈਕਟਿਸ ਦੌਰਾਨ ਪਹਿਲਵਾਨ ਕਰਤਾਰ ਸਿੰਘ ਨੇ ਉਸ ਨੂੰ ਪਹਿਲਵਾਨੀ ਲਈ ਪ੍ਰੇਰਿਤ ਕੀਤਾ ਅਤੇ ਉਸ ਨੇ ਇਸ ਖੇਡ ਵਿਚ ਹੱਥ ਅਜਮਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਸ਼ੁਰੂ ਤੋਂ ਹੀ ਮੁੰਡਿਆਂ ਨਾਲ ਅਭਿਆਸ ਕੀਤਾ ਹੈ, ਕਿਉਂਕਿ ਉਸ ਨੂੰ ਆਪਣੇ ਭਾਰ ਦੀ ਅਭਿਆਸ ਕਰਨ ਲਈ ਕੁੜੀ ਨਹੀਂ ਨਹੀ ਮਿਲਦੀ। ਇਸ ਕਰਕੇ ਮੁੰਡਿਆਂ ਨਾਲ ਹੀ ਅਭਿਆਸ ਕਰਨਾ ਪੈਂਦਾ ਹੈ। ਉਹ ਦੱਸਦੀ ਹੈ ਕਿ ਉਸ ਦੇ ਪਤੀ ਨੂੰ ਵੀ ਇਸ ਗੱਲ ਦਾ ਇਤਰਾਜ਼ ਸੀ।

ਪਤੀ ਨੇ ਬੇਟੀ ਦੇ ਜਨਮ ਤੋਂ ਬਾਅਦ ਉਸ ਨੂੰ ਆਖਿਆ ਸੀ ਤੇ ਤੈਨੂੰ ਬੇਟੀ ਜਾਂ ਪਤੀ ਵਿੱਚੋਂ ਇਕ ਚੀਜ਼ ਚੁਣਨੀ ਹੋਵੇਗੀ ਮੈ ਬੇਟੀ ਨੂੰ ਚੁਣਿਆ ਅਤੇ ਉਸ ਦੀ ਭਵਿੱਖ ਨੂੰ ਲੈ ਕੇ ਮੈ ਮਿਹਨਤ ਕਰ ਰਹੀ ਹਾਂ।”

36 ਸਾਲ ਗੁਰਸ਼ਰਨ ਆਖਦੀ ਹੈ ਕਿ ਸਰਹੱਦੀ ਇਲਾਕਿਆਂ ਵਿੱਚ ਖੇਡਾਂ ਲਈ ਖਾਸ ਤੌਰ ’ਤੇ ਕੁੜੀਆਂ ਲਈ ਕੋਈ ਸਹੂਲਤ ਨਹੀਂ ਹੈ। ਉਹ ਆਖਦੀ ਹੈ ਕਿ ਉਸ ਨੂੰ ਖੇਡਾਂ ਨਾਲ ਲਗਾਅ ਸੀ ਪਰ ਪਿੰਡ ਵਿੱਚ ਮੈਦਾਨ ਨਹੀਂ ਸੀ। ਆਖਰਕਾਰ ਪਿੰਡ ਦੇ ਇੱਕ ਸੁੱਕੇ ਛੱਪੜ ਵਿਚ ਮੈਂ ਅਭਿਆਸ ਕਰਨਾ ਸ਼ੁਰੂ ਕੀਤਾ ਪਰ ਉੱਥੇ ਪਿੰਡ ਦੇ ਮੁੰਡੇ ਆ ਕੇ ਕ੍ਰਿਕਟ ਖੇਡਣ ਲੱਗ ਜਾਂਦੇ, ਪਿੰਡ ਵਾਲੇ ਵੀ ਕੋਈ ਸਾਥ ਨਹੀਂ ਸੀ ਦਿੰਦੇ। ਗੁਰਸ਼ਰਨ ਆਖਦੀ ਹੈ ਕਿ ਅੱਜ ਪਿੰਡ ਵਾਲੇ ਉਸ ਦੀ ਕਾਮਯਾਬੀ ਉਤੇ ਮਾਣ ਮਹਿਸੂਸ ਕਰਦੇ ਹਨ ਅਤੇ ਉਹਨਾਂ ਦੀ ਸੋਚ ਵੀ ਕੁੜੀਆਂ ਪ੍ਰਤੀ ਬਦਲਣ ਲੱਗੀ ਹੈ। ਉਹ ਆਖਦੀ ਹੈ ਜਦੋਂ ਤੱਕ ਹਿੰਮਤ ਹੈ ਉਹ ਕੁਸ਼ਤੀ ਕਰਦੀ ਰਹੇਗੀ।

ਉਹ ਆਖਦੀ ਹੈ ਕਿ ਉਸ ਨੇ 2012 ਵਿੱਚ ਮੈਡਲ ਜਿੱਤਿਆ ਸੀ ਉਸ ਤੋਂ ਬਾਅਦ ਕੁਸ਼ਤੀ ਛੱਡ ਦਿੱਤੀ ਅਤੇ ਹੁਣ ਕੌਮਾਂਤਰੀ ਪੱਧਰ ’ਤੇ ਉਸ ਨੇ 2020 ਵਿੱਚ ਵਾਪਸੀ ਕੀਤੀ ਹੈ। ਗੁਰਸ਼ਰਨ ਆਖਦੀ ਹੈ ਕਿ ਉਂਝ ਉਹ ਭਵਿੱਖ ਦੀਆਂ ਯੋਜਨਾਵਾਂ ਨਹੀਂ ਬਣਾਉਂਦੀ ਪਰ ਫਿਰ ਉਸ ਦਾ ਟੀਚਾ ਵਿਸ਼ਵ ਚੈਂਪੀਅਨ ਅਤੇ ਉਲਪਿੰਕ ਵਿੱਚ ਮੈਡਲ ਜਿਤਣ ਦਾ ਹੈ।

ਗੁਰਸ਼ਰਨ ਦੀ ਮਾਤਾ ਰਾਜਵੀਰ ਕੌਰ ਆਖਦੀ ਹੈ ਕਿ ਉਸ ਦੇ ਤਿੰਨ ਬੱਚੇ (ਦੋ ਬੇਟੀਆਂ ਅਤੇ ਇੱਕ ਬੇਟਾ) ਹਨ ਅਤੇ ਗੁਰਸ਼ਰਨ ਸਭ ਤੋਂ ਵੱਡੀ ਹੈ।

# ਸੀਐਨਐਨ ਦੀ ਐਂਕਰ ਬੌਬੀ ਬੈਟਿਸਟਾ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਈ

**ਨਿਊਜਰਸੀ/ਰਾਜ ਗੋਗਨਾ:** ਸੀ.ਐਨ .ਐਨ ਹੈਡਲਾਈਨ ਨਿਊਜਰਸੀ (ਅਮਰੀਕਾ ) ਦੇ ਅਸਲ ਐਂਕਰਾਂ ਵਿੱਚੋਂ ਇੱਕ ਸੀ ਬੌਬੀ ਬੈਟਿਸਟਾ ਜਿਸ ਦੀ ਬੀਤੇਂ ਦਿਨ ਮੌਤ ਹੋ ਗਈ ਹੈ।ਉਹ 67 ਸਾਲਾਂ ਦੀ ਸੀ। ਸੀਐਨਐਨ ਦੇ ਇੱਕ ਪਰਿਵਾਰ ਦੇ ਬੁਲਾਰੇ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਉਸ ਨੂੰ ਸਰਵਾਈਕਲ ਦਾ ਕੈਂਸਰ ਸੀ।ਬੌਬੀ ਬੈਟਿਸਟਾ, ਨਿਊਜਰਸੀ ਦੀ ਮੂਲ ਨਿਵਾਸੀ ਸੀ ਜਿਸ ਦਾ ਪਰਿਵਾਰ ਬਾਸਕਿੰਗ ਰਿਜ ਵਿੱਚ ਰਹਿੰਦਾ ਸੀ, ਆਪਣੀ ਮੌਤ ਦੇ ਸਮੇਂ ਉਹ ਅਮਰੀਕਾ ਦੇ ਸੂਬੇ ਐਟਲਾਂਟਾ ਵਿੱਚ ਸੀ।ਬੌਬੀ ਬੈਟਿਸਟਾ ਕੈਂਸਰ ਨਾਲ ਜੂਝਦਿਆਂ ਉਸ ਦੀ ਲੜਾਈ ਹਾਰ ਗਈ ਅਤੇ ਉਸ ਵਿੱਚ ਜਿਊਦੇ ਰਹਿਣ ਦਾ ਸਹਿਮ ਸੀ, ਉਹ ਆਪਣੀ ਲੜਾਈ ਵਿੱਚ ਇਕ ਦਲੇਰ ਅਤੇ ਨਿੱਡਰ ਐਕਰ ਸੀ ਅਤੇ ਆਪਣੀ ਜ਼ਿੰਦਗੀ ਵਿੱਚ ਬਾਕੀ ਸਭ ਲਈ ਸੋਚਦੀ ਸੀ ।ਜਿਵੇਂ ਉਸ ਨੇ ਦਰਦ ਨਾਲ ਲੜਿਆ ਸੀ, ਬਟਿਸਟਾ ਦੇ ਪਤੀ ਜੋਹਨ ਬ੍ਰਾਈਮਲੋ ਨੇ ਸੀਐਨਐਨ ਨੂੰ ਦਿੱਤੇ ਬਿਆਨ ਵਿੱਚ ਕਿਹਾ। ਅਤੇ ਵਿਆਹ ਦੇ 25 ਸਾਲਾਂ ਦੇ ਮੇਰੇ ਪਿਆਰੇ ਸਾਥੀ ਨੇ ਉਸ ਦੇ ਧਰਤੀ ਦੇ ਬੰਧਨ ਕੱਟ ਦਿੱਤੇ ਹਨ ਅਤੇ ਹੁਣ ਉਹ ਸ਼ਾਂਤੀ ਵਿਚ ਚਲੀ ਗਈ ਹੈ।ਬੈਟਿਸਟਾ, ਜਿਸਨੇ ਸੀ ਐਨ ਐਨ ਵਿਖੇ ਲਗਾਤਾਰ 20 ਸਾਲ ਬਿਤਾਏ ਸਨ, ਨੇ 1981 ਵਿਚ ਜਦੋਂ ਨੈਟਵਰਕ ਲਾਂਚ ਕੀਤਾ ਸੀ। ਸੀ .ਐਨ .ਐਨ ਹੈਡਲਾਈਨ ਨਿਊਜ ਨਾਲ ਸ਼ੁਰੂ ਹੋਇਆ ਸੀ। ਉਸਨੇ ਟਾਕਬੈਕ ਲਾਈਵ ਦੀ ਵੀ ਮੇਜ਼ਬਾਨੀ ਵੀ ਕੀਤੀ ਸੀ।ਉਸ ਨੇ ਸੀ.ਐੱਨ.ਐੱਨ. ਵਿਖੇ ਪ੍ਰਮੁੱਖ ਸਮਾਗਮਾਂ ਨੂੰ ਸ਼ਾਮਲ ਕੀਤਾ ਜਿਸ ਵਿੱਚ ਚੈਲੰਜਰ ਤਬਾਹੀ, ਰਾਸ਼ਟਰਪਤੀ ਰੋਨਾਲਡ ਰੀਗਨ ‘ਤੇ ਹੋਏ ਕਤਲ ਦੀ ਕੋਸ਼ਿਸ਼, ਬਰਲਿਨ ਦੀ ਕੰਧ ਡਿੱਗਣ, ਖਾੜੀ ਯੁੱਧ



ਅਤੇ 11 ਸਤੰਬਰ ਦੇ ਹਮਲੇ ਆਦਿ ਸ਼ਾਮਲ ਸਨ।70 ਦੇ ਦਹਾਕੇ ਦੇ ਅਖੀਰ ਵਿੱਚ, ਬੈਟੀਸਟਾ ਨੇ ਉੱਤਰੀ ਕੈਰੋਲਿਨਾ ਦੇ ਰੈਲੇਹ ਵਿੱਚ ਡਬਲਯੂਆਰਐਲਐਲ-ਟੀਵੀ ਤੇ ਐਕਸ਼ਨ ਨਿਊਜ 5 ਵਿੱਚ ਵੀ ਇੱਕ ਐਂਕਰ ਅਤੇ ਨਿਰਮਾਤਾ ਵਜੋਂ ਵੀ ਸੇਵਾ ਕੀਤੀ ਸੀ।ਉਸ ਨੇ 1981 ਦੀ ਦਸਤਾਵੇਜ਼ੀ ਫੇਡ ਅਪ ਵਿਅਰ ਫਾਇਰ ਲਈ ਇਕ ਪੀਬੌਡੀ ਅਵਾਰਡ ਵੀ ਜਿੱਤਿਆ, ਜਿਸ ਵਿਚ ਪੰਜ ਨਿਊਜ ਸਟੇਸ਼ਨਾਂ ਦਾ ਪ੍ਰਾਜੈਕਟ ਦੱਸਿਆ ਗਿਆ ਸੀ ,ਕਿ ਨਾਗਰਿਕ ਕਿਵੇਂ ਅਪਰਾਧ ਲਈ ਖੜੇ ਸਨ, ਜਿਸ ਲਈ ਉਸਨੇ ਲੇਖਕ ਅਤੇ ਸਹਾਇਕ ਨਿਰਮਾਤਾ ਵਜੋਂ ਸੇਵਾ ਨਿਭਾਈ ਸੀ। ਬੈਟਿਸਟਾ, ਜਿਸ ਨੂੰ ਸ਼ਨੀਵਾਰ ਨਾਈਟ ਲਾਈਵ ਵਿਚ ਸ਼ਾਮਲ ਕੀਤਾ ਗਿਆ ਸੀ, ਬਾਅਦ ਵਿਚ ਵਿਅੰਗਾਤਮਕ ਨਿਊਜ ਸਾਈਟ ਨੈਟਵਰਕ ਲਈ ਪਾਰਟ-ਟਾਈਮ ਐਂਕਰ ਬਣ ਗਈ ਸੀ।ਤੁਸੀਂ ਅੱਜ ਖਬਰਾਂ ਨੂੰ ਵੇਖਦੇ ਹੋ, ਅਤੇ ਤੁਹਾਨੂੰ ਨਹੀਂ ਪਤਾ ਕਿ ਅਸਲ ਕੀ ਹੈ,; ਬਟਿਸਟਾ ਨੇ 2009 ਵਿੱਚ ਨਿਊਯਾਰਕ ਟਾਈਮਜ਼ ਨੂੰ ਦੱਸਿਆ। ਜਦੋਂ ਮੈਂ ਸੀ ਐਨ ਐਨ ਵਿਖੇ ਨਿਊਜ ਕਾਸਟ ਕਰ ਰਹੀ ਸੀ, ਤਾਂ ਲੋਕ ਮੇਰੇ ਕੋਲ ਆਏ ਅਤੇ ਕਹਿਣ ਲੱਗੇ ਕਿ ‘ ਉਹ ਕਹਾਣੀ ਕਰ ਸਕਦੀ ਹੈ ‘। ਇਹ ਸੱਚ ਹੈ। ‘ਹੁਣ ਉਹ ਸਤਰਾਂ ਅਸਲ ਵਿੱਚ ਅਜ ਧੁੰਦਲੀਆ ਹੋ ਰਹੀਆਂ ਹਨ, ਜਿੰਨਾਂ ਸਦਕਾ ਮੇਰੀ ਪਹਿਚਾਣ ਬਣੀ ਸੀ।





Website Design & Development
➡ ਛੋਟੇ/ਵੱਡੇ ਬਿਜ਼ਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com




ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300




Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ
ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ
ਹਰ ਤਰ੍ਹਾਂ ਦੇ ਲੋਨ ਕਰਦੇ ਹਾਂ,
ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250


A PREMIUM PUNJABI TV CHANNEL
BAAZ TV
ਸਿਆਸੀ ਪੱਤਰਕਾਰੀ ਦੇ ਦਿੱਗਜ,
ਜਲਦ ਆ ਰਹੇ ਹਨ
ਇੱਕ ਮੰਚ ਤੇ...
BAAZ TV
BAAZ BROADCASTING CORP.
FOR MORE INFO CONTACT
MR. ARJAN RIAR
EAST COAST +1-212-464-8628, +1-551-230-2300
MR. JAGDEV BHANDAL
WEST COAST +1-916-543-1313

# 2020 ਦੀ ਮਰਦਮਸ਼ੁਮਾਰੀ ਸ਼ੁਰੂ



## ਇਹ 10 ਮਿੰਟਾਂ ਦਾ ਅਸਰ ਅਗਲੇ 10 ਸਾਲਾਂ ਉੱਪਰ ਪਵੇਗਾ

ਹਰ 10 ਸਾਲ ਬਾਦ ਅਮਰੀਕਾ ਦਾ ਮਰਦਮਸ਼ੁਮਾਰੀ ਵਿਭਾਗ ਉਹ ਹਰ ਇੱਕ ਵਿਅਕਤੀ ਦੀ ਗਿਣਤੀ ਕਰਦਾ ਹੈ ਜੋ ਅਮਰੀਕਾ ਦਾ ਵਸਨੀਕ ਹੈ। ਇਹ ਗਿਣਤੀ ਦਾ ਅਸਰ ਸਕੂਲ, ਸੜਕਾਂ, ਹਸਪਤਾਲ, ਬੱਚਿਆਂ ਦੀ ਦੇਖ ਭਾਲ਼ ਅਤੇ ਹੋਰ ਕਈ ਸਰਕਾਰੀ ਯੋਜਨਾਵਾਂ ਉੱਪਰ ਪੈਂਦਾ ਹੈ। ਮਰਦਮਸ਼ੁਮਾਰੀ ਦੀ ਗਿਣਤੀ ਰਾਹੀਂ ਅਮਰੀਕਾ ਦੀ ਸਰਕਾਰ ਆਪਣਾ ਨੁਮਾਇੰਦਾ ਵੀ ਚੁਣਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਇਹ ਗਿਣਤੀ ਸਹੀ ਤਰੀਕੇ ਨਾਲ ਕੀਤੀ ਜਾਵੇ।

ਤੁਹਾਡੇ ਦਿੱਤੇ ਹੋਏ ਜਵਾਬ ਗੁਪਤ ਰੱਖੇ ਜਾਣਗੇ। ਮਰਦਮਸ਼ੁਮਾਰੀ ਵਿੱਚ ਤੁਹਾਡੇ ਦਿੱਤੇ ਹੋਏ ਜਵਾਬ ਤੁਹਾਡੇ ਖਿਲਾਫ਼ ਨਹੀਂ ਵਰਤੇ ਜਾਣਗੇ।

ਆਪਣਾ ਫ਼ਰਜ ਬਣਦਾ ਹੈ ਕਿ ਮਰਦਮਸ਼ੁਮਾਰੀ ਵਿੱਚ ਹਿੱਸਾ ਲਈਏ ਤਾਂ ਜੋ ਆਪਣੇ ਭਾਈਚਾਰੇ ਨੂੰ ਲੋੜੀਂਦੀਆਂ ਸਹੂਲਤਾਂ ਮਿਲ ਸਕਣ।

ਤੁਸੀਂ ਇਸ ਮਰਦਮਸ਼ੁਮਾਰੀ ਦੇ ਫ਼ਾਰਮ ਨੂੰ ਔਨਲਾਈਨ, ਫ਼ੋਨ ਜਾਂ ਫ਼ਿਰ ਡਾਕ ਦੇ ਰਾਹੀਂ ਭਰ ਸਕਦੇ ਹੋ।

ਹੋਰ ਜਾਣਕਾਰੀ ਲਈ: **KernCounts.org**

**#KernCounts**

KERN COUNTS
CENSUS 2020

**Message sponsored by the Kern Complete Count Committee.**

# ਮਹਾਨ ਸਿੱਖ ਜਰਨੈਲ ਅਕਾਲੀ ਫੂਲਾ ਸਿੰਘ

**- ਧਰਮਿੰਦਰ ਸਿੰਘ ਵੜੈਚ (ਚੱਬਾ)**

ਅਕਾਲੀ ਫੂਲਾ ਸਿੰਘ ਨਿਹੰਗ ਸਿੰਘ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਦੇ ਮਹਾਨ ਸਿੱਖ ਜਰਨੈਲ ਹੋਏ ਹਨ। ਅਕਾਲੀ ਫੂਲਾ ਸਿੰਘ ਦਾ ਜਨਮ ੧੭੬੦ ਈ: ਵਿੱਚ ਪਿਤਾ ਸ੍ਰ. ਈਸ਼ਰ ਸਿੰਘ ਤੇ ਮਾਤਾ ਹਰਿ ਕੌਰ ਦੇ ਘਰ ਪਿੰਡ ਸ਼ੀਹਾਂ ਜਿਲਾ ਸੰਗਰੂਰ ਵਿੱਚ ਹੋਇਆ। ਆਪ ਦੋ ਭਰਾ ਸਨ। ਸ੍ਰ. ਸੰਤ ਸਿੰਘ ਛੋਟਾ ਸੀ। ਬਚਪਨ ਤੋਂ ਕੁਝ ਸਮੇਂ (ਦੋ ਸਾਲ) ਬਾਅਦ ਹੀ ਆਪ ਦੇ ਪਿਤਾ ਸ੍ਰ. ਈਸ਼ਰ ਸਿੰਘ  ਜਦ ੧੭੬੨ ਨੂੰ ਅਹਿਮਦ ਸ਼ਾਹ ਦੁਰਾਨੀ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਲਈ ਹੱਲਾ ਬੋਲਿਆ ਤਾਂ ਆਪ ਦੇ ਪਿਤਾ ਸ੍ਰ. ਈਸ਼ਰ ਸਿੰਘ ਦੀ ਨਿਸ਼ਾਨ ਵਾਲੀ ਮਿਸਲ ਨੇ ਵੱਧ ਚੜ ਕੇ ਵੈਰੀਆਂ ਦਾ ਟਾਕਰਾ ਕੀਤਾ। ਇਸੇ ਲੜਾਈ ਦੌਰਾਨ ਕਈ ਸਿੰਘ ਸ਼ਹੀਦ ਹੋ ਗਏ ਉਪਰੰਤ ਆਪ ਦੇ ਪਿਤਾ ਦੇ ਵੀ ਕਾਫੀ ਡੂੰਘਾ ਫੱਟ ਲੱਗਾ। ਇਸੇ ਦੌਰਾਨ ਆਪ ਨੂੰ ਪਿੰਡ ਪਹੁਚਾਇਆ ਗਿਆ। ਆਪ ਦੇ ਪਿਤਾ ਨੇ ਆਪ ਦੋਵਾਂ ਭਰਾਵਾਂ ਨੂੰ ਆਪਣੇ ਸੱਤਸੰਗੀ ਜਨ ਸ੍ਰ. ਨਰੈਣ ਸਿੰਘ ਦੇ ਹਵਾਲੇ ਕਰਕੇ, ਜ਼ਖਮਾਂ ਦੀ ਤਾਬ ਨਾ ਸਹਾਰਦੇ ਹੋਏ ਸ਼ਹੀਦ ਹੋ ਗਏ। ਬਾਬਾ ਨਰੈਣ ਸਿੰਘ ਨੇ ਦੋਵਾਂ ਭਰਾਵਾਂ ਨੂੰ ਧਾਰਮਿਕ ਵਿਦਿਆ, ਸ਼ਸਤਰ ਵਿਦਿਆ ਤੇ ਘੋੜ ਸਵਾਰੀ ਵਿੱਚ ਨਿਪੁੰਨ ਕਰ ਦਿੱਤਾ ਸੀ। ਉਸ ਸਮੇਂ ਆਪ ਦੀ ਉਮਰ ੧੪ ਸਾਲ ਸੀ ਕਿ ਆਪ ਦੀ ਮਾਤਾ ਪੌੜੀ ਤੋਂ ਡਿੱਗਣ ਕਾਰਣ ਰੱਬ ਨੂੰ ਪਿਆਰੀ ਹੋ ਗਈ। ਆਪਣੀ ਮਾਤਾ ਦੇ ਸਸਕਾਰ ਤੋਂ ਬਾਅਦ ਆਪ ਆਪਣਾ ਘਰ ਬਾਰ ਛੱਡ ਕੇ ਤੇ ਬਾਬਾ ਨਰੈਣ ਸਿੰਘ ਪਾਸੋਂ ਅੰਮ੍ਰਿਤ ਛੱਕ ਕੇ ਸ਼ਹੀਦਾਂ ਦੀ ਮਿਸਲ ਵਿੱਚ ਦਾਖਲ ਹੋ ਕੇ ਆਪ ਨੇ ਸਾਦਾ ਜੀਵਨ ਬਿਤਾਨਾ ਸ਼ੁਰੂ ਕਰ ਦਿੱਤਾ। ਆਪ ਨੇ ਅਨੰਦਪੁਰ ਸਾਹਬ ਵਿੱਚ ਧਰਮ ਖਾਤਰ ਕਈ ਲੜਾਈਆਂ ਲੜੀਆਂ।ਆਪ ਦਾ ਮਾਨ ਸਨਮਾਨ ਤੇ ਰੁੱਤਬਾ ਸਾਰੇ ਜਥੇ ਵਿੱਚ ਬਹੁਤ ਵੱਧ ਗਿਆ ਸੀ। ਜਦ ੧੮੦੦ ਈ: ਵਿੱਚ ਬਾਬਾ ਨਰੈਣ ਸਿੰਘ ਪਰਲੋਕ ਸੁਧਾਰ ਗਏ ਤਾਂ ਆਪ ਨੂੰ ਜਥੇ ਦਾ ਜਥੇਦਾਰ ਥਾਪਿਆ ਗਿਆ। ਫਿਰ ਅੰਮ੍ਰਿਤਸਰ ਸਾਹਬ ਦੇ ਗੁਰਦਆਰਿਆ ਦੀ ਸੇਵਾ ਸੰਭਾਲ ਲਈ ਆਪ ਅੰਮ੍ਰਿਤਸਰ ਸਾਹਬ ਆ ਗਏ। ਬੁਰਜ਼ ਅਕਾਲੀ ਫੂਲਾ ਸਿੰਘ ਵਿਖੇ ਆਪ ਨੇ ਆਪਣੀ ਰਿਹਾਇਸ਼ ਰੱਖੀ। ਜਦ ਮਹਾਰਾਜਾ ਰਣਜੀਤ ਸਿੰਘ ਨੇ ੧੮੦੧-੦੨ ਦਰਮਿਆਨ ਅੰਮ੍ਰਿਤਸਰ ਨੂੰ ਆਪਣੇ ਰਾਜ ਵਿੱਚ ਮਿਲਾਉਣ ਖਾਤਰ ਹਮਲਾ ਕੀਤਾ ਤਾਂ ਭੰਗੀ ਸਰਦਾਰਾਂ ਅਤੇ ਮਹਾਰਾਜਾ ਦੀ ਅਕਾਲੀ ਫੂਲਾ ਸਿੰਘ ਨੇ ਸੁਲਾ



ਕਰਵਾ ਕੇ ਸਿੱਖਾਂ ਨੂੰ ਆਪਸ ਵਿੱਚ ਲੜਨੋਂ ਰੋਕਿਆ ਤੇ ਭੰਗੀ ਸਰਦਾਰਾਂ ਨੂੰ ਮਹਾਰਾਜੇ ਨੇ ਜਗੀਰ ਬਖਸ਼ ਦਿੱਤੀ। ਇਸ ਨਾਲ ਅੰਮ੍ਰਿਤਸਰ ਤੇ ਮਹਾਰਾਜਾ ਸਾਹਬ ਦਾ ਕਬਜਾ ਹੋ ਗਿਆ।ਮਹਾਰਾਜਾ ਸਾਹਬ ਨੇ ਦਰਬਾਰ ਸਾਹਬ ਦੇ ਟਹਿਲੇ ਲਈ ਬਹੁਤ ਸਾਰੀ ਮਾਇਆ ਅਰਦਾਸ ਕਰਾਈ। ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਲਈ ਕਈ ਜੰਗਾਂ ਲੜੀਆਂ। ਕਸੂਰ ਦੀ ਜੰਗ ਦੌਰਾਨ ਅਕਾਲੀ ਫੂਲਾ ਸਿੰਘ ਨੇ ਆਪਣੀ ਬਹਾਦਰੀ ਦੇ ਐਸੇ ਜੋਹਰ ਵਿਖਾਏ ਕਿ ਮਹਾਰਾਜਾ ਰਣਜੀਤ ਸਿੰਘ ਅਸ਼-ਅਸ਼ ਕਰ ਉ ੱਠੇ। ਜਦ ਖਾਲਸਈ ਦਲ ਨੇ ਕਸੂਰ ਨੂੰ ਜਾ ਘੇਰਾ ਪਾਇਆ ਤਾਂ ਕੁਤਬਦੀਨ ਬਹੁਤ ਵੱਡੇ ਤੇ ਮਜਬੂਤ ਕਿਲੇ ਵਿੱਚ ਬੈਠਾ ਸੀ। ਅਕਾਲੀ ਫੂਲਾ ਸਿੰਘ ਨੇ ਤੋਪਾਂ ਬੀੜ ਕੇ ਗੋਲੇ ਵਰਸਾਏ। ਕੁਤਬਦੀਨ  ਵੀ ਬੜੀ ਬਹਾਦਰੀ ਨਾਲ ਲੜਿਆ।ਉਸਨੇ ਲੜਾਈ ਨੂੰ ਕਈ ਦਿਨਾਂ ਤੱਕ ਲਮਕਾਈ ਰੱਖਿਆ। ਅੰਤ ਅਕਾਲੀ ਫੂਲਾ ਸਿੰਘ ਨੇ ਰਾਤੋ-ਰਾਤ ਕਿਲੇ ਦੀਆਂ ਦੀਵਾਰਾਂ ਹੇਠ ਸੁਰੰਗਾਂ ਲਗਾ ਕੇ ਬਾਰੂਦ ਭਰ ਦਿੱਤਾ ਤੇ ਦਿਨ ਚੜਨ ਤੋਂ ਪਹਿਲਾਂ ਹੀ ਬਾਰੂਦ ਨਾਲ ਕਿਲੇ ਦੀਆਂ ਦੀਵਾਰਾਂ ਨੂੰ ਉਡਾ ਦਿੱਤਾ। ਕਿਲੇ ਦੀਆਂ ਕੰਧਾਂ ਢਹਿ ਗਈਆ ਤਾਂ ਉਸੇ ਵਕਤ ਆਪ ਨੇ ਹਮਲਾ ਕਰਕੇ ਕਿਲੇ ਤੇ ਆਪਣਾ ਕਬਜ਼ਾ ਜਮਾ ਲਿਆ।ਕੁਤਬਦੀਨ ਨੂੰ ਫੜ ਕੇ ਮਹਾਰਾਜੇ ਦੇ ਪੇਸ਼ ਕੀਤਾ ਗਿਆ। ਕੁਤਬਦੀਨ ਦੀ ਅਰਜੋਈ ਤੇ ਮਹਾਰਾਜੇ ਨੇ ਉਸਦਾ ਗੁਨਾਹ ਬਖਸ਼ ਦਿੱਤਾ। ਅਕਾਲੀ ਫੂਲਾ ਸਿੰਘ ਆਪਣੀ ਗੱਲ ਕਹਿਣ ਵਿੱਚ ਬਹੁਤ ਦਲੇਰ ਸੀ। ਆਪ ਨੂੰ ਜਦ ਡੋਗਰਿਆ ਦੀਆਂ ਧੜੇਬੰਦੀਆਂ ਦੀ ਖਬਰ ਹੋਈ ਤਾਂ ਆਪ ਨੇ ਬੇਝਿੱਜਕ ਮਹਾਰਾਜੇ ਨੂੰ ਖਰੀਆਂ-ਖਰੀਆਂ ਸੁਣਾਈਆਂ। ਇੱਕ ਮਿਸਾਲ ਹੋਰ ਮਿਲਦੀ ਹੈ ਕਿ ਇੱਕ ਵਾਰ ਮਹਾਰਾਜੇ ਕੋਲੋਂ ਕੋਈ ਭੁੱਲ ਹੋ ਗਈ ਸੀ ਜਿਸ ਲਈ ਆਪ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ। ਬਾਵਜੂਦ ਇਸ ਦੇ ਮਹਾਰਾਜਾ ਰਣਜੀਤ ਸਿੰਘ ਹਰਿਮੰਦਰ ਸਾਹਬ ਜੀ ਦੇ ਦਰਸ਼ਨਾ ਨੂੰ ਆ ਰਹੇ ਸਨ। ਕਿਸੇ ਸਿੰਘ ਨੇ ਅਕਾਲੀ ਫੂਲਾ ਸਿੰਘ ਨੂੰ ਇਹ ਖਬਰ ਜਾ ਸੁਣਾਈ। ਅਕਾਲੀ ਜੀ ਅੱਖ ਦੇ ਫੋਰ ਵਿੱਚ ਨੰਗੀ ਤਲਵਾਰ ਲੈ ਕੇ ਦਰਸ਼ਨੀ ਡਿਊੜੀ ਅੱਗੇ ਜਾ ਖਲੋਤੇ ਤੇ ਮਹਾਰਾਜੇ ਨੂੰ ਅੰਦਰ ਨਹੀ ਜਾਣ ਦਿੱਤਾ। ਮਹਾਰਾਜਾ ਉਸੀ ਵਕਤ ਪਿਛਾਂਹ ਹੋ ਗਿਆ ਤੇ ਹੱਥ ਜੋੜ ਕੇ ਮਾਫੀ ਮੰਗੀ ਤੇ ਭੁੱਲ ਬਖਸ਼ਾਣ ਲਈ ਮਿੰਨਤ ਕੀਤੀ ਕਿ ਮੈਂ ਸਜ਼ਾ ਭੁਗਤਣ ਲਈ ਤਿਆਰ ਹਾਂ। ਇਹ ਨਿਰਧਾਰਿਤ ਹੋਇਆ ਕਿ ਸ਼੍ਰੀ ਅਕਾਲ ਤਖਤ ਸਾਹਬ ਦੇ ਸਾਹਮਣੇ ਇਮਲੀ ਦੇ ਬੂਟੇ ਨਾਲ ਮਹਾਰਾਜੇ ਦੀਆਂ ਮੁਸ਼ਕਾਂ ਕੱਸੀਆਂ ਜਾਣ ਤੇ ਸਰੀਰ ਤੇ ੨੧ ਕੋਰੜੇ ਲਾਏ ਜਾਣ। ਜਦ ਮਹਾਰਾਜਾ ਨਿਮਰਤਾ ਸਹਿਤ ਹੱਥ ਪਿੱਛੇ ਕਰਕੇ ਮੁਸ਼ਕਾਂ ਬੰਨਾਣ ਤੇ ਕੋਰੜੇ ਖਾਣ ਲਈ ਤਿਆਰ ਹੋ ਗਿਆ ਤਾਂ ਉਸੀ ਵਕਤ ਮਹਾਰਾਜੇ ਦੀ ਸਾਦਗੀ, ਨਿਮਰਤਾ ਤੇ ਗੁਰੂ ਘਰ ਪ੍ਰਤੀ ਸ਼ਰਧਾ ਵੇਖ ਕੇ ਸਾਰੀ ਸੰਗਤ ਦੇ ਨੇਤਰ ਜਲ ਨਾਲ ਭਰ ਆਏ। ਅਕਾਲੀ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜਾ ਸਾਹਬ ਨੂੰ ਬਖਸ਼ ਦਿੱਤਾ ਜਾਏ। ਸੰਗਤ ਦੀ ਇਹ ਗੱਲ ਪ੍ਰਵਾਨ ਕੀਤੀ ਗਈ ਤੇ ਮਹਾਰਾਜਾ ਨੂੰ ਦੁਬਾਰਾ ਅੰਮ੍ਰਿਤ ਛਕਾ ਕੇ ਸ੍ਰੀ ਅਕਾਲ ਤਖਤ ਸਾਹਬ ਵੱਲੋਂ ਸਿਰੋਪਾ ਬਖਸ਼ ਕੇ ਦਰਸ਼ਨਾਂ ਲਈ ਅੰਦਰ ਜਾਣ ਦਿੱਤਾ।ਅੰਤ ੧੪ ਮਾਰਚ ੧੮੨੩ ਨੂੰ ਆਪ ਨੌਸ਼ਿਹਰੇ ਦੀ ਆਖਰੀ ਲੜਾਈ ਵਿੱਚ ਜਿੱਤ ਦਾ ਪਰਚਮ ਲਹਿਰਾ ਕੇ ਸ਼ਹੀਦੀ ਜਾਮ ਪੀ ਗਏ। ਇਹ ਲੜਾਈ ਵੀ ਬਾਕੀ ਲੜਾਈਆਂ ਦੀ ਤਰਾਂ ਆਪ ਦੀ ਸੂਰਬੀਰਤਾ ਕਰਕੇ ਜਿੱਤੀ ਜਾ ਸਕੀ ਸੀ।ਅਕਾਲੀ ਫੂਲਾ ਸਿੰਘ ਇੱਕ ਨਿਰਭੈਅ ਤੇ ਨਿਧੱੜਕ ਜੋਧੇ ਸਨ।

# ਖਾਲਸਾ ਪੰਥ ਦੀ ਵਿਰਾਸਤ ਚੁਨਾਰ ਦਾ ਕਿਲਾ

**- ਅਵਤਾਰ ਸਿੰਘ**

ਚੁਨਾਰ ਦਾ ਕਿਲਾ ਉੱਤਰ ਪ੍ਰਦੇਸ਼ ਦੇ ਮਿਰਜ਼ਾਪੁਰ ਤੋਂ ਲਗਪਗ 35 ਕਿਲੋਮੀਟਰ ਪੂਰਬ ਵਿਚ, ਵਾਰਾਨਸੀ ਤੋਂ 40 ਕਿਲੋਮੀਟਰ, ਇਲਾਹਾਬਾਦ ਤੋਂ 130 ਕਿਲੋਮੀਟਰ ਦੀ ਦੂਰੀ 'ਤੇ ਗੰਗਾ ਨਦੀ ਦੇ ਦੱਖਣੀ ਕੰਢੇ 'ਤੇ ਸਥਿਤ ਹੈ। ਇਹ ਕਿਲਾ ਇਕ ਸਮੇਂ ਹਿੰਦੂ ਸ਼ਕਤੀ ਦਾ ਕੇਂਦਰ ਹੁੰਦਾ ਸੀ। ਇਸ ਦੀ ਮਿਸਾਲ ਹਿੰਦੂ ਕਾਲ ਦੀਆਂ ਤਸਵੀਰਾਂ ਜੋ ਅਜੇ ਵੀ ਇਸ ਕਿਲੇ ਵਿਚ ਪਈਆਂ ਹਨ ਤੋਂ ਮਿਲਦੀ ਹੈ।

ਇਸ ਕਿਲੇ ਦਾ ਤਕਰੀਬਨ 5 ਹਜ਼ਾਰ ਸਾਲ ਦਾ ਪੁਰਾਣਾ ਇਤਿਹਾਸ ਦੱਸਿਆ ਜਾਂਦਾ ਹੈ।

ਕਿਲਾ ਬਹੁਤ ਹੀ ਤਰਕੀਬ ਨਾਲ ਬਣਾਇਆ ਗਿਆ ਹੈ। ਜਦੋਂ ਅਸੀਂ ਇਸ ਦੇ ਅੰਦਰ ਦਾਖਲ ਹੋਏ ਤਾਂ ਵੇਖਦੇ ਸਾਰ ਹੀ ਕਿਲਾ ਕਿਸੇ ਰਾਜੇ ਦਾ ਮਹਿਲ ਪ੍ਰਤੀਤ ਹੋਇਆ। ਕਿਲਾ ਸਾਰਾ ਨਹੀਂ ਦੇਖਿਆ ਜਾਂਦਾ ਕਿਉਂਕਿ ਇਸ ਦੀਆਂ ਕੁਝ ਥਾਵਾਂ ਇਹੋ ਜਹੀਆਂ ਹਨ ਜਿਥੇ ਬਿਹਾਰ ਸਰਕਾਰ ਨੇ ਰੋਕ ਲਗਾਈ ਹੋਈ ਹੈ। ਜਿਵੇਂ ਕਿ ਅੰਗਰੇਜ਼ਾਂ ਦੇ ਵੇਲੇ ਦਾ ਫ਼ਾਂਸੀ ਘਰ, ਪੁਰਾਣੇ ਸਮੇਂ ਵਿਚ ਰਾਜਿਆਂ ਨੂੰ ਕੈਦ ਕਰਨ ਲਈ ਬਣਾਏ ਗਏ ਤਹਿਖਾਨੇ। ਪਰ ਇਥੋਂ ਦੇ ਵਸਨੀਕ ਸਰਕਾਰ ਦੀ ਪ੍ਰਵਾਹ ਕੀਤੇ ਬਿਨਾਂ ਚਲੇ ਜਾਂਦੇ ਹਨ।

ਚੁਨਾਰ ਦੇ ਕਿਲੇ 'ਤੇ ਬਹੁਤ ਸਾਰੇ ਸਾਸ਼ਕਾਂ ਦੁਆਰਾ ਸਾਸ਼ਨ ਕੀਤਾ ਗਿਆ। ਸ਼ੇਰ ਸ਼ਾਹ ਸੂਰੀ ਨੇ 1530 ਈ: ਵਿਚ ਚੁਨਾਰ ਦੇ ਕਿਲੇ ਨੂੰ ਤਾਜ ਖ਼ਾਨ (ਤਾਜ ਖਾਨ ਇਬਰਾਹਿਮ ਲੋਦੀ ਦੇ ਰਾਜ ਸਮੇਂ ਰਾਜਪਾਲ ਸੀ।) ਦੀ ਵਿਧਵਾ 'ਲਾਡ ਮਲਿਕਾ' ਸਾਰੰਗ ਖਾਨੀ ਨਾਲ ਵਿਆਹ ਕਰਵਾ ਕੇ ਸ਼ਕਤੀਸ਼ਾਲੀ ਕਿਲੇ 'ਤੇ ਕਬਜ਼ਾ ਕਰ ਲਿਆ। ਫਿਰ ਉਸ ਨੇ ਬੰਗਾਲ ਉੱਤੇ ਕਬਜ਼ਾ ਕਰਨ ਲਈ ਆਪਣੀ ਰਾਜਧਾਨੀ ਰੋਹਤਾਸ ਤਬਦੀਲ ਕਰ ਦਿੱਤੀ।

ਸਮਰਾਟ ਹੁਮਾਯੂੰ ਨੇ ਇਸ ਕਿਲੇ ਉੱਤੇ ਹਮਲਾ ਕੀਤਾ ਅਤੇ ਚਾਰ ਮਹੀਨਿਆਂ ਤਕ ਘੇਰਾਬੰਦੀ ਕੀਤੀ, ਤਾਂ ਉਸ ਨੇ ਸ਼ੇਰ ਖ਼ਾਨ ਨੂੰ ਪ੍ਰਸਤਾਵ ਦਿੱਤਾ ਸੀ ਕਿ ਉਹ ਚੁਨਾਰ ਅਤੇ ਜੌਨਪੁਰ ਛੱਡ ਦੇਵੇ ਅਤੇ ਇਸ ਬਦਲੇ ਉਸ ਨੂੰ ਬੰਗਾਲ ਦਿੱਤਾ ਜਾ ਸਕਦਾ ਹੈ। ਆਖਰਕਾਰ ਉਹ ਦਬਾਅ ਹੇਠਾਂ ਆ ਗਿਆ ਅਤੇ ਉਸ ਨੇ ਹੁਮਾਯੂੰ ਨਾਲ ਇਕ ਸੌਦੇ 'ਤੇ ਦਸਤਖ਼ਤ ਕੀਤੇ। ਸ਼ੇਰ ਸ਼ਾਹ ਚਲਾਕ ਬਹੁਤ ਸੀ ਕਿਉਂਕਿ ਫ਼ੈਸਲੇ ਤੋਂ ਬਾਅਦ ਜਦੋਂ ਹੁਮਾਯੂੰ ਬੰਗਾਲ ਵੱਲ ਚਲਿਆ ਗਿਆ ਤਾਂ ਸ਼ੇਰ ਸ਼ਾਹ ਨੇ ਫਿਰ ਇਸ ਕਿਲੇ 'ਤੇ ਕਬਜ਼ਾ ਕਰ ਲਿਆ।

1545 ਵਿਚ ਸ਼ੇਰ ਸ਼ਾਹ ਦੀ ਮੌਤ ਤੋਂ ਬਾਅਦ ਇਹ ਕਿਲਾ 1553 ਤੱਕ ਉਸ ਦੇ ਪੁੱਤਰ ਇਸਲਾਮ ਸ਼ਾਹ ਦੇ ਅਧੀਨ ਰਿਹਾ। ਸੂਰੀ ਖ਼ਾਨਦਾਨ ਦਾ ਆਖਰੀ ਸਾਸ਼ਕ ਆਦਿਲ ਸ਼ਾਹ ਸੀ ਜੋ 1556 ਤੱਕ ਕਿਲੇ 'ਤੇ ਕਾਬਜ਼ ਰਿਹਾ। (ਇਥੇ ਦੱਸਣਾ ਬਣਦਾ ਹੈ ਕਿ ਸ਼ੇਰ ਸ਼ਾਹ ਸੂਰੀ ਉਹੀ ਸਾਸ਼ਕ ਹੈ ਜਿਸ ਦੇ ਨਾਂਅ 'ਤੇ ਦੇਸ਼ ਦੇ ਰਾਸ਼ਟਰੀ ਰਾਜ ਮਾਰਗ ਦਾ ਨਾਂਅ ਹੈ, ਕਿਉਂਕਿ ਇਸੇ ਨੇ ਹੀ ਲਾਹੌਰ ਤੋਂ ਕੋਲਕਾਤੇ ਤਕ ਸੜਕ ਦਾ ਨਿਰਮਾਣ ਕਰਵਾਇਆ ਸੀ। ਸੜਕ ਦਾ ਨਿਰਮਾਣ ਅਸਲ ਵਿਚ ਇਸ ਕਰ ਕੇ ਕਰਵਾਇਆ ਸੀ ਕਿ ਉਸ ਨੂੰ ਦੇਸ਼ ਲੁੱਟਣ ਵੇਲੇ ਅਤੇ ਵਾਪਸੀ ਵੇਲੇ ਕੋਈ ਦਿੱਕਤ ਨਾ ਆਵੇ।)

ਹੁਮਾਯੂੰ ਨੇ ਉੱਤਰ ਭਾਰਤ ਦੀਆਂ ਕਈ ਲੜਾਈਆਂ ਦੀ ਤਿਆਰੀ ਇਸ ਕਿਲੇ ਤੋਂ ਹੀ ਕੀਤੀ। ਇਸੇ ਕਿਲੇ ਤੋਂ 1556 ਵਿਚ ਤੁਗਲਕਾਬਾਦ ਦੀ ਲੜਾਈ ਤੋਂ ਬਾਅਦ ਉਸ ਨੇ ਦਿੱਲੀ ਉੱਤੇ ਕਬਜ਼ਾ ਕਰ ਲਿਆ ਅਤੇ ਸੂਰੀ ਸਾਮਰਾਜ ਤੋਂ ਆਜ਼ਾਦੀ ਦਾ ਐਲਾਨ ਕਰ ਦਿੱਤਾ ਅਤੇ ਆਪਣੇ ਆਪ ਨੂੰ ਰਾਜੇ ਦਾ ਤਾਜ ਪਹਿਨਾਇਆ।

ਸੂਰੀ ਵੰਸ਼ ਦਾ ਆਖਰੀ ਸਾਸ਼ਕ ਆਦਿਲ ਸ਼ਾਹ ਇਸ ਕਿਲੇ ਵਿਚ ਹੀ ਰਿਹਾ, ਜਿਸ ਨੇ 1557 ਵਿਚ ਬੰਗਾਲ ਦੇ ਰਾਜੇ ਦੇ ਹਮਲੇ ਵਿਚ ਆਪਣੀ ਜਾਨ ਗੁਆ ਦਿੱਤੀ। 1561 ਈ: ਅਕਤੂਬਰ ਵਿਚ ਅਕਬਰ ਨੇ ਅਫ਼ਗਾਨਾਂ ਤੋਂ ਚਿਨਾਰ ਦੀ ਜੰਗ ਜਿੱਤੀ ਅਤੇ ਇਸ ਤੋਂ ਬਾਅਦ ਇਹ ਕਿਲਾ ਮੁਗਲ ਸਾਮਰਾਜ ਦੇ ਕਬਜ਼ੇ 'ਚ ਹੋ ਗਿਆ। ਇਹ ਕਿਲਾ ਕਿਸੇ ਸਮੇਂ ਬਿਹਾਰ ਅਤੇ ਬੰਗਾਲ ਦਾ ਗੇਟ ਮੰਨਿਆ ਜਾਂਦਾ ਸੀ। 1772 ਈ: ਤੱਕ ਚੁਨਾਰ ਦਾ ਕਿਲਾ ਮੁਗਲ ਹਾਕਮਾਂ ਦੇ ਅਧੀਨ ਰਿਹਾ। ਅਕਬਰ ਨੇ ਕਿਲੇ ਦਾ ਪੁਨਰ ਨਿਰਮਾਣ ਕਰਕੇ ਇਫ਼ਤਿਖਾਰ ਖਾਨ ਨੂੰ ਰਾਜਪਾਲ ਦੇ ਤੌਰ 'ਤੇ ਨਿਯੁਕਤ ਕੀਤਾ। 1760 ਵਿਚ, ਅਹਿਮਦ ਸ਼ਾਹ ਦੁੱਰਾਨੀ ਨੇ ਕਿਲੇ ਉੱਤੇ ਕਬਜ਼ਾ ਕਰ ਲਿਆ।

ਚੁਨਾਰ ਦੇ ਕਿਲੇ 'ਤੇ ਅੰਗਰੇਜ਼ਾਂ ਦਾ ਕਬਜ਼ਾ : ਪਲਾਸੀ ਦੀ ਲੜਾਈ ਵਿਚ ਜਿੱਤ ਤੋਂ ਬਾਅਦ ਭਾਰਤ ਵਿਚ ਈਸਟ ਇੰਡੀਆ ਕੰਪਨੀ ਬ੍ਰਿਟਿਸ਼ ਨੇ 1772 ਵਿਚ ਅਵਧ ਦੇ ਨਵਾਬ ਨੂੰ ਹਰਾ ਕੇ ਕਿਲੇ 'ਤੇ ਕਬਜ਼ਾ ਲੈ ਲਿਆ। ਫਿਰ ਭਾਰਤ ਦੇ ਪਹਿਲੇ ਗਵਰਨਰ ਜਨਰਲ, ਵਾਰਨ ਹੇਸਟਿੰਗਜ਼ ਦੀ ਅਗਵਾਈ ਵਿਚ ਅੰਗਰੇਜ਼ਾਂ ਨੇ ਆਪਣਾ ਕਬਜ਼ਾ ਮਜ਼ਬੂਤ ਕੀਤਾ। ਕਿਲੇ ਵਿਚ ਵਾਰਨ ਹੇਸਟਿੰਗਜ਼ ਕਈ ਸਾਲ ਤਕ ਰਹੇ। ਇਥੇ ਵਾਰਨ ਹੇਸਟਿੰਗਜ਼ ਦੀ ਬਹੁਤ ਪਿਆਰੀ ਰਿਹਾਇਸ਼ ਸੀ ਜਿਸ ਨੂੰ ਅੱਜਕਲ ਸੋਨਵਾ ਮੰਡਲ ਕਿਹਾ ਜਾਂਦਾ ਹੈ। ਕੰਪਨੀ ਨੇ ਫ਼ੌਜ ਦੇ ਬੁੱਢੇ ਅਤੇ ਬਿਮਾਰ ਸਿਪਾਹੀਆਂ ਜਾਂ ਜੰਗ ਵਿਚ ਮਾਰੇ ਗਏ ਸਿਪਾਹੀਆਂ ਦੇ ਮ੍ਰਿਤਕ ਸਰੀਰ ਇਥੇ ਦਫ਼ਨਾਏ। ਬ੍ਰਿਟਿਸ਼ ਰਾਜ ਦੇ ਸਮੇਂ ਦੀਆਂ ਅਜੇ ਵੀ ਕਬਰਾਂ ਮੌਜੂਦ ਹਨ। ਕਬਰਾਂ ਦੇ ਖੱਬੇ ਪਾਸੇ ਇਕ ਚਰਚ ਵੀ ਓਸ ਸਮੇਂ ਦਾ ਬਣਿਆ ਹੋਇਆ ਹੈ। ਅੰਗਰੇਜ਼ਾਂ ਨੇ ਕਿਲੇ ਨੂੰ ਤੋਪਖਾਨੇ ਅਤੇ ਹੋਰ ਹਥਿਆਰ ਰੱਖਣ ਲਈ ਇਸਤੇਮਾਲ ਕੀਤਾ। ਮਹਾਰਾਜਾ ਚੇਤ ਸਿੰਘ ਨੇ ਕੁਝ ਸਮੇਂ ਲਈ ਇਹ ਕਿਲਾ ਹਾਸਲ ਕਰ ਲਿਆ ਪਰ 1781 ਵਿਚ ਇਸ ਨੂੰ ਖਾਲੀ ਕਰ ਦਿੱਤਾ ਗਿਆ। 1791 ਵਿਚ, ਯੂਰਪੀਅਨ ਅਤੇ ਭਾਰਤੀ ਬਟਾਲੀਅਨਜ਼ ਨੇ ਕਿਲੇ ਨੂੰ ਆਪਣਾ ਮੁੱਖ ਦਫ਼ਤਰ ਬਣਾਇਆ। ਕਿਲੇ ਨੂੰ 1815 ਤੋਂ ਕੈਦੀਆਂ ਲਈ ਇਕ ਜੇਲ ਵਜੋਂ ਵਰਤਿਆ ਜਾਂਦਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਰਾਣੀ ਜਿੰਦਾਂ ਨੂੰ ਵੀ ਇਥੇ ਕੈਦ ਕਰਕੇ ਰੱਖਿਆ ਗਿਆ ਸੀ। ਰਾਣੀ ਜਿੰਦਾਂ ਨੂੰ 16 ਮਈ, 1848 ਦੇ ਦਿਨ, ਇਕ ਕੈਦੀ



ਵਜੋਂ, ਪੰਜਾਬ ਤੋਂ ਬਨਾਰਸ ਲਿਜਾਇਆ ਗਿਆ ਸੀ। ਬਨਾਰਸ ਕਿਲੇ ਵਿਚੋਂ ਵੀ ਉਸ ਦਾ ਰਾਬਤਾ ਭਾਈ ਮਹਾਰਾਜ ਸਿੰਘ ਅਤੇ ਚਤਰ ਸਿੰਘ ਨਾਲ ਬਣਿਆ ਹੋਇਆ ਸੀ। ਜਦ ਇਸ ਦਾ ਪਤਾ ਅੰਗਰੇਜ਼ਾਂ ਨੂੰ ਲੱਗਾ ਤਾਂ ਉਨਾਂ ਨੇ ਸੁਰੱਖਿਆ ਵਧਾਉਣ ਦੀ ਬਜਾਏ ਰਾਣੀ ਨੂੰ ਸਭ ਤੋਂ ਵੱਧ ਮਹਿਫ਼ੂਜ਼ ਕਿਲੇ ਚੁਨਾਰ ਵਿਚ ਭੇਜਣ ਦਾ ਫ਼ੈਸਲਾ ਕਰ ਲਿਆ। ਇਹ ਗੱਲ ਮਾਰਚ, 1849 ਦੇ ਅਖ਼ੀਰਲੇ ਦਿਨਾਂ ਦੀ ਹੈ। ਜਦ ਰਾਣੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਰੋਣ ਲੱਗ ਪਈ ਤੇ ਇਸ ਦਾ ਡਟਵਾਂ ਵਿਰੋਧ ਕੀਤਾ। ਜਦ ਉਸ ਨੂੰ ਜ਼ਬਰਦਸਤੀ ਲਿਜਾਣ ਦੀ ਧਮਕੀ ਦਿੱਤੀ ਗਈ ਤਾਂ ਮਜਬੂਰਨ ਉਸ ਨੂੰ ਜਾਣਾ ਪਿਆ। ਉਸ ਨੂੰ ਚੁਨਾਰ ਪਹੁੰਚਾਉਣ ਵਾਸਤੇ ਇਕ ਵੱਡੀ ਫ਼ੌਜ ਵੀ ਨਾਲ ਭੇਜੀ ਗਈ। ਇਸ ਫ਼ੌਜ ਦੀ ਅਗਵਾਈ ਮੇਜਰ ਮੈਕਗਰੈਗਰ ਕਰ ਰਿਹਾ ਸੀ। 4 ਅਪ੍ਰੈਲ ਦੇ ਦਿਨ ਚੁਨਾਰ ਪਹੁੰਚ ਕੇ ਮੇਜਰ ਮੈਕਗਰੇਗਰ ਨੇ ਰਾਣੀ ਨੂੰ ਚੁਨਾਰ ਕਿਲੇ ਦੇ ਇੰਚਾਰਜ ਕੈਪਟਨ ਰੀਅਸ ਦੇ ਹਵਾਲੇ ਕਰਦਿਆਂ ਕਿਹਾ ਕਿ ਉਹ ਰਾਣੀ ਦੀ ਆਵਾਜ਼ ਪਛਾਣ ਲਵੇ ਅਤੇ ਹਰ ਰੋਜ਼ ਅੰਦਰ ਜਾ ਕੇ ਉਸ ਦੀ ਕੋਠੜੀ ਵਿਚ ਉਸ ਨੂੰ ਵੇਖ ਕੇ ਆਵੇ ਕਿਉਂਕਿ ਰਾਣੀ ਨੇ ਪਰਦੇ ਵਿਚ ਹੋਣਾ ਸੀ, ਇਸ ਲਈ ਉਸ ਨੂੰ ਉਸ ਦੀ ਆਵਾਜ਼ ਤੋਂ ਹੀ ਪਛਾਣਿਆ ਜਾਣਾ ਸੀ। 5 ਤੋਂ 15 ਅਪ੍ਰੈਲ, 1849 ਤਕ ਕੈਪਟਨ ਰੀਅਸ ਹਰ ਰੋਜ਼ ਰਾਣੀ ਦੇ ਕਮਰੇ ਵਿਚ ਜਾ ਕੇ ਉਸ ਦੀ ਆਵਾਜ਼ ਦੀ ਸ਼ਨਾਖ਼ਤ ਕਰ ਕੇ ਉਸ ਦੀ 'ਹਾਜ਼ਰੀ' ਲਾਉਂਦਾ ਰਿਹਾ। 15 ਅਪ੍ਰੈਲ ਨੂੰ ਕੈਪਟਨ ਨੇ ਮਹਿਸੂਸ ਕੀਤਾ ਕਿ ਉਸ ਦੀ ਆਵਾਜ਼ ਵਿਚ ਫ਼ਰਕ ਹੈ। ਜਦ ਕੈਪਟਨ ਨੇ 'ਰਾਣੀ' (ਉਸ ਦੇ ਕਪੜੇ ਪਾ ਕੇ ਬੈਠੀ ਸੇਵਾਦਾਰਨੀ) ਤੋਂ ਆਵਾਜ਼ ਵਿਚ ਫ਼ਰਕ ਦਾ ਕਾਰਨ ਪੁੱਛਿਆ ਤਾਂ ਉਸ ਨੇ ਕਿਹਾ ਕਿ ਮੈਨੂੰ ਜ਼ੁਕਾਮ ਹੋਇਆ ਹੈ। ਕੈਪਟਨ ਨੇ ਇਸ ਨੂੰ ਸੱਚ ਸਮਝ ਲਿਆ ਤੇ ਮੁੜ ਗਿਆ। ਦਰਅਸਲ ਰਾਣੀ ਜਿੰਦਾਂ ਤਾਂ 6 ਅਪ੍ਰੈਲ ਨੂੰ ਹੀ ਕਿਲੇ ਵਿਚੋਂ ਨਿਕਲ ਚੁੱਕੀ ਸੀ। ਅਖ਼ੀਰ 19 ਅਪ੍ਰੈਲ ਨੂੰ ਰਾਣੀ ਦੇ ਨਿਕਲ ਚੁੱਕੇ ਹੋਣ ਦਾ ਰਾਜ਼ ਖੁਲਿਆ।

800 ਕਿਲੋਮੀਟਰ ਉੱਤਰ ਵੱਲ ਕਠਮੰਡੂ ਪਹੁੰਚਣ ਲਈ ਪੈਦਲ ਸਫ਼ਰ ਕੀਤਾ। ਸ਼ੁਰੂ ਵਿਚ, ਉਹ ਜਨਰਲ ਪੁਸ਼ਕਰ ਸ਼ਾਹ ਦੇ ਬੇਟੇ ਅਮਰ ਬਿਕਰਮ ਸ਼ਾਹ ਦੇ ਘਰ ਰਹੀ, ਜੋ 1838-39 ਵਿਚ ਨਿਪਾਲ ਦੀ ਪ੍ਰਧਾਨ ਮੰਤਰੀ ਰਹੀ ਸੀ। ਨਾਰਾਇਣ ਹਿਤੀ ਖੇਤਰ ਵਿਚ ਅਮਰ ਬਿਕਰਮ ਸ਼ਾਹ ਦੀ ਰਿਹਾਇਸ਼ ਤੇ ਰਾਣੀ ਜਿੰਦਾਂ ਨੂੰ ਸਾਰੀਆਂ ਸਹੂਲਤਾਂ ਅਤੇ ਸਨਮਾਨ ਦਿੱਤਾ ਗਿਆ। ਰਾਣੀ ਜਿੰਦਾਂ ਆਪਣਾ ਭੇਸ ਬਦਲ ਕੇ ਰਹਿੰਦੀ ਸੀ।ਰਾਣੀ ਜਿੰਦ ਕੌਰ ਨੇ ਅਮਰ ਬਿਕਰਮ ਸ਼ਾਹ ਦੀ ਰਿਹਾਇਸ਼ 'ਤੇ ਰਹਿਣ ਦੀ ਚੋਣ ਇਸ ਕਰਕੇ ਕੀਤੀ ਸੀ ਕਿਉਂਕਿ ਚੌਤਰੀਆ ਪੁਸ਼ਕਰ ਸ਼ਾਹ ਮਹਾਰਾਜਾ ਰਣਜੀਤ ਸਿੰਘ ਦੇਵੇਲੇ ਬ੍ਰਿਟਿਸ਼ ਵਿਰੁੱਧ ਨਿਪਾਲ ਅਤੇ ਪੰਜਾਬ ਵਿਚਾਲੇ ਗੱਠਜੋੜ ਬਣਾਉਣ ਵਿਚ ਲੱਗੇ ਇਕ ਪ੍ਰਮੁੱਖ ਵਿਚੋਲੇ ਸਨ। ਇਸ ਤੋਂ ਬਾਅਦ ਰਾਣੀ ਜਿੰਦਾਂ 29 ਅਪ੍ਰੈਲ 1849 ਨੂੰ ਨਿਪਾਲ ਦੇ ਪ੍ਰਧਾਨ ਮੰਤਰੀ ਦੇ ਨਿਵਾਸ 'ਚ ਰਹਿਣ ਲੱਗ ਪਈ। ਰਾਣੀ ਨੂੰ ਨਿਪਾਲ ਦੇ ਪ੍ਰਧਾਨ ਮੰਤਰੀ ਅਤੇ ਜੰਗ ਬਹਾਦਰ ਰਾਣਾ ਨੇ ਮਹਾਰਾਜਾ ਰਣਜੀਤ ਸਿੰਘ ਦੀ ਮਹਾਰਾਣੀ ਪਤਨੀ ਵਜੋਂ ਪੂਰੇ ਮਾਣ ਨਾਲ ਸ਼ਰਨ ਦਿੱਤੀ ਸੀ। ਥਾਪਥਾਲੀ ਦਰਬਾਰ ਕੰਪਲੈਕਸ ਵਿਚ ਇਕ ਬਿਲਕੁਲ ਨਵਾਂ ਨਿਵਾਸ, ਚਾਰ ਬੁਰਜਾ ਦਰਬਾਰ ਬਣਾਇਆ ਗਿਆ ਸੀ ਅਤੇ ਨਿਪਾਲੀ ਸਰਕਾਰ ਦੁਆਰਾ ਇਕ ਭੱਤਾ ਨਿਰਧਾਰਤ ਕੀਤਾ ਗਿਆ ਸੀ। ਕਾਠਮੰਡੂ 'ਚ ਇਕ ਬ੍ਰਿਟਿਸ਼ ਅਫ਼ਸਰ ਨੇ ਉਸ ਉੱਤੇ ਨਿਗਾਹ ਰੱਖੀ। ਉਸ ਨੇ ਹੀ ਚਿੱਠੀ ਲਿਖੀ ਕਿ ਉਹ ਅਜੇ ਵੀ ਸਿੱਖ ਰਾਜਵੰਸ਼ ਨੂੰ ਮੁੜ ਸੁਰਜੀਤ ਕਰਨ ਲਈ ਉਤਸੁਕ ਸੀ। ਉਹ ਨਿਪਾਲ ਵਿਚ 11 ਸਾਲ ਰਹੀ। 1861 ਵਿਚ ਮਹਾਰਾਣੀ ਆਪਣੇ ਬੇਟੇ ਮਹਾਰਾਜਾ ਦਲੀਪ ਸਿੰਘ ਕੋਲ ਲੰਡਨ ਚਲੀ ਗਈ ਪਰ ਉਸ ਦੇ ਨਾਲ ਆਉਣ ਵਾਲੇ ਸਾਥੀ ਨਿਪਾਲ ਵਿਚ ਹੀ ਵਸ ਗਏ।

ਇਸ ਕਿਲੇ ਨੂੰ ਦੇਖਣ ਤੋਂ ਬਾਅਦ ਮਹਿਸੂਸ ਹੁੰਦਾ ਹੈ ਕਿ ਕਿਸ ਤਰਾਂ ਮਹਾਰਾਣੀ ਜਿੰਦ ਕੌਰ ਨੇ ਕਿਲੇ ਦੀਆਂ ਦੀਵਾਰਾਂ ਅੰਦਰ ਕੈਦ ਹੋਣ ਕਰਕੇ ਕਿੰਨਾ ਦੁੱਖ ਮਹਿਸੂਸ ਕੀਤਾ ਹੋਵੇਗਾ ਕਿਉਂਕਿ ਕੋਈ ਸਮਾਂ ਸੀ ਜਦੋਂ ਸਿੱਖ ਰਾਜ ਦੀ ਸ਼ਾਨ ਵਜੋਂ ਜਾਣੀ ਜਾਂਦੀ ਰਾਣੀ ਜਿੰਦਾਂ ਦੀ ਪੂਰੀ ਸਿੱਖ ਕੌਮ ਅੰਦਰ ਇੱਜ਼ਤ ਸੀ ਅਤੇ ਇਕ ਇਹ ਵੀ ਸਮਾਂ ਸੀ ਕਿ ਆਪਣੀ ਹੋਂਦ ਨੂੰ ਬਚਾਉਣ ਲਈ ਜੱਦੋ-ਜਹਿਦ ਕਰਨੀ ਪਈ।

ਭਾਵੇਂ ਕਿਲਾ ਬਿਹਾਰ ਸਰਕਾਰ ਦੀ ਅਣਗਹਿਲੀ ਕਰਕੇ ਖੰਡਰ ਬਣ ਗਿਆ ਪਰ ਇਕ ਗੱਲ ਜ਼ਰੂਰ ਕਰਨੀ ਬਣਦੀ ਹੈ ਕਿ ਕਿਲਾ ਉਨਾਂ ਲੋਕਾਂ ਦੀਆਂ ਯਾਦਾਂ ਨੂੰ ਆਪਣੇ ਅੰਦਰ ਸਮਾਈ ਬੈਠਾ ਹੈ ਜਿਨਾਂ ਦੇ ਹਰ ਹੁਕਮ ਦੀ ਤਾਮੀਲ ਹੁੰਦੀ ਸੀ।



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# GLOBAL ALLIANZ LAW FIRM LLP

US IMMIGRATION MADE EASY

## ਕਾਨੂੰਨੀ ਸੇਵਾਵਾਂ

- ਫੈਮਲੀ ਇਮੀਗਰੇਸ਼ਨ
- ਗਰੀਨ ਕਾਰਡ ਅਤੇ ਸਿਟੀਜਨਸ਼ਿਪ ਐਪਲੀਕੇਸ਼ਨ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕਾਰ ਦੁਰਘਟਨਾ ਅਤੇ ਕੰਮ ਦੌਰਾਨ ਸੱਟ ਲੱਗਣਾ
- ਪੋਲੀਟੀਕਲ ਅਸਾਈਲਮ



Atul Kapoor
CEO



Neat Allen Sawyer
Attorney at Law

US OFFICE-: # 7899 N. PERSHING AVE., STOCKTON, CA -95207
PHONE-209-808-2136, 209-952-5578 Fax- 209-476-7188

INDIA OFFICE-: SCO 1-4, FIRST FLOOR, SURYA COMPLEX, LEELA BHAWAN, PATIALA, PUNJAB. Phone +91-9814320010

# ਸ਼੍ਰੋਮਣੀ ਸ਼ਹੀਦ ਭਾਈ ਮਨੀ ਸਿੰਘ ਜੀ

**- ਦਲੀਪ ਸਿੰਘ**

ਭਾਈ ਮਨੀ ਸਿੰਘ ਜੀ ਦਾ ਸਮੁੱਚਾ ਜੀਵਨ ਸਮੇਤ ਪਰਿਵਾਰ ਕੌਮ ਨੂੰ ਸਮਰਪਿਤ ਭਾਵਨਾ ਵਾਲਾ ਸੀ। ਭਾਈ ਮਨੀ ਸਿੰਘ ਸਿੱਖ ਧਰਮ ਅਤੇ ਇਤਿਹਾਸ ਦੇ ਖੇਤਰ ਵਿੱਚ ਦਲੇਰ ਮਰਜੀਵੜਿਆ ਦੀ ਸਤਿਕਾਰਤ ਸਖ਼ਸ਼ੀਅਤ ਹਨ। ਉਨਾਂ ਦਾ ਜੀਵਨ ਚਰਿੱਤਰ ਮਨੁੱਖੀ ਸਮਾਜ ਦੇ ਇੱਕ ਵਿਸ਼ੇਸ਼ ਆਦਰਸ਼ ਨੂੰ ਉਜਾਗਰ ਕਰਨ ਦੀ ਚੇਸ਼ਟਾ ਪੈਦਾ ਕਰਨ, ਜ਼ਬਰ-ਜ਼ੁਲਮ ਨਾਲ ਟਕਰਾਉਣ, ਅਨੈਤਿਕਤਾ ਵਾਲੀਆਂ ਹਕੂਮਤਾਂ ਵਿਰੁਧ ਜ਼ੋਰਦਾਰ ਤਰੀਕੇ ਨਾਲ ਆਵਾਜ਼ ਉਠਾਉਣ ਅਤੇ ਟਕਰਾਉਣ ਵਾਲਾ ਸੀ।

ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ 1644 ਈਸਵੀ ਦਿਨ ਐਤਵਾਰ, ਚੇਤ ਸੁਦੀ ਬਾਰਵੀਂ ਸੰਮਤ 1701 ਬਿਕ੍ਰਮੀ ਨੂੰ ਪਿਤਾ ਮਾਈ ਦਾਸ ਦੇ ਘਰ ਪਿੰਡ ਅਲੀਪੁਰ ਜ਼ਿਲਾ ਮੁਜ਼ਫ਼ਰਗੜ ਰਿਆਸਤ ਮੁਲਤਾਨ ਹਾਲ (ਪਾਕਿਸਤਾਨ) ਵਿਖੇ ਮਾਤਾ ਮਧਰੀ ਬਾਈ ਦੀ ਕੁੱਖੋਂ ਹੋਇਆ। ਇਨਾਂ ਦੇ ਵੱਡੇ-ਵਡੇਰੇ ਗੁਰੂ ਘਰ ਦੇ ਪੱਕੇ ਸਿਦਕੀ ਸਿੱਖ ਸਨ। ਭਾਈ ਸਾਹਿਬ ਦੇ ਪਿਤਾ ਸਮੇਤ ਚਾਚੇ-ਤਾਏ ਕੁਲ 12 ਭਰਾ ਸਨ।

93 ਸਾਲ ਦੀ ਉਮਰ ਭੋਗਣ ਵਾਲੇ ਭਾਈ ਮਨੀ ਸਿੰਘ ਜੀ ਨੂੰ ਗੁਰੂ ਹਰਿ ਰਾਏ ਜੀ, ਗੁਰੂ ਹਰਿ ਕ੍ਰਿਸ਼ਨ ਜੀ, ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਨ ਦਾ ਮਾਣ ਹਾਸਲ ਹੋਇਆ। ਦਸਮ ਪਿਤਾ ਦੇ ਵਿਸ਼ਵਾਸਪਾਤਰ ਭਾਈ ਮਨੀ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ, ਕਥਾ ਵਾਚਕ, ਗਿਆਨ ਰਤਨਾਵਲੀ ਤੇ ਸਿੱਖਾਂ ਦੀ ਭਗਤਮਾਲਾ ਜਿਹੀਆਂ ਵੱਡ-ਆਕਾਰੀ ਰਚਨਾਵਾਂ ਦੇ ਕਰਤਾ ਸਨ। ਉਹ 33 ਸਾਲ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖਤ ਦੇ ਜੱਥੇਦਾਰ ਰਹੇ।

ਭਾਈ ਮਨੀ ਸਿੰਘ ਜੀ ਨੇ 13 ਵਰਿਆਂ ਦੀ ਉਮਰ ਵਿੱਚ ਆਪਣੇ ਪਿਤਾ ਮਾਈ ਦਾਸ ਨਾਲ ਕੀਰਤਪੁਰ ਪਹੁੰਚ ਕੇ ਗੁਰੂ ਹਰਿ ਰਾਇ ਸਾਹਿਬ ਜੀ ਦੇ ਦਰਸ਼ਨ ਕੀਤੇ। ਗੁਰੂ ਜੀ ਦੇ ਦਰਸ਼ਨ ਕਰ ਕੇ ਭਾਈ ਮਨੀ ਸਿੰਘ ਜੀ ਨੂੰ ਅਜਿਹਾ ਅਲੌਕਿਕ ਆਨੰਦ ਮਿਲਿਆ ਕਿ ਉਹ ਇੱਕ ਵਾਰ ਘਰ ਜਾਣ ਤੋਂ ਬਾਅਦ ਫਿਰ ਵਾਪਸ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋ ਗਏ। ਭਾਈ ਸਾਹਿਬ 2 ਸਾਲ ਗੁਰੂ ਸਾਹਿਬ ਕੋਲ ਰਹੇ। ਜਦੋਂ ਉਨਾਂ ਦੀ ਉਮਰ 15 ਸਾਲ ਦੀ ਹੋਈ ਤਾਂ ਭਾਈ ਮਾਈ ਦਾਸ ਜੀ ਗੁਰੂ ਜੀ ਤੋਂ ਆਗਿਆ ਲੈ ਕੇ ਆਪਣੇ ਬੇਟੇ ਨੂੰ ਫਿਰ ਪਿੰਡ ਵਾਪਸ ਲੈ ਗਏ। ਹਾੜ ਦੀ ਪੂਰਨਮਾਸ਼ੀ ਵਾਲੇ ਦਿਨ ਭਾਈ ਲੱਖੀ ਰਾਏ ਵਣਜਾਰਾ ਨਿਵਾਸੀ ਪਿੰਡ ਖੈਰਪੁਰ ਜੋ ਮੁਲਤਾਨ ਤੋਂ 75 ਮੀਲ ਦੀ ਵਿੱਥ 'ਤੇ ਸੀ, ਦੀ ਲੜਕੀ ਸੀਤੋ ਬਾਈ ਨਾਲ ਭਾਈ ਮਨੀ ਸਿੰਘ ਜੀ ਦਾ ਵਿਆਹ ਕਰ ਦਿੱਤਾ ਗਿਆ। ਭਾਈ ਲੱਖੀ ਰਾਏ ਜੀ ਨੇ ਹੀ ਦਿੱਲੀ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਪਿਛੋਂ ਉਨਾਂ ਦੇ ਧੜ ਦਾ ਸਸਕਾਰ ਆਪਣੇ ਰਾਇਸੀਨਾ ਵਾਲੇ ਰਿਹਾਇਸ਼ੀ ਮਕਾਨ ਨੂੰ ਅੱਗ ਲਾ ਕੇ ਕੀਤਾ ਸੀ। ਇਸ ਸਥਾਨ 'ਤੇ ਹੁਣ ਗੁਰਦੁਆਰਾ ਸ੍ਰੀ ਰਕਾਬ ਗੰਜ ਹੈ। ਭਾਈ ਮਨੀ ਸਿੰਘ ਜੀ ਵਿਆਹ ਤੋਂ ਬਾਅਦ ਥੋੜਾ ਸਮਾਂ ਪਿੰਡ ਰਹੇ। ਉਹ ਆਪਣੇ ਭਰਾ ਜੇਠਾ ਜੀ ਤੇ ਭਾਈ ਦਿਆਲਾ ਜੀ ਨਾਲ ਕੀਰਤਪੁਰ ਪੁੱਜ ਕੇ ਫਿਰ ਸੇਵਾ ਵਿੱਚ ਜੁੱਟ ਗਏ।

ਆਨੰਦਪੁਰ ਸਾਹਿਬ ਨਿਵਾਸ ਸਮੇਂ 25 ਮਈ 1675 ਈਸਵੀ ਨੂੰ ਕਸ਼ਮੀਰੀ ਪੰਡਤਾਂ ਦੀ ਅਰਜ਼ੋਈ ਸੁਣ ਕੇ ਗੁਰੂ ਤੇਗ ਬਹਾਦਰ ਜੀ 11 ਜੁਲਾਈ 1675 ਨੂੰ ਦਿੱਲੀ ਵੱਲ ਰਵਾਨਾ ਹੋਏ। ਉਨਾਂ ਭਾਈ ਜੇਠਾ ਅਤੇ ਭਾਈ ਮਨੀ ਸਿੰਘ ਨੂੰ ਆਨੰਦਪੁਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਨਾਲ ਰਹਿਣ ਅਤੇ ਸੰਗਤ ਦੀ ਸੇਵਾ ਕਰਨ ਦਾ ਆਦੇਸ਼ ਦਿੱਤਾ। ਇਸ ਸਮੇਂ ਦੌਰਾਨ ਉਨਾਂ ਗੁਰਬਾਣੀ ਤੋਂ ਇਲਾਵਾ ਤਵਾਰੀਖੀ ਇਤਿਹਾਸਕ ਸਿੱਖ ਫ਼ਲਸਫ਼ੇ ਦੀ ਡੂੰਘੀ ਖੋਜ ਕੀਤੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਦੇ ਹਜ਼ੂਰੀ ਸਿੰਘਾਂ ਵਿੱਚ ਭਾਈ ਮਨੀ ਸਿੰਘ ਵੀ ਸ਼ਾਮਿਲ ਸਨ। ਭਾਈ ਮਨੀ ਸਿੰਘ ਜੀ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ ਅਤੇ ਇਸ ਬੀੜ ਦੇ ਕਈ ਉਤਾਰੇ ਕਰਵਾਏ। ਉਪਰੋਕਤ ਬੀੜ ਲਗਪਗ ਜੁਲਾਈ 1678 ਵਿੱਚ ਤਿਆਰ ਹੋਈ।

ਸਾਲ 1688 ਨੂੰ ਸਿਰਮੋਰ ਦੇ ਰਾਜੇ ਫ਼ਤਿਹ ਸ਼ਾਹ ਨਾਲ ਭੰਗਾਣੀ ਵਿਖੇ ਹੋਏ ਯੁੱਧ ਵਿੱਚ ਉਨਾਂ ਨੇ ਚੰਗੇ ਜੰਗੀ ਜੌਹਰ ਵਿਖਾਏ। ਮਈ 1693 ਨੂੰ ਗੁਰੂ ਜੀ ਨੇ ਬਾਂਗੜ ਦੇਸ਼ ਦਾ ਦੌਰਾ ਕੀਤਾ। ਉਦੋਂ ਵੀ ਭਾਈ ਮਨੀ ਸਿੰਘ ਗੁਰੂ ਸਾਹਿਬ ਨਾਲ ਸਨ। ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਦੀ ਸੰਗਤ ਨੇ ਪਾਤਿਸ਼ਾਹ ਅੱਗੇ ਬੇਨਤੀ ਕੀਤੀ ਕਿ ਮੀਣੇ ਅੰਮ੍ਰਿਤਸਰ ਛੱਡ ਗਏ ਹਨ, ਹੁਣ ਉਥੋਂ ਦੀ ਸੇਵਾ ਸੰਭਾਲ ਤੇ ਪ੍ਰਬੰਧ ਦੀ ਜ਼ਿੰਮੇਵਾਰੀ ਕਿਸੇ ਯੋਗ ਸਿੱਖ ਮੁਖੀ ਨੂੰ ਹੀ ਸੰਭਾਲੋ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਨੂੰ ਯੋਗ ਸਮਝਦੇ ਹੋਏ ਪੰਜ ਸਿੰਘਾਂ ਸਹਿਤ ਅੰਮ੍ਰਿਤਸਰ ਦੀ ਸੇਵਾ ਲਈ ਇੰਚਾਰਜ ਦੇ ਤੌਰ 'ਤੇ ਜ਼ਿੰਮੇਵਾਰੀ ਸੌਂਪ ਦਿੱਤੀ। ਇਨਾਂ ਹੁਕਮਾਂ ਦੀ ਪਾਲਣਾ ਕਰਦੇ ਹੋਏ ਭਾਈ ਮਨੀ ਸਿੰਘ 2 ਮਈ 1699 ਨੂੰ ਦਰਬਾਰ ਸਾਹਿਬ ਦੀ ਸੇਵਾ ਸੰਭਾਲ ਲਈ ਅੰਮ੍ਰਿਤਸਰ ਪੁੱਜ ਗਏ। ਉਨਾਂ ਅਗਲੇ ਦਿਨ ਨਿਸ਼ਾਨ ਸਾਹਿਬ ਝੁਲਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ। ਗੁਰੂ ਹੁਕਮਾਂ ਮੁਤਾਬਿਕ ਉਨਾਂ ਇੱਥੇ ਪੱਕੀ ਰਿਹਾਇਸ਼ ਕਰ ਲਈ। ਸਭ ਤੋਂ ਪਹਿਲਾਂ ਉਨਾਂ ਨੇ ਸਾਰੀਆਂ ਮਨਮੱਤ ਵਾਲੀਆਂ ਮਰਿਆਦਾਵਾਂ ਬੰਦ ਕਰਵਾਈਆਂ ਤੇ ਗੁਰੂ ਆਸ਼ੇ ਮੁਤਾਬਿਕ ਨਿੱਤ ਦੀ ਮਰਿਆਦਾ ਸ਼ੁਰੂ ਕੀਤੀ। ਸੰਗਤ ਦਰਬਾਰ ਸਾਹਿਬ ਵਿਖੇ ਹੁਮ-ਹੁਮਾ ਕੇ ਪੁੱਜਣ ਲੱਗੀ। ਭਾਈ ਮਨੀ ਸਿੰਘ ਖ਼ੁਦ ਸੰਗਤ ਨਾਲ ਗੁਰਮਤਿ ਵਿਚਾਰ ਸਾਂਝੇ ਕਰਦੇ ਰਹੇ।



2 ਅਕਤੂਬਰ 1703 ਈਸਵੀ ਦੇ ਦਿਨ ਭਾਈ ਮਨੀ ਸਿੰਘ ਨੂੰ ਦਸਮੇਸ਼ ਪਿਤਾ ਨੇ ਇੱਕ ਹੁਕਮਨਾਮਾ ਬਖ਼ਸ਼ਿਸ਼ ਕੀਤਾ। ਹੁਕਮਨਾਮਾ ਪ੍ਰਾਪਤ ਕਰਨ ਉਪਰੰਤ ਉਹ ਗੁਰੂ ਜੀ ਤੋਂ ਪ੍ਰਵਾਨਗੀ ਲੈ ਕੇ ਅੰਮ੍ਰਿਤਸਰ ਪਰਤ ਗਏ। ਪਰ ਅੰਮ੍ਰਿਤਸਰ ਆਉਣ 'ਤੇ ਉਨਾਂ ਨੂੰ ਮੁਗ਼ਲ ਸ਼ਾਸਕਾਂ ਦੇ ਜ਼ੁਲਮ ਹੇਠ ਮਾਤਾ ਗੁਜਰੀ ਜੀ, ਚਾਰੇ ਸਾਹਿਬਜ਼ਾਦੇ, ਬਹੁਤ ਸਾਰੇ ਸਿੰਘ ਅਤੇ ਸਿੰਘਣੀਆਂ ਸ਼ਹੀਦ ਕਰ ਦਿੱਤੇ ਜਾਣ ਦੀ ਸੂਚਨਾ ਮਿਲੀ। ਇਨਾਂ ਸ਼ਹੀਦ ਸਿੰਘਾਂ ਵਿੱਚ ਭਾਈ ਮਨੀ ਸਿੰਘ ਦੇ ਪੰਜ ਪੁੱਤਰ ਸ਼ਾਮਲ ਸਨ। ਭਾਈ ਮਨੀ ਸਿੰਘ ਸੰਗਤ ਸਾਹਿਤ ਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ। ਜਦੋਂ ਦਸਮ ਪਿਤਾ ਦੱਖਣ ਵਲ ਕੂਚ ਕਰਨ ਲੱਗੇ ਤਾਂ ਗੁਰੂ ਜੀ ਨੇ ਮਨੀ ਸਿੰਘ ਨੂੰ ਉਪਦੇਸ਼ ਦੇ ਕੇ ਵਾਪਸ ਮੋੜਿਆ ਅਤੇ ਅੰਮ੍ਰਿਤਸਰ ਦੀ ਸੇਵਾ ਲਈ ਹੁਕਮ ਦਿੱਤਾ। ਭਾਈ ਮਨੀ ਸਿੰਘ ਲਗਾਤਾਰ ਦਰਬਾਰ ਸਾਹਿਬ ਦੀ ਸੇਵਾ ਨਿਭਾਉਂਦੇ ਆ ਰਹੇ ਸਨ। ਸਿੱਖਾਂ ਵੱਲੋਂ ਹਰ ਸਾਲ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਵਿੱਚ ਦਿਵਾਲੀ ਮਨਾਈ ਜਾਂਦੀ ਸੀ। ਸਾਲ 1733 ਦੀ ਦਿਵਾਲੀ ਮਨਾਉਣ ਲਈ ਭਾਰੀ ਇਕੱਠ ਕਰਨ ਦੀ ਵਿਉਂਤਬੰਦੀ ਕੀਤੀ ਗਈ। ਲਾਹੌਰ ਸੂਬੇ ਕੋਲੋਂ ਦਿਵਾਲੀ ਮਨਾਉਣ ਦੀ ਪ੍ਰਵਾਨਗੀ ਵੀ ਲੈ ਲਈ ਗਈ ਜੋ ਕਿ ਇਸ ਸ਼ਰਤ 'ਤੇ ਦਿੱਤੀ ਗਈ ਕਿ ਸਿੱਖਾਂ ਵੱਲੋਂ ਸਰਕਾਰੀ ਖ਼ਜ਼ਾਨੇ ਵਿੱਚ 5000 ਰੁਪਏ ਜਜ਼ੀਏ ਵਜੋਂ ਜਮਾਂ ਕਰਵਾਏ ਜਾਣਗੇ। ਇਸ ਲਈ ਭਾਈ ਮਨੀ ਸਿੰਘ ਨੇ ਰਜ਼ਾਮੰਦੀ ਦੇ ਦਿੱਤੀ। ਉਨਾਂ ਨੇ ਸੰਗਤ ਨੂੰ ਆਉਣ ਦਾ ਸੱਦਾ ਭੇਜ ਦਿੱਤਾ। ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ।

ਮੁਗ਼ਲ ਹਕੂਮਤ ਨੂੰ ਜਦੋਂ ਪਤਾ ਲੱਗਾ ਕਿ ਦਿਵਾਲੀ 'ਤੇ ਸਿੱਖ ਇਕੱਠੇ ਹੋ ਰਹੇ ਹਨ ਤਾਂ ਉਨਾਂ ਬੇਈਮਾਨੀ ਨਾਲ ਸਿੱਖਾਂ ਦੇ ਇਕੱਠ 'ਤੇ ਤਬਾਹੀ ਮਚਾਉਣ ਦਾ ਫ਼ੈਸਲਾ ਕਰ ਲਿਆ। ਲਾਹੌਰ ਸੂਬੇ ਨੇ ਮੰਦੀ ਭਾਵਨਾ ਹੇਠ ਵਜ਼ੀਰ ਲਖਪਤ ਰਾਏ ਨੂੰ ਇਸ ਕੰਮ ਲਈ ਨਿਯੁਕਤ ਕਰ ਦਿੱਤਾ। ਉਹ ਮੁਗ਼ਲ ਹਕੂਮਤ ਦਾ ਇਤਬਾਰੀ ਵਜ਼ੀਰ ਸੀ। ਇਸ ਤੋਂ ਪਹਿਲਾਂ ਸਿੱਖਾਂ 'ਤੇ ਕਈ ਵਾਰ ਜ਼ੁਲਮ ਢਾਏ ਗਏ ਸਨ। ਸਿੱਖਾਂ ਨੂੰ ਸੂਬੇ ਦੀ ਮੰਦੀ ਭਾਵਨਾ ਦਾ ਪਤਾ ਲੱਗਿਆ ਤਾਂ ਕੁਝ ਮੋਹਰੀ ਸਿੱਖਾਂ ਦੀ ਰਾਏ ਨਾਲ ਇਕੱਠ ਰੋਕ ਲਿਆ ਗਿਆ। ਸੰਗਤ ਨੂੰ ਨਾ ਆਉਣ ਲਈ ਸੁਨੇਹੇ ਭੇਜ ਦਿੱਤੇ। ਫ਼ਲਸਰੂਪ ਸੰਗਤ ਇਕੱਠੀ ਨਾ ਹੋਈ ਤੇ ਨਾ ਹੀ ਚੜ੍ਹਾਵਾ ਚੜ੍ਹਿਆ। ਇਸ ਕਾਰਨ ਜਜ਼ੀਆ ਜਮਾਂ ਕਰਾਉਣਾ ਔਖਾ ਹੋ ਗਿਆ। ਸਰਕਾਰ ਵੱਲੋਂ ਸਖ਼ਤ ਜ਼ੋਰ ਪਾਇਆ ਗਿਆ ਕਿ ਜਜ਼ੀਆ ਜਲਦੀ ਜਮਾਂ ਕਰਵਾਇਆ ਜਾਵੇ। ਭਾਈ ਸਾਹਿਬ ਨੇ ਧੀਰਜ ਨਾਲ ਆਉਂਦੀ ਵਿਸਾਖੀ ਦੀ ਮੋਹਲਤ ਲੈ ਲਈ। ਵਿਸਾਖੀ ਨੇੜੇ ਆਉਣ 'ਤੇ ਤਿਆਰੀ ਸ਼ੁਰੂ ਹੋ ਗਈ, ਫਿਰ ਸੂਹ ਮਿਲੀ ਕਿ ਮੁਗ਼ਲ ਸ਼ਾਸਕ ਦੀ ਸੋਚ ਵਿੱਚ ਖੋਟੀ ਆ ਗਈ ਹੈ। ਉਨਾਂ ਨੇ ਦਿਨ ਦਿਹਾੜੇ ਨਿਹੱਥੀ ਸ਼ਰਧਾਲੂ ਸੰਗਤ 'ਤੇ ਧਾਵਾ ਬੋਲ ਦਿੱਤਾ। ਜਾਨੀ ਨੁਕਸਾਨ ਕਰ ਦਿੱਤਾ। ਇਸ ਕਾਰਨ ਭਾਈ ਸਾਹਿਬ ਨੂੰ ਜਜ਼ੀਆ ਦੇਣਾ ਔਖਾ ਹੋ ਗਿਆ।

ਲਾਹੌਰ ਦੇ ਸੂਬੇ ਨੂੰ ਸਿੱਖੀ ਦਾ ਪ੍ਰਚਾਰ ਬੜਾ ਰੜਕ ਰਿਹਾ ਸੀ। ਉਸ ਨੂੰ ਜਜ਼ੀਏ ਦਾ ਬਹਾਨਾ ਮਿਲ ਗਿਆ। ਫ਼ਲਸਰੂਪ ਮੁਗ਼ਲ ਫ਼ੌਜ ਨੇ ਅੰਮ੍ਰਿਤਸਰ ਸਾਹਿਬ 'ਤੇ ਚੜ੍ਹਾਈ ਕਰ ਦਿੱਤੀ। ਭਾਈ ਮਨੀ ਸਿੰਘ, ਭਾਈ ਜਗਤ ਸਿੰਘ, ਭਾਈ ਚਿੱਤਰ ਸਿੰਘ, ਭਾਈ ਗੁਰਬਖਸ਼ ਸਿੰਘ, ਭਾਈ ਗੁਲਜਾਰ ਸਿੰਘ, ਭਾਈ ਸੰਗਤ ਸਿੰਘ ਅਤੇ ਭਾਈ ਰਣਬੀਰ ਸਿੰਘ ਜੋ ਲਗਪਗ ਭਾਈ ਮਨੀ ਸਿੰਘ ਦੇ ਪਰਿਵਾਰਕ ਮੈਂਬਰ ਤੇ ਨੇੜਲੇ ਸਬੰਧੀ ਸਨ, ਸਾਰਿਆਂ ਨੂੰ ਬੰਦੀ ਬਣਾ ਕੇ ਲਾਹੌਰ ਲਿਜਾਂਦਾ ਗਿਆ। ਲਾਹੌਰ ਦੇ ਹਾਕਮ ਨੇ ਭਾਈ ਸਾਹਿਬ ਨੂੰ ਬੁਲਾ ਕੇ ਜਜ਼ੀਏ ਦਾ ਦੋਸ਼ ਦੁਹਰਾਇਆ। ਇਸ ਦੇ ਜੁਆਬ ਵਿੱਚ ਭਾਈ ਮਨੀ ਸਿੰਘ ਨੇ ਕਿਹਾ ਕਿ ਜਦੋਂ ਤੁਸੀਂ ਸੰਗਤ ਦਾ ਇਕੱਠ ਹੋਣ ਹੀ ਨਹੀਂ ਦਿੱਤਾ ਤਾਂ ਹੁਣ ਜਜ਼ੀਆ ਕਿਸ ਗੱਲ ਦਾ ਮੰਗਦੇ ਹੋ ? ਜਜ਼ੀਆ ਨਾ ਦੇਣ, ਮੁਗ਼ਲ ਸਰਕਾਰ ਦੀਆਂ ਸ਼ਰਤਾਂ ਅਤੇ ਆਪਣੇ ਗ਼ਲਤ ਮਤਲਬ ਲਈ ਭਾਈ ਮਨੀ ਸਿੰਘ ਜੀ ਦਿੱਤੇ ਲਾਲਚਾਂ ਨੂੰ ਠੁਕਰਾਉਣ 'ਤੇ ਗ੍ਰਿਫ਼ਤਾਰ ਕੀਤੇ ਉਨਾਂ ਦੇ ਸਾਥੀਆਂ ਨੂੰ ਭਾਰੀ ਤਸੀਹੇ ਦਿੱਤੇ ਗਏ। ਭਾਈ ਮਨੀ ਸਿੰਘ ਫਿਰ ਵੀ ਨਾ ਮੰਨੇ ਤਾਂ ਉਨਾਂ ਦਾ ਬੰਦ-ਬੰਦ ਕੱਟਣ ਦਾ ਹੁਕਮ ਸੁਣਾਇਆ ਗਿਆ। ਅਖ਼ੀਰ ਹਾੜ ਸੁਦੀ ਪੰਚਮੀ ਤੋਂ 24 ਜੂਨ 1734 ਨੂੰ ਨਿਖਾਸ ਚੌਂਕ ਵਿੱਚ ਬੰਦ-ਬੰਦ ਕੱਟ ਕੇ ਭਾਈ ਮਨੀ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ।

CIS CALIFORNIA
IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> STUDENT VISA
> RELIGIOUS VISA
> U.K. VISA
> CANADA VISA & P.R.


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

# ਭਾਰਤ ਨੂੰ ਲੈ ਡੁੱਬੇਗਾ ਇਹ ਆਰਥਿਕ ਪਾੜਾ

**- ਡਾ. ਗੁਰਤੇਜ ਸਿੰਘ**

ਜਨਵਰੀ 2020 ਦੇ ਵਿਸ਼ਵ ਆਰਥਿਕ ਫੋਰਮ ਦੇ ਸਾਲਾਨਾ ਇਜਲਾਸ ਤੋਂ ਪਹਿਲਾਂ ਆਕਸਫੈਮ ਨੇ ਟਾਈਮ ਟੂ ਕੇਅਰ ਅਧਿਐਨ ਜਾਰੀ ਕੀਤਾ ਹੈ ਜਿਸ ਵਿੱਚ ਭਾਰਤ ਸਬੰਧੀ ਇਹ ਦਾਅਵਾ ਕੀਤਾ ਗਿਆ ਭਾਰਤ ਦੇ ਇੱਕ ਫ਼ੀਸਦੀ ਅਮੀਰਾਂ ਦੀ ਸੰਪਤੀ ਦੇਸ਼ ਦੇ 70 ਫੀਸਦੀ ਲੋਕਾਂ ਦੀ ਕਮਾਈ ਤੋਂ ਚਾਰ ਗੁਣਾ ਵੱਧ ਹੈ। ਸਾਡੇ ਮੁਲਕ ਦੇ 63 ਅਰਬਪਤੀਆਂ ਦੀ ਕੁਲ ਸੰਪਤੀ ਦੇਸ਼ ਦੇ ਵਿੱਤੀ ਸਾਲ 2018-19 ਦੇ ਬਜਟ 24, 42, 200 ਕਰੋੜ ਰੁਪਏ ਤੋਂ ਵੀ ਵੱਧ ਹੈ। ਪਿਛਲੇ ਇੱਕ ਦਹਾਕੇ ਵਿੱਚ ਅਰਬਪਤੀਆਂ ਦੀ ਸੰਖਿਆ ਦੁੱਗਣੀ ਹੋਈ ਹੈ। ਨੀਤੀਘਾੜਿਆਂ ਦੀ ਨਾਲਾਇਕੀ ਨੂੰ ਸਾਬਿਤ ਕਰਨ ਲਈ ਇਹ ਕਾਫੀ ਹੈ ਕਿ ਦੇਸ਼ ਆਰਥਿਕ ਪੱਧਰ ਉੱਤੇ ਬੁਰੀ ਤਰਾਂ ਡਗਮਗਾਇਆ ਹੋਇਆ ਹੈ। ਆਕਸਫੈਮ ਇੰਡੀਆ ਦੇ ਇੱਕ ਅਧਿਕਾਰੀ ਦਾ ਮੰਨਣਾ ਹੈ ਜਦੋਂ ਤੱਕ ਨਾਬਰਾਬਰੀ ਵਾਲੀਆਂ ਨੀਤੀਆਂ ਨੂੰ ਦੂਰ ਨਹੀਂ ਕੀਤਾ ਜਾਂਦਾ ਉਦੋਂ ਤੱਕ ਇਹ ਅਸਾਮਾਨਤਾ ਦੂਰ ਨਹੀਂ ਹੋ ਸਕਦੀ।

ਦੁਨੀਆਂ ਦੇ 2153 ਅਰਬਪਤੀਆਂ ਕੋਲ ਵਿਸ਼ਵ ਦੀ ਕੁਲ ਅਬਾਦੀ ਦਾ 60 ਫੀਸਦੀ ਵਸੋਂ ਦੀ ਕੁਲ ਆਮਦਨ ਤੋਂ ਵੱਧ ਸੰਪਤੀ ਹੈ। ਵਿਸ਼ਵ ਆਰਥਿਕ ਫੋਰਮ ਵੱਲੋਂ ਨਵੇਂ ਸਮਾਜਿਕ ਤਬਦੀਲੀਆਂ ਸੂਚਕ ਅੰਕ ਵਿੱਚ ਭਾਰਤ ਨੂੰ ਦੁਨੀਆਂ ਦੇ 82 ਦੇਸ਼ਾਂ ਵਿੱਚੋਂ 76ਵਾਂ ਰੈਂਕ ਮਿਲਿਆ ਹੈ, ਇਹ ਵੀ ਆਪਣੇ ਆਪ ਵਿੱਚ ਦੇਸ਼ ਦੇ ਸਮਾਜਿਕ ਨਿਘਾਰ ਨੂੰ ਜੱਗ ਜ਼ਾਹਿਰ ਕਰਦਾ ਹੈ। ਇਸ ਵਿੱਚ ਡੈਨਮਾਰਕ ਪਹਿਲੇ ਸਥਾਨ ਉੱਤੇ ਹੈ।

ਗੌਰਤਲਬ ਹੈ ਕਿ ਸੰਨ 2018 ਵਿੱਚ ਆਕਸਫੈਮ ਦੀ ਹੀ ਰਿਪੋਰਟ ਵਿੱਚ ਭਾਰਤ ਦੀ ਕੁਲ ਅਬਾਦੀ ਵਿੱਚੋਂ ਅਮੀਰ ਲੋਕਾਂ ਦੀ ਸੰਖਿਆ ਮਾਤਰ ਇੱਕ ਫੀਸਦੀ ਨੂੰ ਦਰਸਾਇਆ ਗਿਆ ਸੀ। ਇਹੀ ਇੱਕ ਫੀਸਦ ਲੋਕ ਦੇਸ਼ ਦੀ ਕੁਲ ਪੂੰਜੀ ਦੇ 73 ਫੀਸਦ ਦੌਲਤ ਦੇ ਮਾਲਕ ਪਾਏ ਗਏ ਸਨ। ਰਿਪੋਰਟ ਵਿੱਚ ਅੱਗੇ ਕਿਹਾ ਗਿਆ ਸੀ ਮਜ਼ਦੂਰਾਂ, ਕਾਸ਼ਤਕਾਰਾਂ ਅਤੇ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਲੋਕਾਂ ਕੋਲ ਆਪਣੇ ਪਰਿਵਾਰ ਦੀ ਦੇਖਭਾਲ ਕਰਨ, ਬੱਚਿਆਂ ਦੀ ਸਿੱਖਿਆ ਲਈ ਲੋੜੀਂਦੇ ਪੈਸੇ ਨਹੀਂ ਹਨ। ਆਕਸਫੈਮ ਦੀ ਇਸੇ ਵਰੇ ਦੀ ਰਿਪੋਰਟ ਵਿੱਚ ਇਹ ਵੀ ਸ਼ੁਮਾਰ ਸੀ ਕਿ ਦੁਨੀਆਂ ਦੀ ਅੱਧੀ ਦੌਲਤ 62 ਧਨ ਕੁਬੇਰਾਂ ਕੋਲ ਸੀ ਪਰ ਇੱਕ ਸਾਲ ਦੇ ਵਿੱਚ ਹੀ ਇਨਾਂ ਦੀ ਗਿਣਤੀ ਘੱਟ ਕੇ ਅੱਠ ਰਹਿ ਗਈ ਹੈ। ਭਾਰਤ ਦੇ 57 ਵਿਅਕਤੀਆਂ ਕੋਲ 70 ਫੀਸਦੀ ਅਬਾਦੀ ਦੇ ਬਰਾਬਰ ਦੌਲਤ ਹੈ। ਸਾਡੇ ਮੁਲਕ ਵਿੱਚ ਇੱਕ ਫੀਸਦੀ ਅਰਬਪਤੀ ਦੇਸ਼ ਦੀ 58 ਫੀਸਦੀ ਦੌਲਤ ਉੱਤੇ ਕਾਬਜ਼ ਹਨ। ਦੇਸ਼ ਦੀ ਕੁਲ 3.2 ਲੱਖ ਕਰੋੜ ਡਾਲਰ ਦੀ ਪੂੰਜੀ ਵਿੱਚੋਂ ਮੁਕੇਸ਼ ਅੰਬਾਨੀ ਕੋਲ 1.30 ਲੱਖ ਕਰੋੜ ਡਾਲਰ ਦਾ ਮਾਲਕ ਹੈ। 16 ਜਨਵਰੀ 2017 ਨੂੰ ਵੀ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਆਕਸਫੈਮ ਦੀ ਜਾਰੀ ਰਿਪੋਰਟ ਨੇ ਵੀ ਅਮੀਰੀ ਗਰੀਬੀ ਦੇ ਪਾੜੇ ਨੂੰ ਬਾਖੂਬੀ ਦਰਸਾਇਆ ਸੀ। ਰਿਪੋਰਟ ਅਨੁਸਾਰ ਦੁਨੀਆਂ ਦੀ ਅੱਧੀ ਦੌਲਤ ਸਿਰਫ 8 ਵਿਅਕਤੀਆਂ ਕੋਲ ਹੋਣ ਦਾ ਦਾਅਵਾ ਕੀਤਾ ਗਿਆ ਸੀ, ਜੋ ਆਪਣੇ ਆਪ ਵਿੱਚ ਹੀ ਅਸਾਧਾਰਨ ਹੈ। ਇਨਾਂ ਅਮੀਰਾਂ ਵਿੱਚ 6 ਅਮਰੀਕਨ, ਇੱਕ ਯੂਰਪੀਅਨ ਤੇ ਇੱਕ ਮੈਕਸੀਕੋ ਵਾਸੀ ਹੈ। ਸਭ ਤੋਂ ਵੱਧ ਅਮੀਰ ਅਮਰੀਕਾ ਅਤੇ ਯੂਰਪ ਵਿੱਚ ਹਨ ਅਤੇ ਗਰੀਬ ਅਫਰੀਕਾ ਤੇ ਏਸ਼ੀਆ ਵਿੱਚ ਹਨ।

ਸੰਨ 1991 ਤੋਂ ਬਾਅਦ ਬਣੀਆਂ ਨਵਉਦਾਰਵਾਦੀ ਨੀਤੀਆਂ ਦੇ ਨਾਲ ਸਿੱਖਿਆ ਨੀਤੀ ਨੇ ਵੀ ਹਾਸ਼ੀਆ ਗ੍ਰਸਤ ਲੋਕਾਂ ਦਾ ਬੇੜਾ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ, ਜਿਸਨੇ ਭਾਰਤ ਨੂੰ ਅਮੀਰ ਅਤੇ ਗਰੀਬ, ਦੋ ਹਿੱਸਿਆਂ ਵਿੱਚ ਵੰਡਿਆ ਹੈ। ਹਾਸ਼ੀਏ ਉੱਤੇ ਪੁੱਜੇ ਲੋਕ ਖਾਸ ਕਰਕੇ ਮਜ਼ਦੂਰ ਵਰਗ ਲਈ ਦੇਸ਼ ਅੰਦਰ ਆਰਥਿਕ, ਸਮਾਜਿਕ ਹਾਲਾਤ ਸੁਖਾਂਵੇ ਨਹੀਂ ਹਨ। ਉਨਾਂ ਦੀਆਂ ਰੋਜ਼ਾਨਾ ਲੋੜਾਂ ਦੀ ਪੂਰਤੀ ਤਕ ਮੁਸ਼ਕਿਲ ਹੋਈ ਪਈ ਹੈ। ਪੇਂਡੂ ਭਾਰਤ ਦੇ ਲੋਕਾਂ ਸਿਰ ਕਰਜ਼ੇ ਦੀ ਪੰਡ ਦਿਨੋ ਦਿਨ ਭਾਰੀ ਹੁੰਦੀ ਜਾ ਰਹੀ ਹੈ। ਆਮਦਨ ਦੇ ਸ੍ਰੋਤ ਨਾਮਾਤਰ ਹਨ ਜੋ ਇਸ ਖਿੱਤੇ ਦੇ ਲੋਕਾਂ ਦੀਆਂ ਖੁਦਕੁਸ਼ੀਆਂ ਦਾ ਮੁੱਖ ਕਾਰਨ ਹੈ। ਦੇਸ਼ ਅੰਦਰ ਇਹ ਬੜੀ ਗੰਭੀਰ ਸਥਿਤੀ ਹੈ। ਗਰੀਬੀ ਰੂਪੀ ਡਾਇਣ ਗਰੀਬ ਬੱਚਿਆਂ ਦੀ ਪੜਾਈ ਸ਼ਰੇਆਮ ਨਿਗਲ ਰਹੀ ਹੈ ਤੇ ਉਹ ਸੁਪਨੇ ਮਾਰ ਕੇ ਖੁਦਕੁਸ਼ੀਆਂ ਦੇ ਰਾਹ ਪੈ ਗਏ ਹਨ ਜਿਸਦੀਆਂ ਗਵਾਹ ਰੋਜ਼ ਨਸ਼ਰ ਹੁੰਦੀਆਂ ਖਬਰਾਂ ਹਨ।

ਇਸ ਆਰਥਿਕ ਪਾੜੇ ਨੇ ਲੋਕਾਈ ਨੂੰ ਆਰਥਿਕ, ਸਮਾਜਿਕ ਨਿਘਾਰ ਵੱਲ ਧੱਕਿਆ ਹੈ, ਗਰੀਬੀ, ਭੁੱਖਮਰੀ ਆਦਿ ਅਲਾਮਤਾਂ ਤਾਂ ਆਪਣੇ ਆਪ ਉਨਾਂ ਦੇ ਜੀਵਨ ਦਾ ਹਿੱਸਾ ਬਣ ਜਾਂਦੀਆਂ ਹਨ। ਇਨਾਂ ਤੋਂ ਤੰਗ ਆ ਕੇ ਲੋਕ ਹਰ ਤਰਾਂ ਦਾ ਕੰਮ ਕਰਨ ਲਈ ਮਜਬੂਰ ਹੋ ਜਾਂਦੇ ਹਨ, ਜੋ ਉਨਾਂ ਨੂੰ ਹੋਰਾਂ ਦੇ ਗੁਲਾਮ ਬਣਾਉਂਦਾ ਹੈ। ਗਲੋਬਲ ਸਲੇਵਰੀ ਇੰਡੈਕਸ ਦੇ ਅਨੁਸਾਰ ਵਿਸ਼ਵ ਵਿੱਚ 4 ਕਰੋੜ 50 ਲੱਖ ਗੁਲਾਮ ਹਨ। ਦੁਨੀਆਂ ਦੇ 167 ਦੇਸ਼ਾਂ ਵਿੱਚ ਭਾਰਤ ਨੂੰ ਸਭ ਤੋਂ ਵੱਧ ਗੁਲਾਮਾਂ ਵਾਲਾ ਦੇਸ਼ ਐਲਾਨਿਆ ਗਿਆ ਹੈ। ਭਾਰਤ ਵਿੱਚ 1.83 ਕਰੋੜ 50 ਹਜ਼ਾਰ ਲੋਕ ਗੁਲਾਮ ਹਨ। ਇਹ ਦੇਸ਼ ਦੀ ਕੁਲ ਅਬਾਦੀ ਦਾ 1.4 ਫੀਸਦੀ ਹੈ। ਦਾਸ ਪ੍ਰਥਾ ਨੂੰ ਖਤਮ ਕਰਨ ਲਈ ਐਕਟ 1976 ਹੋਂਦ ਵਿੱਚ ਆਇਆ। ਧਾਰਮਿਕਤਾ ਹੋਣ ਦੇ ਬਾਵਜੂਦ ਗਰੀਬ ਲੋਕ ਭੁੱਖ, ਗਰਮੀ ਸਰਦੀ, ਇਲਾਜ ਤੋਂ ਬਿਨਾਂ ਮਰਨ ਲਈ ਮਜਬੂਰ ਹਨ। ਇਨਾਂ ਦੀ ਸਾਰ ਲੈਣ ਵਾਲਾ ਕੋਈ ਨਜ਼ਰ ਨਹੀਂ ਆਉਂਦਾ। ਗਰੀਬੀ ਮਿਟਾਉਣ ਦੇ ਨਾਅਰੇ ਲਗਾਉਣ ਵਾਲੇ ਖੁਦ ਮਿਟ ਗਏ ਪਰ ਇਸ ਦੈਂਤ ਨੂੰ ਨਹੀਂ ਮਾਰ ਸਕੇ। ਦੇਸ ਅੰਦਰ ਇੱਕ ਪਾਸੇ ਲੋਕ ਜ਼ਿਆਦਾ ਖਾਣ ਕਰਕੇ ਮੋਟਾਪਾ ਅਤੇ ਇਸ ਤੋਂ ਪੈਦਾ ਹੁੰਦੀਆਂ ਬੀਮਾਰੀਆਂ ਤੋਂ ਪ੍ਰੇਸ਼ਾਨ ਹਨ। ਇਸਦੇ ਇਲਾਜ ਲਈ ਕਸਰਤ ਜਾਂ ਹੋਰ ਤਰੀਕੇ ਅਪਣਾਉਂਦੇ ਹਨ। ਦੂਜੇ ਪਾਸੇ ਗਰੀਬ ਲੋਕ ਹਨ, ਜਿਨਾਂ ਨੂੰ ਖਾਣ ਲਈ ਪੂਰਾ ਖਾਣਾ ਵੀ ਨਸੀਬ ਨਹੀਂ ਹੁੰਦਾ।

ਵਿਸ਼ਵ ਬੈਂਕ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਦੇ 32.7 ਫੀਸਦੀ ਭਾਰਤੀ ਲੋਕ ਅੰਤਰਰਾਸ਼ਟਰੀ ਗਰੀਬੀ ਰੇਖਾ ਤੋਂ ਹੇਠਾਂ ਹਨ, ਉਨਾਂ ਦਾ ਰੋਜ਼ਾਨਾ ਖਰਚ 1.25 ਡਾਲਰ ਹੈ ਅਤੇ 68.7 ਫੀਸਦੀ ਲੋਕਾਂ ਦਾ ਰੋਜ਼ਾਨਾ ਦਾ ਖਰਚ ਕੇਵਲ ਦੋ ਡਾਲਰ ਹੈ। ਦੁਨੀਆਂ ਦੇ ਇੱਕ ਚੌਥਾਈ ਗਰੀਬ ਲੋਕ ਭਾਰਤ ਵਿੱਚ ਹਨ। ਕੌਮੀ ਨਮੂਨਾ ਸਰਵੇਖਣ ਸੰਗਠਨ ਅਨੁਸਾਰ ਭਾਰਤ ਦੇ 35 ਕਰੋੜ ਲੋਕ ਗਰੀਬੀ ਰੇਖਾ ਤੋਂ ਹੇਠਾਂ ਹਨ। ਇਨਾਂ ਦੀ ਗਿਣਤੀ ਪਿੰਡਾਂ ਵਿੱਚ ਜ਼ਿਆਦਾ ਹੈ। ਪਿੰਡਾਂ ਵਿੱਚ 17 ਰੁਪਏ ਅਤੇ ਸ਼ਹਿਰਾਂ ਵਿੱਚ 23 ਰੁਪਏ ਵਿੱਚ ਦੈਨਿਕ ਜੀਵਨ ਦੀਆਂ ਲੋੜਾਂ ਪੂਰੀਆਂ ਕਰਦੇ ਹਨ। ਜੁਲਾਈ 2014 ਵਿੱਚ ਰੰਗਰਾਜਨ ਕਮੇਟੀ ਨੇ ਗਰੀਬੀ ਦੇ ਸਬੰਧ ਵਿੱਚ ਇੱਕ ਰਿਪੋਰਟ ਪੇਸ਼ ਕੀਤੀ ਸੀ ਜੋ ਕੌਮੀ ਨਮੂਨਾ ਸਰਵੇਖਣ ਸੰਗਠਨ ਦੁਆਰਾ ਕੀਤੇ ਅਧਿਐਨ ਉੱਤੇ ਅਧਾਰਿਤ ਸੀ। ਇਸ ਰਿਪੋਰਟ ਅਨੁਸਾਰ ਦੇਸ਼ ਅੰਦਰ ਦਸ ਲੋਕਾਂ ਵਿੱਚੋਂ ਤਿੰਨ ਗਰੀਬ ਹਨ। ਗਰੀਬੀ ਰੇਖਾ ਦਾ ਨਵਾਂ ਮਾਪਦੰਡ ਤੈਅ ਕਰਦਿਆਂ ਰਿਪੋਰਟ ਵਿੱਚ ਸ਼ਹਿਰੀ ਖੇਤਰ ਵਿੱਚ 47 ਰੁਪਏ ਤੇ ਪੇਂਡੂ ਖੇਤਰਾਂ ਵਿੱਚ 32 ਰੁਪਏ ਤੋਂ ਘੱਟ ਕਮਾਉਣ ਵਾਲੇ ਨੂੰ ਗਰੀਬੀ ਰੇਖਾ ਤੋਂ ਹੇਠਾਂ ਰੱਖਿਆ ਗਿਆ ਹੈ। ਇਹ ਰਿਪੋਰਟ ਸੰਨ 2013 ਦੀ ਤੇਂਦੁਲਕਰ ਕਮੇਟੀ ਦੀ ਰਿਪੋਰਟ ਦਾ ਸਿਰਫ ਰੀਵਿਊ ਸੀ।

ਭਾਰਤ ਦੀ 17.5 ਫੀਸਦੀ ਜਨਸੰਖਿਆ ਭਾਵ 21 ਕਰੋੜ ਲੋਕ ਭੁੱਖਮਰੀ ਦੇ ਸ਼ਿਕਾਰ ਹਨ। ਇੱਕ ਅੰਦਾਜ਼ੇ ਮੁਤਾਬਕ ਭਾਰਤ ਵਿੱਚ ਵਿਸ਼ਵ ਦੀ ਸਭ ਤੋਂ ਜ਼ਿਆਦਾ ਭੁੱਖਮਰੀ ਹੈ। ਵਿਸ਼ਵ ਬੈਂਕ ਅਨੁਸਾਰ ਦੁਨੀਆਂ ਦੇ 49 ਫੀਸਦੀ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਜਿਨਾਂ ਵਿੱਚੋਂ 34 ਫੀਸਦੀ ਬੱਚੇ ਭਾਰਤ ਵਿੱਚ ਹਨ। ਯੂਨੀਸੈੱਫ ਦੀ ਤਾਜ਼ਾ ਰਿਪੋਰਟ ਅਨੁਸਾਰ 42 ਫੀਸਦੀ ਬੱਚੇ ਭਾਰਤ ਵਿੱਚ ਕੁਪੋਸ਼ਣ ਦਾ ਸ਼ਿਕਾਰ ਹਨ ਜਿਨਾਂ ਦੀ ਉਮਰ ਪੰਜ ਸਾਲ ਤੋਂ ਘੱਟ ਹੈ। ਸੰਨ 2019 ਦੇ ਵਿਸ਼ਵ ਖੁਰਾਕ ਦਿਵਸ ਮੌਕੇ ਇੱਕ ਸੰਸਥਾ ਨੇ ਦੁਨੀਆਂ ਦੇ 117 ਦੇਸ਼ਾਂ ਦੀ ਭੁੱਖਮਰੀ ਸੂਚਕ ਅੰਕ ਦੀ ਸੂਚੀ ਜਾਰੀ ਕੀਤੀ ਜਿਸ ਵਿੱਚ ਭਾਰਤ ਆਪਣੇ ਗਵਾਂਢੀ ਮੁਲਕਾਂ ਬੰਗਲਾਦੇਸ਼ (88) ਅਤੇ ਪਾਕਿਸਤਾਨ (94) ਨਾਲੋਂ ਵੀ ਬਹੁਤ ਪਿੱਛੇ ਹੈ। ਜਿਸਦਾ ਭਾਵ ਹੈ ਕਿ ਇੱਥੇ ਭੁੱਖਮਰੀ ਨੇ ਬੁਰੀ ਤਰਾਂ ਕਹਿਰ ਮਚਾਇਆ ਹੋਇਆ ਹੈ। ਚੀਨ ਦੀ ਭਾਰਤ ਦੇ ਬਰਾਬਰ ਜਨਸੰਖਿਆ ਹੋਣ ਦੇ ਬਾਵਜੂਦ ਉੱਥੋਂ ਦਾ ਭੁੱਖਮਰੀ ਸੂਚਕ ਅੰਕ 25 ਹੈ। ਇਹ ਸੂਚੀ ਜਿੱਥੇ ਕੁਪੋਸ਼ਣ ਨੂੰ ਦਰਸਾਉਂਦੀ ਹੈ ਉੱਥੇ ਭੁੱਖਮਰੀ ਸਬੰਧੀ ਵੀ ਦੱਸਦੀ ਹੈ, ਜਿੱਥੇ ਸਾਡੇ ਮੁਲਕ ਨੂੰ 'ਗੰਭੀਰ ਸਥਿਤੀ' ਵਾਲੀ ਜਗਾ ਰੱਖਿਆ ਗਿਆ ਹੈ। ਇਹ ਭੁੱਖਮਰੀ ਸੂਚਕ ਅੰਕ ਇਹ ਵੀ ਦੱਸਦਾ ਹੈ ਕਿ ਸਾਡੇ ਮੁਲਕ ਅੰਦਰ ਕੁਪੋਸ਼ਣ ਕਾਰਨ ਪੰਜ ਸਾਲ ਤੱਕ ਦੇ ਬੱਚਿਆਂ, ਜਿਨਾਂ ਦਾ ਭਾਰ ਉਨਾਂ ਦੇ ਸਰੀਰਕ ਕੱਦ ਦੇ ਮੁਕਾਬਲੇ ਬੇਹੱਦ ਘੱਟ ਹੈ, ਉਨਾਂ ਦੀ ਸੰਖਿਆ ਕੁਲ ਬੱਚਿਆਂ ਦਾ 20.8 ਫੀਸਦੀ ਹੈ। ਸੰਨ 2017 ਦੀ ਇੱਕ ਰਿਪੋਰਟ ਅਨੁਸਾਰ ਭੁੱਖਮਰੀ ਸੂਚਕ ਅੰਕ ਵਿੱਚ 119 ਵਿੱਚੋਂ ਭਾਰਤ ਦਾ ਸਥਾਨ 100ਵਾਂ ਸੀ। ਇਸ ਵਿੱਚ ਚੀਨ 29, ਨੇਪਾਲ 72, ਮਿਆਂਮਾਰ 77, ਸ੍ਰੀਲੰਕਾ 84 ਅਤੇ ਬੰਗਲਾਦੇਸ਼ 88ਵੇਂ ਸਥਾਨ ਉੱਤੇ ਸਨ। ਸੰਨ 2016 ਵਿੱਚ ਭਾਰਤ 97ਵੇਂ ਸਥਾਨ ਉੱਤੇ ਸੀ ਜਦਕਿ ਚੰਦ ਵਰੇ ਪਹਿਲਾਂ ਹੀ ਭੁੱਖਮਰੀ ਸੂਚਕ ਅੰਕ ਵਿੱਚ ਭਾਰਤ 63ਵੇਂ ਸਥਾਨ ਉੱਤੇ ਸੀ ਅਤੇ ਸ੍ਰੀਲੰਕਾ, ਪਾਕਿਸਤਾਨ, ਬੰਗਲਾਦੇਸ, ਕ੍ਰਮਵਾਰ 43, 57, 58ਵੇਂ ਸਥਾਨ ਉੱਤੇ ਸਨ।

ਬਾਕੀ ਸਫ਼ਾ 31 'ਤੇ

# 'ਦਿੱਲੀ ਪੁਲਿਸ ਜ਼ਿੰਦਾਬਾਦ' ਦੰਗਾਕਾਰੀਆਂ ਦਾ ਮੁੱਖ ਨਾਅਰਾ ਬਣ ਗਿਆ

**- ਉਪੇਂਦਰ**

1984 ਤੋਂ ਬਾਅਦ ਦਿੱਲੀ ਇਕ ਵਾਰ ਫਿਰ ਦੰਗਿਆਂ ਦੇ ਦੌਰ 'ਚੋਂ ਗੁਜ਼ਰ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜੇਕਰ ਦਿੱਲੀ ਪੁਲਿਸ ਚਾਹੁੰਦੀ ਤਾਂ ਦੰਗੇ ਨਾ ਹੁੰਦੇ। ਪੁਲਿਸ ਨੇ ਸਮਾਂ ਰਹਿੰਦਿਆਂ ਕਾਰਵਾਈ ਨਹੀਂ ਕੀਤੀ ਅਤੇ ਨਾ ਸਿਰਫ ਕਈ ਮੌਕਿਆਂ 'ਤੇ ਮੂਕਦਰਸ਼ਕ ਬਣੀ ਰਹੀ, ਸਗੋਂ ਕੁਝ ਮੌਕਿਆਂ 'ਤੇ ਤਾਂ ਖੁਦ ਦੰਗੇ ਕਰਦੀ ਵੀ ਦਿਸੀ। ਦਿੱਲੀ ਪੁਲਿਸ ਦੀ ਭੂਮਿਕਾ ਦਾ ਜਿਥੋਂ ਤੱਕ ਸਵਾਲ ਹੈ ਤਾਂ ਉਹ 1984 ਦੀ ਭੂਮਿਕਾ ਵਿਚ ਦਿਖਾਈ ਦੇ ਰਹੀ ਸੀ। 1984 ਵਿਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਪੁਲਿਸ ਇਸੇ ਤਰਾਂ ਦੀ ਭੂਮਿਕਾ ਵਿਚ ਸੀ। ਉਸ ਸਮੇਂ ਸਿੱਖਾਂ ਨੂੰ ਮਾਰਿਆ ਜਾ ਰਿਹਾ ਸੀ। ਪੁਲਿਸ ਤਮਾਸ਼ਬੀਨ ਬਣੀ ਹੋਈ ਸੀ। ਮਰ ਰਹੇ ਲੋਕ ਪੁਲਿਸ ਨੂੰ ਮਦਦ ਦੀ ਗੁਹਾਰ ਲਗਾ ਰਹੇ ਸਨ। ਪਰ ਪੁਲਿਸ ਅਜਿਹਾ ਵਿਹਾਰ ਕਰ ਰਹੀ ਸੀ ਜਿਵੇਂ ਉਸ ਨੂੰ ਕੁਝ ਪਤਾ ਹੀ ਨਾ ਹੋਵੇ। ਦਿੱਲੀ ਵਿਚ ਵੀ ਪੁਲਿਸ ਨੇ ਆਪਣੇ ਲਈ ਲਗਪਗ ਉਸੇ ਤਰਾਂ ਦੀ ਭੂਮਿਕਾ ਤੈਅ ਕਰ ਰੱਖੀ ਸੀ। ਹਾਲਾਂ ਕਿ ਫ਼ਰਕ ਇਹ ਸੀ ਕਿ 1984 ਵਿਚ ਦੰਗਾਕਾਰੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ ਅਤੇ ਇਸ ਵਾਰ ਬਹੁਤ ਘੱਟ। ਇਸ ਦੇ ਕਾਰਨ ਉਹ 1984 ਨੂੰ ਦੁਹਰਾਅ ਨਹੀਂ ਸਕੇ। ਦੰਗਾਕਾਰੀਆਂ ਵਲੋਂ 1984 ਨੂੰ ਦੁਹਰਾਉਣ ਵਿਚ ਅਸਫਲ ਰਹਿਣ ਦਾ ਇਕ ਕਾਰਨ ਇਹ ਵੀ ਸੀ ਕਿ ਹਿੰਦੂਆਂ ਨੇ ਮੁਸਲਮਾਨਾਂ ਨੂੰ ਜਿਵੇਂ ਕਿਵੇਂ ਬਚਾਇਆ ਅਤੇ ਆਪਣੇ ਘਰਾਂ ਵਿਚ ਸ਼ਰਨ ਵੀ ਦਿੱਤੀ। ਮੁਸਲਮਾਨ ਬਹੁਗਿਣਤੀ ਇਲਾਕਿਆਂ ਵਿਚ ਮੁਸਲਮਾਨਾਂ ਨੇ ਵੀ ਆਪਣੇ ਹਿੰਦੂ ਗੁਆਂਢੀਆਂ ਨੂੰ ਸੁਰੱਖਿਆ ਮੁਹੱਈਆ ਕਰਵਾਈ। ਇਸ ਸਭ ਦੇ ਕਾਰਨ ਦਿੱਲੀ ਨੇ ਪੂਰੀ ਤਰਾਂ 1984 ਜਿਹਾ ਦ੍ਰਿਸ਼ ਦੁਬਾਰਾ ਨਹੀਂ ਦੇਖਿਆ। ਪਰ ਜੋ ਹੋਇਆ ਉਹ ਵੀ ਘੱਟ ਨਹੀਂ ਸੀ। ਇਸ ਦੰਗੇ ਦੀ ਸ਼ੁਰੂਆਤ ਵਿਚ ਇਕ ਪੁਲਿਸ ਜਵਾਨ ਦੀ ਮੌਤ ਹੋਈ ਅਤੇ ਇਕ ਡੀ.ਸੀ.ਪੀ. ਪੱਧਰ ਦਾ ਅਧਿਕਾਰੀ ਮਰਦੇ-ਮਰਦੇ ਬਚਿਆ। ਉਹ ਅਜੇ ਵੀ ਹਸਪਤਾਲ ਵਿਚ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜੋ ਡੀ.ਸੀ.ਪੀ. ਅਜੇ ਹਸਪਤਾਲ ਵਿਚ ਹੈ, ਸਭ ਤੋਂ ਵੱਡੀ ਗ਼ਲਤੀ ਉਸੇ ਨੇ ਕੀਤੀ ਸੀ। ਦੰਗਿਆਂ ਲਈ ਜੇਕਰ ਪੁਲਿਸ ਦਾ ਕੋਈ ਅਧਿਕਾਰੀ ਨਿੱਜੀ ਤੌਰ 'ਤੇ ਸਭ ਤੋਂ ਜ਼ਿਆਦਾ ਜ਼ਿੰਮੇਵਾਰ ਹੈ ਤਾਂ ਉਹ ਉਹੀ ਹੈ। ਕਿਉਂਕਿ ਉਸ ਦੇ ਸਾਹਮਣੇ ਖੜੇ ਹੋ ਕੇ ਹੀ ਭਾਜਪਾ ਦਾ ਹਾਰਿਆ ਹੋਇਆ ਵਿਧਾਨ ਸਭਾ ਉਮੀਦਵਾਰ ਹਿੰਸਾ ਦੀ ਧਮਕੀ ਦੇ ਰਿਹਾ ਸੀ। ਜ਼ਿਕਰਯੋਗ ਹੈ ਕਿ ਹਿੰਸਾ ਉਸ ਧਮਕੀ ਤੋਂ ਬਾਅਦ ਹੀ ਹੋਈ। ਜੇਕਰ ਧਮਕੀ ਦੇਣ ਸਮੇਂ ਹੀ ਕਪਿਲ ਮਿਸ਼ਰਾ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਤਾਂ ਦੰਗੇ ਹੁੰਦੇ ਹੀ ਨਾ। ਮਿਸ਼ਰਾ ਨੇ ਉਹ ਧਮਕੀ ਸੈਂਕੜੇ ਦੰਗਾਕਾਰੀਆਂ ਦੀ ਹਾਜ਼ਰੀ ਵਿਚ ਪੁਲਿਸ ਨੂੰ ਦਿੱਤੀ ਸੀ ਅਤੇ ਕਿਹਾ ਸੀ ਕਿ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧੀਆਂ ਨੂੰ ਉਹ ਛੇਤੀ ਹਟਾਏ। ਜੇਕਰ ਅਜਿਹਾ ਨਾ ਹੋਇਆ ਤਾਂ ਫਿਰ ਉਹੀ ਹਟਾਏਗਾ। ਧਮਕੀ ਦੀ ਇਕ ਸਮਾਂ-ਸੀਮਾ ਵੀ ਉਸ ਨੇ ਬੰਨ ਦਿੱਤੀ ਸੀ ਅਤੇ ਕਿਹਾ ਸੀ ਕਿ ਟਰੰਪ ਦੇ ਜਾਣ ਤੱਕ ਪੁਲਿਸ ਆਪਣਾ ਕੰਮ ਪੂਰਾ ਕਰੇ, ਨਹੀਂ ਤਾਂ ਉਹ ਕਰੇਗਾ। ਦਿੱਲੀ ਦੇ ਉੱਤਰ-ਪੂਰਬੀ ਜ਼ਿਲੇ ਦੇ ਪੁਲਿਸ ਕਪਤਾਨ ਦੇ ਸਾਹਮਣੇ ਉਹ ਧਮਕੀ ਦਿੱਤੀ ਗਈ ਅਤੇ ਫਿਰ ਵੀ ਉਹ ਚੁੱਪਚਾਪ ਸੁਣਦਾ ਰਿਹਾ। ਉਸ ਨੇ ਨਾ ਤਾਂ ਉਸ ਸਮੇਂ ਮਿਸ਼ਰਾ ਨੂੰ ਗ੍ਰਿਫ਼ਤਾਰ ਕੀਤਾ ਅਤੇ ਨਾ ਹੀ ਬਾਅਦ ਵਿਚ। ਉਸ ਦਾ ਨਤੀਜਾ ਇਹ ਹੋਇਆ ਕਿ ਹਿੰਸਾ ਫੈਲ ਗਈ, ਦੰਗੇ ਵਧਦੇ ਗਏ ਅਤੇ ਉਸ ਦੀ ਲਪੇਟ ਵਿਚ ਖ਼ੁਦ ਉਹ ਡੀ.ਸੀ.ਪੀ. ਵੀ ਆ ਗਿਆ। ਜੇਕਰ ਕਪਿਲ ਮਿਸ਼ਰਾ ਦੀ ਗ੍ਰਿਫ਼ਤਾਰੀ ਹੋ ਜਾਂਦੀ ਤਾਂ ਇਕ ਸੰਦੇਸ਼ ਜਾਂਦਾ ਕਿ ਪੁਲਿਸ ਉਨਾਂ ਸਾਰੇ ਲੋਕਾਂ ਦੇ ਖਿਲਾਫ਼ ਹੈ, ਜੋ ਹਿੰਸਾ ਕਰਨ ਦਾ ਇਰਾਦਾ ਰੱਖਦੇ ਹਨ। ਉਸ ਨੂੰ ਨਾ ਫੜਨ ਕਾਰਨ ਦੰਗਾਕਾਰੀਆਂ ਵਿਚ ਸੰਦੇਸ਼ ਗਿਆ ਕਿ ਪੁਲਿਸ ਉਨਾਂ ਦੇ ਨਾਲ ਹੈ। ਦੰਗਾਕਾਰੀ ਨਾਅਰੇ ਲਾਉਂਦੇ ਸਨ, 'ਯਹ ਅੰਦਰ ਕੀ ਬਾਤ ਹੈ, ਪੁਲਿਸ ਹਮਾਰੇ ਸਾਥ ਹੈ'। ਕਪਿਲ ਮਿਸ਼ਰਾ ਦੇ ਗ੍ਰਿਫ਼ਤਾਰ ਨਾ ਹੋਣ ਨਾਲ ਉਨਾਂ ਨੂੰ ਇਹ ਲੱਗਣ ਲੱਗਾ ਸੀ ਕਿ ਇਹ ਸਿਰਫ ਅੰਦਰ ਦੀ ਗੱਲ ਹੀ ਨਹੀਂ ਹੈ, ਸਗੋਂ ਸਪੱਸ਼ਟ ਤੱਥ ਹੈ ਕਿ ਪੁਲਿਸ ਉਨਾਂ ਦੇ ਨਾਲ ਹੀ ਹੈ। ਇਸ ਦੇ ਕਾਰਨ ਦੰਗਾਕਾਰੀਆਂ ਦੇ ਹੌਸਲੇ ਤਾਂ ਵਧੇ ਹੀ, ਸਗੋਂ ਉਨਾਂ ਦੀ ਗਿਣਤੀ ਵੀ ਵਧੀ ਅਤੇ ਉਹ ਆਪਣੇ ਘਿਨਾਉਣੇ ਕਾਰਨਾਮਿਆਂ ਨੂੰ ਅੰਜਾਮ ਦੇਣ ਵਿਚ ਜੁਟ ਗਏ। 'ਦਿੱਲੀ ਪੁਲਿਸ ਜ਼ਿੰਦਾਬਾਦ' ਦੰਗਾਕਾਰੀਆਂ ਦਾ ਮੁੱਖ ਨਾਅਰਾ ਬਣ ਗਿਆ ਸੀ। ਜਿਥੇ ਕਿਤੇ ਵੀ ਉਨਾਂ ਨੂੰ ਪੁਲਿਸ ਦਿਖਾਈ ਦਿੰਦੀ, ਉਹ ਦਿੱਲੀ ਪੁਲਿਸ ਦਾ ਨਾਅਰਾ ਲਾਉਣ ਲਗਦੇ। ਜਿਥੇ ਪੁਲਿਸ ਨਹੀਂ ਵੀ ਹੁੰਦੀ, ਉਥੇ ਵੀ ਉਹ ਅਜਿਹੇ ਨਾਅਰੇ ਲਾਉਂਦੇ ਤਾਂ ਕਿ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਆਪਣੇ ਗਰੋਹ ਵਿਚ ਸ਼ਾਮਿਲ ਕਰ ਸਕਣ। ਇਸ ਤਰਾਂ ਦੇ ਨਾਅਰੇ ਲਾ ਕੇ ਉਹ ਲੋਕਾਂ ਨੂੰ ਆਪਣੇ ਗਰੋਹ ਵਿਚ ਸ਼ਾਮਿਲ ਕਰਨ ਦਾ ਸੱਦਾ ਦਿੰਦੇ ਸਨ ਤਾਂ ਕਿ ਲੋਕ ਸਮਝਣ ਕਿ ਦੰਗਾ ਕਰਨ 'ਤੇ ਦਿੱਲੀ ਪੁਲਿਸ ਵਲੋਂ ਉਨਾਂ ਨੂੰ ਕੋਈ ਖ਼ਤਰਾ ਨਹੀਂ ਹੈ। ਉਹ ਗ਼ਲਤ ਵੀ ਨਹੀਂ ਸਨ। ਸ਼ੁਰੂਆਤੀ ਦਿਨਾਂ ਵਿਚ ਪੁਲਿਸ ਨੇ ਜਾਂ ਤਾਂ ਤਮਾਸ਼ਬੀਨ ਦੀ ਭੂਮਿਕਾ ਨਿਭਾਈ ਜਾਂ ਉਨਾਂ ਵਿਚੋਂ ਕੁਝ ਦੰਗਾਕਾਰੀਆਂ ਦੇ ਨਾਲ ਖੜੇ ਦਿਖਾਈ ਦਿੱਤੇ। ਇਸ ਦੇ ਕਈ ਵੀਡੀਓ ਸਾਹਮਣੇ ਆ ਚੁੱਕੇ ਹਨ। ਖ਼ੁਦ ਸਰਬਉੱਚ ਅਦਾਲਤ ਨੇ ਸਵਾਲ ਖੜੇ ਕਰਦਿਆਂ ਕਿਹਾ ਹੈ ਕਿ ਦਿੱਲੀ ਪੁਲਿਸ ਦੰਗਿਆਂ ਦੌਰਾਨ ਪੇਸ਼ੇਵਰ ਨਹੀਂ ਸੀ। ਉੱਚ ਅਦਾਲਤ ਵਿਚ ਤਾਂ ਇਕ ਪੁਲਿਸ ਅਧਿਕਾਰੀ ਇਥੋਂ ਤੱਕ ਕਹਿੰਦਾ ਹੈ ਕਿ ਵਿਭਾਗ ਨੂੰ ਕਪਿਲ ਮਿਸ਼ਰਾ ਦੀ ਧਮਕੀ ਦੇ ਵੀਡੀਓ ਬਾਰੇ ਕੋਈ ਜਾਣਕਾਰੀ ਨਹੀਂ ਹੈ। ਫਿਰ ਅਦਾਲਤ ਹੀ ਪੁਲਿਸ ਨੂੰ ਵੀਡੀਓ ਦਿਖਾਉਂਦੀ ਹੈ ਅਤੇ ਪੁੱਛਦੀ ਹੈ ਕਿ ਉਹ ਪੁਲਿਸ ਅਧਿਕਾਰੀ ਕੌਣ ਹੈ, ਜਿਸ ਨੂੰ ਸੰਬੋਧਨ ਕਰਦਿਆਂ ਮਿਸ਼ਰਾ ਧਮਕੀ ਦੇ ਰਿਹਾ ਹੈ? ਹਾਲਾਂ ਕਿ ਪੁਲਿਸ ਵਲੋਂ ਪੇਸ਼ ਹੋਣ ਵਾਲੇ ਵਕੀਲ ਅਤੇ ਪੁਲਿਸ ਅਧਿਕਾਰੀ ਇਹ ਨਹੀਂ ਦੱਸਦੇ ਕਿ ਉਹ ਪੁਲਿਸ ਵਾਲਾ ਕੋਈ ਹੋਰ ਨਹੀਂ ਸਗੋਂ ਹਿੰਸਾ ਪ੍ਰਭਾਵਿਤ ਉੱਤਰ-ਪੂਰਬੀ ਦਿੱਲੀ ਜ਼ਿਲੇ ਦਾ ਪੁਲਿਸ ਕਪਤਾਨ ਹੀ ਸੀ। ਸੱਚ ਤਾਂ ਇਹ ਹੈ ਕਿ ਕਪਿਲ ਮਿਸ਼ਰਾ ਦੀ ਉਸ ਧਮਕੀ ਤੋਂ ਪਹਿਲਾਂ ਤੋਂ ਹੀ ਦਿੱਲੀ ਪੁਲਿਸ ਆਪਣੇ ਫ਼ਰਜ਼ ਦਾ ਪਾਲਣ ਨਹੀਂ ਕਰ ਰਹੀ ਸੀ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਵਿਦਿਆਰਥੀਆਂ 'ਤੇ ਹਮਲਾ ਕਰਨ ਵਾਲੇ ਨਕਾਬਪੋਸ਼ਾਂ ਦੇ ਚਿਹਰਿਆਂ ਤੋਂ ਨਕਾਬ ਉਤਰ ਚੁੱਕੇ ਹਨ ਪਰ ਅਜੇ ਤੱਕ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਜਾਮੀਆ ਮਿਲੀਆ ਵਿਚ ਪੁਲਿਸ ਵਾਲਿਆਂ ਦੇ ਸਾਹਮਣੇ ਇਕ ਨੌਜਵਾਨ ਨੇ ਲੋਕਾਂ 'ਤੇ ਗੋਲੀ ਚਲਾਈ। ਪੁਲਿਸ ਕੋਲ ਉਸ ਨੂੰ ਰੋਕਣ ਲਈ ਲੋੜੀਂਦਾ ਸਮਾਂ ਸੀ ਪਰ ਉਸ ਨੂੰ ਨਹੀਂ ਰੋਕਿਆ ਗਿਆ। ਕਪਿਲ ਮਿਸ਼ਰਾ ਦੇ ਮਾਮਲੇ ਵਿਚ ਵੀ ਪੁਲਿਸ ਨੇ ਉਹੀ ਕੀਤਾ ਅਤੇ ਇਸ ਦੇ ਸਿੱਟੇ ਵਜੋਂ ਦਿੱਲੀ ਵਿਚ ਵੱਡੀ ਪੱਧਰ 'ਤੇ ਸਾੜਫੂਕ ਹੋਈ।

# ਸੌਖਾ ਨਹੀਂ ਅਫ਼ਗਾਨਿਸਤਾਨ ਦਾ ਰਾਹ



-ਵਿਵੇਕ ਕਾਟਜੂ

ਲਗਪਗ ਡੇਢ ਸਾਲ ਦੀ ਕਸ਼ਮਕਸ਼ ਅਤੇ ਕਈ ਗੇੜਾਂ ਦੀ ਵਾਰਤਾ ਤੋਂ ਬਾਅਦ ਆਖ਼ਰਕਾਰ ਅਮਰੀਕਾ ਅਤੇ ਤਾਲਿਬਾਨ ਵਿਚਾਲੇ ਸਮਝੌਤੇ ਹੋ ਹੀ ਗਏ। ਬੀਤੇ ਸ਼ਨਿੱਚਰਵਾਰ ਨੂੰ ਕਤਰ ਦੀ ਰਾਜਧਾਨੀ ਦੋਹਾ ਵਿਚ ਹੋਏ ਸਮਝੌਤੇ 'ਤੇ ਅਮਰੀਕਾ ਵੱਲੋਂ ਜਾਲਮੇਈ ਖਲੀਲਜਾਦ ਨੇ ਹਸਤਾਖਰ ਕੀਤੇ। ਓਥੇ ਹੀ ਤਾਲਿਬਾਨ ਵੱਲੋਂ ਇਹ ਕੰਮ ਉਸ ਦੇ ਸਿਆਸੀ ਦਫ਼ਤਰ ਦੇ ਮੁਖੀ ਮੁੱਲਾ ਅਬਦੁਲ ਗਨੀ ਬਰਾਦਰ ਨੇ ਕੀਤਾ। ਖਲੀਲਜਾਦ ਖ਼ੁਦ ਅਫ਼ਗਾਨੀ ਮੂਲ ਦੇ ਅਮਰੀਕੀ ਨਾਗਰਿਕ ਹਨ। ਉਹ ਅਫ਼ਗਾਨਿਸਤਾਨ ਵਿਚ ਰਾਜਦੂਤ ਰਹਿ ਚੁੱਕੇ ਹਨ। ਹਾਲਾਂਕਿ ਇਸ ਬਹੁ-ਪ੍ਰਚਾਰਿਤ ਸਮਝੌਤੇ ਨਾਲ ਅਫ਼ਗਾਨਿਸਤਾਨ ਵਿਚ ਸ਼ਾਂਤੀ ਅਤੇ ਸਥਿਰਤਾ ਦਾ ਰਾਹ ਕੁਝ ਖੁੱਲ੍ਹਦਾ ਨਜ਼ਰ ਆ ਰਿਹਾ ਹੈ ਪਰ ਅਸਲ ਵਿਚ ਇਹ ਅਮਰੀਕੀ ਫ਼ੌਜਾਂ ਨੂੰ ਸਵਦੇਸ਼ ਬੁਲਾਉਣ ਦਾ ਇਕ ਜ਼ਰੀਆ ਹੀ ਜ਼ਿਆਦਾ ਹੈ। ਤਾਲਿਬਾਨ ਨੇ ਸਿਰਫ਼ ਇੰਨੀ ਵਚਨਬੱਧਤਾ ਦਿਖਾਈ ਹੈ ਕਿ ਉਹ ਆਪਣੇ ਕਬਜ਼ੇ ਵਾਲੇ ਇਲਾਕੇ 'ਚ ਕਿਸੇ ਵੀ ਅਜਿਹੇ ਕੌਮਾਂਤਰੀ ਅੱਤਵਾਦੀ ਧੜੇ ਨੂੰ ਵੜਨ ਨਹੀਂ ਦੇਣਗੇ ਜਿਸ ਕਾਰਨ ਅਮਰੀਕਾ ਅਤੇ ਉਸ ਦੇ ਸਾਥੀ ਮੁਲਕਾਂ ਲਈ ਕੋਈ ਖ਼ਤਰਾ ਖੜ੍ਹਾ ਹੋਵੇ। ਇਸ ਸਮਝੌਤੇ ਦੇ ਮੂਲ ਵਿਚ ਦੋ ਮਕਸਦ ਹਨ। ਜਿੱਥੇ ਤਾਲਿਬਾਨ ਦੀ ਮੁੱਖ ਮੰਗ ਇਹ ਸੀ ਕਿ ਅਫ਼ਗਾਨਿਸਤਾਨ ਤੋਂ ਸਾਰੀਆਂ ਕੌਮਾਂਤਰੀ ਫ਼ੌਜਾਂ ਬਾਹਰ ਚਲੀਆਂ ਜਾਣ, ਓਥੇ ਹੀ ਅਮਰੀਕਾ ਇਹ ਮੰਗ ਕਰਦਾ ਰਿਹਾ ਹੈ ਕਿ ਅਫ਼ਗਾਨਿਸਤਾਨ ਤੋਂ ਉਸ ਨੂੰ ਕੋਈ ਖ਼ਤਰਾ ਨਾ ਰਹੇ। ਜੇ ਇਹ ਦੋ ਮਕਸਦ ਪੂਰੇ ਹੋਏ ਤਾਂ ਹੀ ਇਹ ਕਰਾਰ ਸਫਲ ਮੰਨਿਆ ਜਾਵੇਗਾ। ਸਮਝੌਤੇ ਵਿਚ ਤਾਲਿਬਾਨ ਇਸ 'ਤੇ ਵੀ ਸਹਿਮਤ ਹੋਇਆ ਹੈ ਕਿ ਅਫ਼ਗਾਨਿਸਤਾਨ ਦੇ ਰਾਜਨੀਤਕ ਭਵਿੱਖ ਲਈ ਉਹ ਸਾਰੀਆਂ ਅਫ਼ਗਾਨੀ ਧਿਰਾਂ ਨਾਲ ਗੱਲਬਾਤ ਲਈ ਤਿਆਰ ਹੈ। ਇਹ ਗੱਲਬਾਤ 10 ਮਾਰਚ ਤੋਂ ਸ਼ੁਰੂ ਹੋਵੇਗੀ। ਇਸ ਵਿਚ ਕੁਝ ਖਾਕਾ ਖਿੱਚਣ ਤੋਂ ਬਾਅਦ ਹੀ ਉਹ ਪੂਰਨ ਜੰਗਬੰਦੀ 'ਤੇ ਮੋਹਰ ਲਗਾਵੇਗਾ। ਇਸ ਵਾਰਤਾ ਵਾਸਤੇ ਅਮਰੀਕਾ ਨੇ ਮਾਹੌਲ ਬਣਾਉਣਾ ਵੀ ਸ਼ੁਰੂ ਕਰ ਦਿੱਤਾ ਹੈ। ਇਸੇ ਕੜੀ ਵਿਚ ਉਸ ਨੇ ਭਰੋਸਾ ਦਿੱਤਾ ਹੈ ਕਿ ਉਸ ਦੀ ਕੋਸ਼ਿਸ਼ ਹੋਵੇਗੀ ਕਿ ਵਾਰਤਾ ਤੋਂ ਪਹਿਲਾਂ ਅਫ਼ਗਾਨ ਸਰਕਾਰ ਦੀ ਕੈਦ ਵਿਚੋਂ ਪੰਜ ਹਜ਼ਾਰ ਤਾਲਿਬਾਨੀ ਅਤੇ ਤਾਲਿਬਾਨ ਦੀ ਕੈਦ ਵਿਚ ਇਕ ਹਜ਼ਾਰ ਅਫ਼ਗਾਨੀ ਫ਼ੌਜੀਆਂ ਦੀ ਰਿਹਾਈ ਹੋ ਸਕੇ। ਜਿਸ ਦਿਨ ਇਹ ਸਮਝੌਤਾ ਹੋਇਆ, ਉਸੇ ਦਿਨ ਕਾਬੁਲ ਵਿਚ ਅਫ਼ਗਾਨ ਸਰਕਾਰ ਅਤੇ ਅਮਰੀਕਾ ਵਿਚਾਲੇ ਇਕ ਸਾਂਝਾ ਬਿਆਨ ਜਾਰੀ ਹੋਇਆ। ਇਸ ਵਿਚ ਅਮਰੀਕਾ ਸਰਕਾਰ ਨੇ ਸਪਸ਼ਟ ਕੀਤਾ ਕਿ ਉਹ ਅਫ਼ਗਾਨ ਸਰਕਾਰ ਨੂੰ ਭਵਿੱਖ ਵਿਚ ਹਰ ਸੰਭਵ ਸਹਾਇਤਾ ਦੇਣੀ ਜਾਰੀ ਰੱਖੇਗੀ। ਇਸ ਵਿਚ ਫ਼ੌਜੀ ਮਦਦ ਵੀ ਸ਼ਾਮਲ ਹੋਵੇਗੀ। ਇਸ ਤੋਂ ਵੀ ਮਹੱਤਵਪੂਰਨ ਅਮਰੀਕਾ ਦਾ ਅਜਿਹਾ ਇਰਾਦਾ ਹੈ ਕਿ ਉਹ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿਚਾਲੇ ਗੱਲਬਾਤ ਵਿਚ ਵੀ ਮਦਦ ਕਰੇਗਾ ਤਾਂ ਜੋ ਦੋਵਾਂ ਦੇਸ਼ਾਂ ਦੀ ਸਰ-ਜ਼ਮੀਨ ਤੋਂ ਇਕ-ਦੂਜੇ ਲਈ ਕੋਈ ਖ਼ਤਰਾ ਉਤਪੰਨ ਨਾ ਹੋਵੇ। ਇਕ ਲਿਹਾਜ਼ ਨਾਲ ਇਹ ਬਿਆਨ ਅਫ਼ਗਾਨ ਸਰਕਾਰ ਦਾ ਵੱਕਾਰ ਕਾਇਮ ਰੱਖਣ ਲਈ ਦਿੱਤਾ ਗਿਆ ਪ੍ਰਤੀਤ ਹੁੰਦਾ ਹੈ। ਅਜਿਹਾ ਇਸ ਲਈ ਕਿਉਂਕਿ ਅਮਰੀਕਾ ਦੁਆਰਾ



ਤਾਲਿਬਾਨ ਨਾਲ ਸਮਝੌਤਾ ਕਰਨ ਸਦਕਾ ਤਾਲਿਬਾਨ ਦੀ ਕੌਮਾਂਤਰੀ ਸਵੀਕਾਰਤਾ ਵਧੀ ਹੈ। ਹੁਣ ਇਸ ਸਮਝੌਤੇ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਮੋਹਰ ਲਗਵਾਉਣ ਦੀ ਕੋਸ਼ਿਸ਼ ਹੋਵੇਗੀ। ਭਾਵੇਂ ਹੀ ਇਹ ਸਮਝੌਤਾ ਹੋ ਗਿਆ ਹੋਵੇ ਪਰ ਇਸ ਦੇ ਰਾਹ ਵਿਚ ਬੜੀਆਂ ਮੁਸ਼ਕਲਾਂ ਅਜੇ ਵੀ ਬਰਕਰਾਰ ਹਨ। ਮਿਸਾਲ ਦੇ ਤੌਰ 'ਤੇ ਸਮਝੌਤੇ ਦੀ ਸਿਆਹੀ ਅਜੇ ਸੁੱਕੀ ਵੀ ਨਹੀਂ ਕਿ ਅਫ਼ਗਾਨ ਸਰਕਾਰ ਨੇ ਕਿਹਾ ਹੈ ਕਿ ਉਸ ਨੇ ਤਾਲਿਬਾਨ ਬੰਦੀਆਂ ਨੂੰ ਛੱਡਣ ਦਾ ਕੋਈ ਭਰੋਸਾ ਨਹੀਂ ਦਿੱਤਾ। ਇਸ ਸੂਰਤ ਵਿਚ ਕੀ 10 ਮਾਰਚ ਤੋਂ ਬਕਾਇਦਾ ਗੱਲਬਾਤ ਸ਼ੁਰੂ ਹੋ ਸਕੇਗੀ? ਇਸ ਵਿਚ ਇਕ ਸਿਆਸੀ ਪੇਚ ਵੀ ਹੈ ਅਤੇ ਉਹ ਇਹ ਕਿ ਹਾਲ ਹੀ ਵਿਚ ਅਫ਼ਗਾਨ ਚੋਣ ਕਮਿਸ਼ਨ ਨੇ ਅਸ਼ਰਫ ਗਨੀ ਨੂੰ ਦੁਬਾਰਾ ਚੁਣਿਆ ਹੋਇਆ ਰਾਸ਼ਟਰਪਤੀ ਐਲਾਨਿਆ ਹੈ ਪਰ ਉਨ੍ਹਾਂ ਦੇ ਮੁੱਖ ਵਿਰੋਧੀ ਅਬਦੁੱਲਾ ਅਬਦੁੱਲਾ ਨੇ ਹਾਰ ਸਵੀਕਾਰ ਨਹੀਂ ਕੀਤੀ। ਉਨ੍ਹਾਂ ਨੇ ਤਾਂ ਸਮਾਨਾਂਤਰ ਸਰਕਾਰ ਗਠਿਤ ਕਰਨ ਤਕ ਦੀ ਗੱਲ ਕਹੀ ਹੈ। ਇਸ ਹਾਲਾਤ ਵਿਚ ਤਾਲਿਬਾਨ ਨਾਲ ਵਾਰਤਾ ਲਈ ਸਾਰੀਆਂ ਧਿਰਾਂ ਨੂੰ ਇਕਜੁੱਟ ਕਰਨ ਵਿਚ ਮੁਸ਼ਕਲ ਹੋਵੇਗੀ। ਗਨੀ ਚਾਹੁੰਦੇ ਹਨ ਕਿ ਉਹ ਗ਼ੈਰ-ਤਾਲਿਬਾਨ ਧਿਰ ਦੀ ਅਗਵਾਈ ਕਰਨ ਪਰ ਕੀ ਹੋਰ ਸਮੂਹ ਉਨ੍ਹਾਂ ਦੀ ਅਗਵਾਈ ਨੂੰ ਸਵੀਕਾਰ ਕਰਨਗੇ। ਤਾਲਿਬਾਨ ਦੇ ਨਾਲ ਵੀ ਇਹੀ ਖ਼ਦਸ਼ਾ ਜੁੜਿਆ ਹੋਇਆ ਹੈ ਕਿ ਉਹ ਹਿੰਸਾ ਘੱਟ ਤਾਂ ਕਰ ਦੇਵੇਗਾ ਪਰ ਕੋਈ ਗਾਰੰਟੀ ਨਹੀਂ ਕਿ ਉਹ ਉਸ ਨੂੰ ਪੂਰੀ ਤਰ੍ਹਾਂ ਬੰਦ ਕਰੇਗਾ।

ਦੋਹਾ ਵਿਚ ਇਸ ਸਮਝੌਤੇ 'ਤੇ ਹਸਤਾਖਰ ਦੇ ਮੌਕੇ ਕਤਰ ਵਿਚ ਭਾਰਤੀ ਰਾਜਦੂਤ ਵੀ ਹਾਜ਼ਰ ਸਨ। ਉਸੇ ਦਿਨ ਵਿਦੇਸ਼ ਸਕੱਤਰ ਕਾਬੁਲ ਵਿਚ ਸਨ ਜਿੱਥੇ ਉਨ੍ਹਾਂ ਨੇ ਰਾਸ਼ਟਰਪਤੀ ਗਨੀ, ਡਾ. ਅਬਦੁੱਲਾ ਅਬਦੁੱਲਾ ਅਤੇ ਹੋਰ ਅਫ਼ਗਾਨ ਨੇਤਾਵਾਂ ਨਾਲ ਗੱਲਬਾਤ ਕੀਤੀ। ਇਸ ਦੌਰਾਨ ਵਿਦੇਸ਼ ਸਕੱਤਰ ਨੇ ਭਰੋਸਾ ਦਿੱਤਾ ਕਿ ਭਾਰਤ ਆਪਣੀਆਂ ਰਵਾਇਤੀ ਨੀਤੀਆਂ ਨੂੰ ਅੱਗੇ ਵਧਾਵੇਗਾ ਅਰਥਾਤ ਉਹ ਅਫ਼ਗਾਨਿਸਤਾਨ ਨੂੰ ਸਹਾਇਤਾ ਦਿੰਦਾ ਰਹੇਗਾ ਅਤੇ ਉਸ ਦੇ ਅੰਦਰੂਨੀ ਮਾਮਲਿਆਂ ਵਿਚ ਵੀ ਦਖ਼ਲਅੰਦਾਜ਼ੀ ਨਹੀਂ ਕਰੇਗਾ। ਜਿੱਥੇ ਤਕ ਸਮਝੌਤੇ ਦਾ ਸਵਾਲ ਹੈ ਤਾਂ ਭਾਰਤ ਸਰਕਾਰ ਨੇ ਇਸ ਪਹਿਲ 'ਤੇ ਜ਼ਰੂਰ ਗ਼ੌਰ ਕੀਤਾ ਕਿ ਅਫ਼ਗਾਨਿਸਤਾਨ ਦੀ ਹਰੇਕ ਰਾਜਨੀਤਕ ਧਿਰ ਇਸ ਕਰਾਰ ਦੇ ਪੱਖ ਵਿਚ ਹੋਵੇ। ਹੁਣ ਸਵਾਲ ਇਹ ਹੈ ਕਿ ਕੀ ਭਾਰਤ ਤਾਲਿਬਾਨ ਨਾਲ ਗੱਲਬਾਤ ਕਰੇਗਾ? ਇਕ ਸਵਾਲ ਇਹ ਵੀ ਉੱਠ ਰਿਹਾ ਹੈ ਕਿ ਕੀ ਭਾਰਤ ਨੂੰ ਤਾਲਿਬਾਨ ਨਾਲ ਪਹਿਲਾਂ ਹੀ ਆਪਣੇ ਸਬੰਧ ਸਥਾਪਤ ਕਰ ਲੈਣੇ ਚਾਹੀਦੇ ਸਨ? ਇਹ ਸਮਝਣਾ ਜ਼ਰੂਰੀ ਹੈ ਕਿ ਸਿਆਸੀ ਨੁਕਤੇ-ਨਜ਼ਰ ਤੋਂ ਗੱਲਬਾਤ ਕਰਨਾ ਜਾਂ ਸਬੰਧ ਸਥਾਪਤ ਕਰਨ ਨਾਲ ਦੂਜੀ ਧਿਰ ਦੀਆਂ ਨੀਤੀਆਂ ਜਾਂ ਵਿਚਾਰਧਾਰਾ ਨੂੰ ਵਿਧਾਨਕਤਾ ਨਹੀਂ ਮਿਲਦੀ। ਸੰਨ 1990 ਦੇ ਦਹਾਕੇ ਵਿਚ ਭਾਰਤ ਨੇ ਤਤਕਾਲੀ ਅਫ਼ਗਾਨ ਰਾਸ਼ਟਰਪਤੀ ਬੁਰਹਾਨੁਦੀਨ ਰੱਬਾਨੀ ਦੀ ਸਰਕਾਰ ਦੀ ਹਮਾਇਤ ਕੀਤੀ ਸੀ। ਉਦੋਂ ਭਾਰਤ ਦੇ ਨਾਲ ਈਰਾਨ ਅਤੇ ਰੂਸ ਵੀ ਰੱਬਾਨੀ ਸਰਕਾਰ ਦੇ ਨਾਲ ਸਨ ਪਰ 2020 ਉਸ ਦੌਰ ਤੋਂ ਬਹੁਤ ਅਲੱਗ ਹੈ। ਕਈ ਸਾਲਾਂ ਤੋਂ ਵਿਸ਼ਵ ਦੀਆਂ ਵੱਡੀਆਂ ਸ਼ਕਤੀਆਂ ਨੇ ਤਾਲਿਬਾਨ ਨਾਲ ਸਬੰਧਾਂ ਨੂੰ ਸੁਧਾਰਨ ਦੇ ਅਨੇਕਾਂ ਉਪਰਾਲੇ ਕੀਤੇ ਹਨ। ਇਨ੍ਹਾਂ ਵਿਚ ਚੀਨ ਅਤੇ ਯੂਰਪੀ ਯੂਨੀਅਨ ਦੇ ਮੁਲਕ ਵੀ ਸ਼ਾਮਲ ਹਨ। ਇੱਥੋਂ ਤਕ ਕਿ ਈਰਾਨ ਅਤੇ ਰੂਸ ਨੇ ਵੀ ਆਪਣੇ ਬੂਹੇ ਤਾਲਿਬਾਨ ਲਈ ਖੋਲ੍ਹੇ ਹਨ। ਇਸ ਦੇ ਨਾਲ-ਨਾਲ ਅਫ਼ਗਾਨ ਸਰਕਾਰ ਦਾ ਵੀ ਇਹ ਯਤਨ ਰਿਹਾ ਹੈ ਕਿ ਤਾਲਿਬਾਨ ਉਸ ਨਾਲ ਗੱਲਬਾਤ ਕਰਨ ਲਈ ਸਹਿਮਤ ਹੋ ਜਾਵੇ। ਓਥੇ ਹੀ ਤਾਲਿਬਾਨ ਅਫ਼ਗਾਨ ਸਰਕਾਰ ਦੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਇਹ ਕਹਿੰਦੇ ਹੋਏ ਨਕਾਰਦਾ ਰਿਹਾ ਕਿ ਉਹ ਅਮਰੀਕਾ ਦੀ ਪਿੱਠੂ ਹੈ। ਇਸ ਬਦਲਦੇ ਘਟਨਾਚੱਕਰ ਵਿਚ ਬਿਹਤਰ ਹੁੰਦਾ ਕਿ ਭਾਰਤ ਸਰਕਾਰ ਵੀ ਕੁਝ ਲਚਕੀਲਾ ਅਤੇ ਵਿਵਹਾਰਕ ਰੁਖ਼ ਅਪਣਾ ਕੇ ਗੱਲਬਾਤ ਦੀ ਤਾਲਿਬਾਨੀ ਪਹਿਲ 'ਤੇ ਹਾਂ-ਪੱਖੀ ਰੁਖ਼ ਦਿਖਾਉਂਦੀ। ਇਸ ਵਿਚ ਸ਼ੱਕ ਨਹੀਂ ਕਿ ਪਾਕਿ ਅਤੇ ਤਾਲਿਬਾਨ ਦੇ ਸਬੰਧ ਬਹੁਤ ਗੂੜ੍ਹੇ ਹਨ ਅਤੇ ਤਾਲਿਬਾਨ ਇਸਲਾਮਾਬਾਦ 'ਤੇ ਨਿਰਭਰ ਵੀ ਹੈ ਪਰ ਉਨ੍ਹਾਂ ਨੇ ਭਾਰਤੀਆਂ ਨੂੰ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਵੀ ਕੀਤੀ ਹੈ ਕਿ ਉਨ੍ਹਾਂ ਨੂੰ ਪਾਕਿਸਤਾਨ ਦਾ ਪਿੱਠੂ ਹਰਗਿਜ਼ ਨਾ ਸਮਝਿਆ ਜਾਵੇ। ਭਾਰਤ ਨੂੰ ਅਫ਼ਗਾਨਿਸਤਾਨ ਦੀ ਬਦਲਦੀ ਸੂਰਤ 'ਤੇ ਕਰੀਬੀ ਨਜ਼ਰ ਰੱਖਣੀ ਹੋਵੇਗੀ। ਉੱਥੋਂ ਦੇ ਘਟਨਾਚੱਕਰ ਕਾਰਨ ਭਾਰਤ ਦੇ ਫ਼ੌਜੀ ਸਮੀਕਰਨਾਂ 'ਤੇ ਵੀ ਅਸਰ ਪੈ ਸਕਦਾ ਹੈ, ਹਾਲਾਂਕਿ ਅਜਿਹਾ ਸ਼ੰਕਾ ਘੱਟ ਹੀ ਹੈ। ਅਜਿਹੀ ਹਾਲਤ ਵਿਚ ਭਾਰਤ ਲਈ ਇਹੀ ਬਿਹਤਰ ਹੋਵੇਗਾ ਕਿ ਉਹ ਅਫ਼ਗਾਨਿਸਤਾਨ ਵਿਚ ਸਾਰੀਆਂ ਰਾਜਨੀਤਕ ਧਿਰਾਂ ਨਾਲ ਸਾਰਥਕ ਸੰਵਾਦ ਅਤੇ ਸਹਾਇਤਾ ਜਾਰੀ ਰੱਖੇ। ਅਫ਼ਗਾਨਿਸਤਾਨ ਵਿਚ ਭਾਰਤ ਜੋ ਵੀ ਸਹਾਇਤਾ ਕਰ ਰਿਹਾ ਹੈ, ਉਸ ਦਾ ਉੱਥੇ ਬਹੁਤ ਹਾਂ-ਪੱਖੀ ਪ੍ਰਭਾਵ ਹੈ। ਅਫ਼ਗਾਨਿਸਤਾਨ ਦੇ ਵਿਕਾਸ ਵਿਚ ਉਸ ਦੇ ਮਹੱਤਵਪੂਰਨ ਯੋਗਦਾਨ ਨੂੰ ਕੋਈ ਵੀ ਧਿਰ ਨਕਾਰ ਨਹੀਂ ਸਕਦੀ। ਭਾਰਤ ਉੱਥੇ ਮੁੱਢਲੇ ਢਾਂਚੇ ਦੇ ਵਿਕਾਸ ਵਿਚ ਕਾਫ਼ੀ ਮਦਦ ਦੇ ਰਿਹਾ ਹੈ। ਇਸ ਤੋਂ ਇਲਾਵਾ ਉਹ ਅਫ਼ਗਾਨ ਸਰਕਾਰ ਨੂੰ ਹਰ ਸੰਭਵ ਵਿੱਤੀ ਸਹਾਇਤਾ ਵੀ ਅਕਸਰ ਦਿੰਦਾ ਰਹਿੰਦਾ ਹੈ। ਭਾਰਤ ਨੂੰ ਉੱਥੇ ਆਪਣੀਆਂ ਇਨ੍ਹਾਂ ਸਰਗਰਮੀਆਂ ਨੂੰ ਹੋਰ ਧਾਰਦਾਰ ਬਣਾ ਕੇ ਤੇਜ਼ੀ ਨਾਲ ਅੱਗੇ ਵਧਣ ਦੀ ਜ਼ਰੂਰਤ ਹੈ।


Buying or Selling home in Sacramento??

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE 916-513-8094




*Put my knowledge, Service, experience and professionalism to work for you.*



Buying or selling home in Sacramento?

Call 916-513-8094 for free consultation (PUNJABI/ENGLISH/HINDI)

ਸੈਕਰਾਮੈਂਟੋ ਏਰੀਆ ਵਿਚ ਘਰ ਖ਼ਰੀਦਣ ਜਾਂ ਵੇਚਣ ਲਈ ਵਿਸ਼ਾਲ ਕਪੂਰ ਨੂੰ ਕਾਲ ਕਰੋ।

MOBILE. 916-513-8094. OFFICE 916-993-8680 EXT.1102
EMAIL realtor.vkapoor@gmail.com Web. www.hsicarerealty.com
9355 E. Stockton Blvd. suite 170, Elk Grove, CA 95864

VISHAL KAPOOR
Realtor®
DRE#02087894

# ਬਿਨੁ ਨਾਵੈ ਪੂਜ ਨ ਹੋਇ ॥

– ਗੁਰਸ਼ਰਨ ਸਿੰਘ ਕਸੇਲ

ਵੇਖਦੇ ਹਾਂ ਗੁਰਬਾਣੀ ਦਾ ਇਹ ਪੂਰਾ ਸ਼ਬਦ ਅਤੇ ਕੁਝ ਵਿਚਾਰ ।

**ੴ ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥ ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥ ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥ ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥ ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥ ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮਾਲੇ ॥ ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥**
(ਮ:1,ਪੰਨਾ 489)

ਉਪਰ ਦਿੱਤੇ ਸ਼ਬਦ ਬਾਰੇ ਵਿਚਾਰ ਕਰਨ ਦਾ ਸਬਬ ਇੰਝ ਅਚਾਨਕ ਬਣਿਆਂ। ਕਿਸੇ ਸੱਜਣ ਕੋਲ ਗਏ ਸੀ, ਉਥੇ ਬੈਠਿਆਂ ਗੁਰਬਾਣੀ ਬਾਰੇ ਗੱਲ ਚਲ ਪਈ । ਉਹਨਾਂ ਵਿੱਚੋਂ ਇੱਕ ਜਾਣਾ ਆਖ ਦਾ ਗੁਰਬਾਣੀ ਵਿੱਚ ਲਿਖਿਆ ਹੈ ਕਿ ਨਾਉਣ ਤੋਂ ਬਿਨਾ ਪੂਜਾ ਪਾਠ ਨਹੀਂ ਹੁੰਦਾ । ਉਸਨੂੰ ਪੁੱਛਿਆ ਉਹ ਕਿਹੜਾ ਸ਼ਬਦ ਹੈ, ਉਹ ਬੋਲਿਆ, ਬਿਨੁ ਨਾਵੈ ਪੂਜ ਨ ਹੋਇ ਹੈ । ਉਸਨੂੰ ਦੱਸਿਆ ਵੀਰਾ ਨਾਵੈ ਦਾ ਮਤਲਬ ਨਾਉਣਾ ਨਹੀਂ ਹੈ । ਇਸ ਦਾ ਮਤਲਬ ਇਸ ਸ਼ਬਦ ਵਿੱਚ ਨਾਮ ਜਾਂਨੀਕਿ ਗਿਆਨ ਹੈ । ਸਿੱਖ ਧਰਮ ਤਾਂ ਸ਼ੁਰੂ ਹੀ ਗਿਆਨ, ਸੁਰਤ ਅਤੇ ਦਲੀਲ ਤੋਂ ਹੋਇਆ ਹੈ:

**ਸਬਦੁ ਗੁਰੂ, ਸੁਰਤਿ ਧੁਨਿ ਚੇਲਾ ॥**
(ਪੰਨਾ942)
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥**
(ਪੰਨਾ 471)
**ਬਿੰਦੁ ਰਾਖਿ ਜੌ ਤਰੀਐ ਭਾਈ ॥**
**ਖੁਸਰੈ ਕਿਉ ਨ ਪਰਮ ਗਤਿ ਪਾਈ ॥**
(ਪੰਨਾ324)

ਉਸ ਨੂੰ ਸਮਝਾਇਆ ਕਿ ਗੁਰਬਾਣੀ ਸਮਝਾਉਂਦੀ ਹੈ ਕਿ ਬਿਨਾ ਗਿਆਨ (ਸੋਝੀ) ਦੇ ਰੱਬ ਵੱਲੋਂ ਬਣਾਈ ਉਸ ਦੀ ਕੁਦਰਤ ਅਤੇ ਉਸ ਦੇ ਨਿਯਮਾਂ ਦੀ ਸਮਝ ਨਹੀਂ ਆ ਸਕਦੀ; ਜਾਂਨੀਕਿ ਅਧਿਆਤਮਿਕ ਸੋਝੀ ਲੈਣ ਲਈ ਵੀ ਅਕਲ ਦਾ ਹੋਣਾ ਬਹੁਤ ਜ਼ਰੂਰੀ ਹੈ । ਜਿਵੇਂ ਗੁਰਬਾਣੀ ਦਾ ਵਾਕ ਹੈ:

**ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥ ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥**
(ਪੰਨਾ 1372)

ਜਿਵੇਂ ਗੁਰੂ ਨਾਨਕ ਪਾਤਸ਼ਾਹ ਆਪਣੀ ਪਹਿਲੀ ਬਾਣੀ ਵਿੱਚ ਹੀ ਦੱਸਦੇ ਹਨ ਕਿ ਜੇ ਸਰੀਰ ਗੰਦਾ ਹੋਵੇ ਤਾਂ ਪਾਣੀ ਨਾਲ ਸਾਫ ਹੁੰਦਾ ਹੈ ਅਤੇ ਜੇ ਬੁੱਧ ਵਿਕਾਰਾਂ ਨਾਲ ਗੰਦੀ ਹੋ ਜਾਵੇ ਤਾਂ ਉਹ ਸੱਚੇ ਗਿਆਨ ਨਾਲ ਸਾਫ ਹੁੰਦੀ : ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥ ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥ ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥(ਪੰਨਾ4)

ਨਾਉਣ ਨਾਲ ਸਰੀਰ ਤੰਦਰੁਸਤ ਹੁੰਦਾ ਹੈ ਅਤੇ ਗੁਰਬਾਣੀ ਦੇ ਗਿਆਨ ਨਾਲ ਮਨ ਵਹਿਮਾਂ ਭਰਮਾ ਤੋਂ ਛੁਟਕਾਰਾ ਪਾ ਕੇ ਡਰ ਰਹਿਤ ਹੁੰਦਾ ਹੈ :

**ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥**
(ਪੰਨਾ611)

ਜਿਵੇਂ ਗੁਰਬਾਣੀ ਦੇ ਇਸ ਸ਼ਬਦ ਵਿੱਚ 'ਨਾਵੈ' ਦਾ ਅਰਥ ਗਿਆਨ ਕਹਿ ਲਵੋ ਜਾਂ ਸੂਝ ਕਹਿ ਲਵੋ ਹੈ; ਇਵੇਂ ਹੀ ਗੁਰਬਾਣੀ ਵਿੱਚ 'ਸ਼ਬਦਿ ਮਰਹੁ' ਹੈ । ਇਸ ਦਾ ਮਤਲਬ ਗੁਰਬਾਣੀ ਦੀ ਸਿਖਿਆ ਨੂੰ ਆਪਣੇ ਜੀਵਨ ਵਿੱਚ ਢਾਲਣ ਦਾ ਹੈ :

**ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥ ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥**
(ਮ:3,ਪੰਨਾ603)

ਇਸ ਸੰਸਾਰ ਵਿੱਚ ਰਹਿੰਦਿਆਂ ਗਿਆਨ ਦਾ ਹੋਣਾ ਬਹੁਤ ਜਰੂਰੀ ਹੈ । ਉਹ ਭਾਵੇਂ ਕੋਈ ਕਾਰੋਬਾਰ ਹੋਵੇ ਤੇ ਭਾਂਵੇਂ ਧਾਰਮਿਕ ਕੰਮ ਹੀ ਕਿਉਂ ਨਾ ਹੋਣ । ਜਿਵੇਂ ਦੁਨੀਆਵੀ ਤੌਰ ਤੇ ਵੇਖਣ ਵਿੱਚ ਆਮ ਹੀ ਆਉਂਦਾ ਹੈ ਕਿ ਜਿਹੜਾ



ਇਨਸਾਨ ਜੋ ਵੀ ਧੰਦਾ ਕਰਦਾ ਹੈ, ਉਸ ਦੀ ਇਹ ਮੰਨਸ਼ਾ ਹੁੰਦੀ ਹੈ ਕਿ ਉਸ ਦਾ ਗਾਹਕ ਜਿਹੜੀ ਚੀਜ ਲੈਣ ਆਇਆ ਹੈ, ਉਸਨੂੰ ਉਸ ਬਾਰੇ ਜਾਣਕਾਰੀ (ਗਿਆਨ) ਨਾ ਹੋਵੇ ਜਾਂ ਘੱਟ ਹੋਵੇ; ਤਾਂ ਕਿ ਉਹ ਉਸਨੂੰ ਆਪਣੀ ਮਰਜੀ ਅਨੁਸਾਰ ਆਪਣੀ ਵਸਤੂ ਵੇਚ ਸਕੇ ।

ਇਸੇ ਤਰਾਂ ਦੀ ਸੋਚ ਵਾਲੇ ਅੱਜ -ਕੱਲ ਸਾਡੇ ਕੁਝ ਧਾਰਮਿਕ ਪ੍ਰਚਾਰਕ ਵੀ ਸ਼ਾਮਿਲ ਹਨ, ਜੋ ਧਰਮ ਨੂੰ ਵੀ ਇੱਕ ਧੰਦੇ ਦੇ ਤੌਰ ਤੇ ਵਰਤ ਰਹੇ ਹਨ । ਉਹ ਵੀ ਇਹ ਹੀ ਚਾਹੁੰਦੇ ਹਨ ਕਿ ਸਿੱਖ ਗੁਰਬਾਣੀ ਪ੍ਰਤੀ ਆਪ ਸੂਝਵਾਨ ਨਾ ਹੋਣ ਅਤੇ ਸਿਰਫ ਉਹਨਾਂ ਕੋਲ ਆ ਕੇ ਹੀ ਇਸ ਬਾਰੇ ਜਾਣਨ । ਇਸ ਤਰਾਂ ਉਹਨਾਂ ਦੀ ਆਓ ਭਗਤ ਹੁੰਦੀ ਰਹੇ ।

ਇਸ ਤਰਾਂ ਦੀ ਸੋਚ ਵਾਲੇ ਇੱਕ ਮਸ਼ਹੂਰ ਕਥਾ ਵਾਚਕ ਨਾਲ ਵਾਪਰਿਆ ਵਾਕਿਆ ਆਪ ਨਾਲ ਸਾਂਝਾ ਕਰਦਾ ਹਾਂ । ਉਸ ਪ੍ਰਚਾਰਕ ਨੂੰ ਅਸੀਂ ਉਦੋਂ ਤੋਂ ਜਾਣਦੇ ਹਾਂ, ਜਦ ਉਹ ਅਜੇ ਮਸ਼ਹੂਰ ਨਹੀਂ ਸੀ ਹੋਇਆ । ਉਹ ਕਈ ਵਾਰ ਟੋਰਾਂਟੋ ਦੇ ਇਲਾਕੇ ਵਾਲੇ ਗੁਰਦੁਆਰਿਆਂ ਵਿੱਚ ਕਥਾ ਕਰਨ ਆਉਂਦਾ ਹੁੰਦਾ ਸੀ । ਮੈਂਨੂੰ ਉਸ ਨਾਲ ਮਿਲਣ ਦਾ ਸਬਬ ਮੇਰੇ ਜੀਜੇ (ਭਾਈਆ) ਕਰਕੇ ਬਣਿਆ ਸੀ । ਮੈਂ ਵੀ ਉਦੋਂ ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ ਲੈਣੀ ਸ਼ੁਰੂ ਹੀ ਕੀਤੀ ਸੀ ।

ਇੱਕ ਦਿਨ ਮੈਂ ਤੇ ਮੇਰਾ ਜੀਜਾ ਉਸ ਪ੍ਰਚਾਰਕ ਜੀ ਨੂੰ ਟੋਰਾਂਟੋ ਦੇ ਇਲਾਕੇ ਵਾਲੇ ਗੁਰਦੁਆਰੇ ਉਹਨਾਂ ਦੇ ਕਮਰੇ ਵਿੱਚ ਮਿਲਣ ਗਏ, ਜਿਥੇ ਉਹ ਕਥਾ ਕਰਨ ਆਏ ਸਨ । ਕੁਝ ਚਿਰ ਗੱਲਾਂ ਕਰਦਿਆਂ ਉਹ ਮੇਰੇ ਜੀਜੇ ਨੂੰ ਆਖਦੇ ਤੂੰ ਕੋਈ ਨਾ ਧਾਰਮਿਕ ਕਿਤਾਬ, ਨਾਂ ਟੀਵੀ, ਨਾਂ ਰੇਡੀਓ ਕੁਝ ਨਾ ਸੁਣਿਆਂ ਕਰ, ਸਿਰਫ ਸਿਮਰਨ ਕਰਿਆ ਕਰ ਤੇ ਸਾਡੇ ਕੋਲ ਆਇਆ ਕਰ । ਮੈਂ ਉਹਨਾਂ ਨੂੰ ਕਿਹਾ ਕਿ ਜੇ ਇਹ ਟੀਵੀ ਅਖ਼ਬਾਰ ਆਦਿ ਕੁਝ ਵੀ ਨਹੀਂ ਸੁਣੇ-ਵੇਖੇਗਾ ਤਾਂ ਇਸ ਨੂੰ ਕੀ ਪਤਾ ਲੱਗੇਗਾ ਕਿ ਦੁਨੀਆਂ ਵਿੱਚ ਕੀ ਹੋ ਰਿਹਾ ਹੈ । ਪ੍ਰਚਾਰਕ ਜੀ ਕਹਿੰਦੇ, ' ਇਹ ਸਿਮਰਨ ਕਰਨ ਨਾਲ ਆਪੇ ਸਮਝ ਆ ਜਾਂਦੀ ਹੈ । ਫਿਰ ਮੈਂ ਕਿਹਾ, ਪਰ ਤੁਸੀਂ ਹੁਣ ਸਟੇਜ ਤੇ ਕਥਾ ਕਰਨ ਜਾਣਾ ਹੈ ਤਾਂ ਇਹ ਕਿਤਾਬਾਂ ਕਿਉਂ ਪੜ ਰਹੇ ਹੋ, ਤੁਹਾਨੂੰ ਆਪੇ ਕਥਾ ਕਿਉਂ ਨਹੀਂ ਆ ਜਾਂਦੀ। ਇਹ ਗੱਲ ਸੁਣ ਕੇ ਉਹ ਚੁੱਪ ਕਰ ਗਏ। ਮੇਰਾ ਜੀਜਾ ਉਹਨਾਂ ਜਾਂ ਉਹਨਾਂ ਵਰਗੇ ਹੋਰ ਪ੍ਰਚਾਰਕਾਂ ਨੂੰ ਜਿਹੜੇ ਪੰਜਾਬ ਤੋਂ ਆਉਂਦੇ ਸਨ, ਲੈ ਕੇ ਕਈ ਥਾਂਈ ਘੁਮਾਉਂਦਾ ਹੁੰਦਾ ਸੀ ਅਤੇ ਆਪਣੇ ਘਰ ਵੀ ਪ੍ਰਸ਼ਾਦਾ ਛਕਾਉਣ ਲਈ ਲਿਆਉਣਾ ਤੇ ਜਾਣ ਲੱਗਿਆਂ ਨੂੰ ਦੰਦ ਘਸਾਈ ਵੀ ਦੇਣੀ । (ਸੁਣਿਆਂ ਜਿਵੇਂ ਹਿੰਦੂ ਪੰਡਤ ਕਿਸੇ ਜਜਮਾਨ ਦੇ ਘਰ ਰੋਟੀ ਖਾਣ ਤੋਂ ਬਾਦ ਦੰਦ ਘਸਾਈ ਲੈਂਦਾ ਸੀ)

ਆਪਣੇ ਲਾਲਚ ਅਤੇ ਹਉਮੈ ਵਿੱਚ ਗ੍ਰਹਿਸੇ ਧਾਰਮਿਕ ਅਖਵਾਉਣ ਵਾਲਿਆਂ ਲਈ ਗੁਰੂ ਜੀ ਨੇ ਉਸ ਸਮੇਂ ਦੇ ਪੁਜਾਰੀਆਂ ਨੂੰ ਉਹਨਾਂ ਵੱਲੋਂ ਜਨਤਾ ਨਾਲ ਕੀਤੀ ਜਾਂਦੀ ਕਮੀਨਗੀ ਤੋਂ ਸੁਚੇਤ ਕਰਨ ਲਈ ਇਹ ਸ਼ਬਦ ਉਚਾਰਿਆ ਸੀ, ਪਰ ਹੁਣ ਇਹ ਸ਼ਬਦ ਸਿੱਖ ਧਰਮ ਵਾਲਿਆਂ ਵਾਸਤੇ ਵੀ ਲਾਗੂ ਹੁੰਦਾ ਹੈ ਜਿਹੜੇ ਸ਼ਬਦ ਗੁਰੂ ਦਾ ਸਹੀ ਪ੍ਰਚਾਰ ਨਹੀਂ ਕਰਦੇ :

**ਕਰੈ ਦੁਹਕਰਮ ਦਿਖਾਵੈ ਹੋਰੁ ॥ ਰਾਮ ਕੀ ਦਰਗਹ ਬਾਧਾ ਚੋਰੁ ॥**
(ਪੰਨਾ194)
**ਝੂਠੁ ਨ ਬੋਲਿ ਪਾਡੇ ਸਚੁ ਕਹੀਐ ॥ ਹਉਮੈ ਜਾਇ ਸਬਦਿ ਘਰੁ ਲਹੀਐ ॥**
(ਮ:1,ਪੰਨਾ904)

ਇਸ ਨਾਲ ਹੀ ਮਿਲਦਾ ਇਕ ਹੋਰ ਵਾਕਿਆ ਵੀ ਹੈ । ਇਹ ਗੱਲ ਸਾਡੇ ਪਿੰਡ ਕਸੇਲ ਦੀ ਹੈ । ਮੈਂ ਕੁਝ ਰਿਸ਼ਤੇਦਾਰਾਂ ਅਤੇ ਵਾਕਿਫ਼ਕਾਰਾਂ ਦੇ ਨਾਂਵਾਂ ਤੇ ਗੁਰਮਤਿ ਪ੍ਰਕਾਸ਼ ਅਤੇ ਸਿੱਖ ਫੁਲਵਾੜੀ ਮਾਸਿਕ ਰਸਾਲੇ ਲਵਾਏ ਸੀ । ਸਾਲ ਕੁ ਬਾਦ ਆਪਣੇ ਪਿੰਡ ਆਇਆ ਤਾਂ ਇੱਕ ਧਾਰਮਿਕ ਤੌਰ ਤੇ ਜਾਣੇ ਜਾਂਦੇ ਸੱਜਣ ਨੂੰ ਮਿਲਣ ਗਿਆ । ਉਸ ਨਾਲ ਗੱਲਾਂ ਕਰਦਿਆਂ ਪੁੱਛਿਆ ਕਿ ਗੁਰਮਤਿ ਪ੍ਰਕਾਸ਼ ਅਤੇ ਸਿੱਖ ਫੁਲਵਾੜੀ ਵਾਲੇ ਰਸਾਲੇ ਕਿਵੇਂ ਲੱਗੇ । ਉਸ ਸੱਜਣ ਨੇ ਅੱਗੋਂ ਆਖਿਆ, ਮੈਂ ਤਾਂ ਕਦੀ ਪੜੇ ਹੀ ਨਹੀਂ; ਮੈਂ ਇੱਕ ਮਹਾਂਪੁਰਖਾਂ ਕੋਲ ਅੰਮ੍ਰਿਤਸਰ ਜਾਂਦਾ ਹਾਂ। ਉਹ ਕਹਿੰਦੇ ਹਨ, ਕਿ ਤੁਸੀਂ ਨਾਂ ਕੋਈ ਧਾਰਮਿਕ ਕਿਤਾਬ ਪੜਨੀ, ਨਾਂ ਅਖ਼ਬਾਰ, ਨਾਂ ਟੀਵੀ ਰੇਡੀਓ ਸੁਣਨਾ ਹੈ । ਮੇਰੇ ਕੋਲ ਆਇਆ ਕਰੋ, ਉਹ ਬਹੁਤ ਵੱਡੇ ਮਹਾਂਪੁਰਖ ਹਨ । ਉਸ ਬਾਬੇ ਨੇ ਵੀ ਉਹੀ ਸੱਭ ਕੁਝ ਇਸ ਵੀਰ ਨੂੰ ਆਖਿਆ, ਜੋ ਸਾਨੂੰ ਸਾਡੇ ਵਾਕਫ ਕਥਾ ਵਾਚਕ ਨੇ ਆਖਿਆ ਸੀ ।

ਸੋ, ਅਜਿਹੀ ਸੋਚ ਵਾਲੇ ਬਣੇ ਪ੍ਰਚਾਰਕ ਤੇ ਬਾਬੇ ਆਪਣੀ ਐਸ਼ ਪ੍ਰਸਤੀ ਕਾਰਨ ਸਿੱਖਾਂ ਨੂੰ ਜਾਹਿਲ ਗਵਾਰ ਬਣਾਉਣਾ ਚਾਹੁੰਦੇ ਹਨ ਤਾਂ ਕਿ ਸਿੱਖ ਗੁਰਬਾਣੀ ਪ੍ਰਤੀ ਉਹਨਾਂ ਦੇ ਗੁਲਾਮ ਰਹਿਣ । ਅਜਿਹੇ ਧਾਰਮਿਕ ਦਿੱਖ ਵਾਲਿਆਂ ਦੀ ਅਸਲੀਅਤ ਬਾਰੇ ਗੁਰੂ ਜੀ ਸਮਝਾਉਂਦੇ ਹਨ:

**ਹਿਰਦੈ ਜਿਨ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥**
**ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥**
(ਮ:3,ਪੰਨਾ491)
**ਅੰਤਰਿ ਕਪਟੁ ਭਗਉਤੀ ਕਹਾਏ ॥ ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥**
(ਮ:3,ਪੰਨਾ88)

ਜਿਵੇਂ ਗੁਰਬਾਣੀ ਸਾਨੂੰ ਸੁਚੇਤ ਕਰਦੀ ਹੈ ਕਿ ਇਹ ਜਰੂਰੀ ਨਹੀਂ ਕਿ ਜਿਹੜਾ ਇਨਸਾਨ ਗੁਰੂ ਸਾਹਿਬ ਦੇ ਲਾਗੇ ਜਾਂ ਗੁਰਧਾਮਾਂ ਦੇ ਵਿੱਚ ਰਹਿੰਦਾ ਹੈ, ਉਸਨੇ ਵੀ ਆਪਣਾ ਜੀਵਨ ਗੁਰੂ ਦੀ ਸਿਖਿਆ ਅਨੁਸਾਰ ਢਾਲ ਲਿਆ ਹੋਵੇ:-

**ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥**
**ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥**
(ਪੰਨਾ 1365)
**ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥**
(ਮ:3.ਪੰਨਾ 84)

ਸਾਡੇ ਵਰਗੇ ਆਮ ਸਿੱਖ ਇਹ ਆਸ ਰੱਖ ਕੇ ਧਾਰਮਿਕ ਦਿੱਖ ਦਿਸਣ ਵਾਲੇ ਜਾਂ ਧਾਰਮਿਕ ਪੇਸ਼ਾਵਰ ਲੋਕਾਂ ਕੋਲ ਇਸ ਕਰਕੇ ਆਉਂਦੇ ਹਨ ਕਿ ਇਹ ਸਾਡੇ ਪਾਪ ਜਾਂਨੀਕਿ ਸਾਥੋਂ ਹੋਏ ਮਾੜੇ ਕਰਮ ਇਹ ਗੁਰਮਤਿ ਦੀ ਸੋਝੀ ਦੇ ਕੇ ਕੱਟ ਦੇਣਗੇ; ਜਾਂਨੀਕਿ ਸੱਚੇ ਗਿਆਨ ਦੀ ਸੋਝੀ ਦੇ ਕੇ ਅੱਗੇ ਤੋਂ ਸਾਡੀ ਜੀਵਨ ਜਾਚ ਬਦਲਣ ਵਿੱਚ ਮਦਦ ਕਰਨਗੇ । ਪਰ ਸਿੱਖਾਂ ਨੂੰ ਕੀ ਪਤਾ ਹੈ ਕਿ ਇਹਨਾਂ ਵਿੱਚੋਂ ਕਈ ਲੋਕ ਸਗੋਂ ਸਾਨੂੰ ਵਹਿਮਾਂ, ਭਰਮਾ, ਅੰਧਵਿਸ਼ਵਾਸਾ ਅਤੇ ਧਰਮ ਦੇ ਨਾਂਅ ਤੇ ਵਿਖਾਵੇ ਦੇ ਕੰਮਾਂ ਦੀ ਘੁੰਮਣਘੇਰੀ ਵਿਚ ਪਾ ਕੇ ਸਗੋਂ ਮਾਨਸਿਕ ਤੌਰ ਤੇ ਡਰਾ ਦੇਣਗੇ । ਜਿਹੜੇ ਧਾਰਮਿਕ ਦਿੱਖ ਵਾਲੇ ਬੰਦੇ ਆਪਣੀ ਚੌਧਰ ਰੱਖਣ ਜਾਂ ਸਿੱਖਾਂ ਨੂੰ ਠੱਗਣ ਖਾਤਰ ਆਪਣੀ ਸੱਚੀ ਨੀਅਤ ਨਾਲ ਸਿੱਖਾਂ ਨੂੰ ਗੁਰਮਤਿ ਦੀ ਸਹੀ ਜਾਣਕਾਰੀ ਨਹੀਂ ਦੇਂਦੇ, ਉਹਨਾਂ ਨਾਲੋਂ ਵੱਡਾ ਪਾਪੀ ਬੰਦਾ ਹੋਰ ਕੌਣ ਹੋ ਸਕਦਾ ਹੈ । ਇਹ ਤਾਂ ਇਵੇਂ ਹੀ ਹੈ, ਜਿਵੇਂ ਕਿਸੇ ਬੰਦੇ ਦੀਆਂ ਅੱਖਾਂ ਦੀ ਰੋਸ਼ਨੀ ਨਾਂ ਹੋਵੇ ਤੇ ਉਹ ਕਿਸੇ ਅੱਖਾਂ ਵਾਲੇ ਬੰਦੇ ਤੋਂ (ਸੁਜਾਖੇ) ਇਹ ਆਸ ਰੱਖੇ ਕਿ ਉਹ ਉਸਨੂੰ ਸਹੀ ਰਾਹ ਤੇ ਪਾ ਦੇਵੇਗਾ, ਪਰ ਅੱਖਾਂ ਵਾਲਾ ਅੱਗੋਂ ਬੇਈਮਾਨ ਹੋਵੇ ਤੇ ਉਹ ਸਗੋਂ ਉਸਨੂੰ ਗਲਤ ਰਾਹ ਤੇ ਪਾ ਦੇਵੇ । ਦੁਨੀਆਵੀ ਹੋਰ ਧੰਦੇ ਕਰਨ ਵਾਲਿਆਂ ਵਿੱਚ ਜੇ ਕੋਈ ਕਿਸੇ ਚੀਜ ਵਿੱਚ ਮਿਲਾਵਟ ਜਾਂ ਕੋਈ ਸਰਕਾਰੀ ਨੌਕਰੀ ਕਰਨ ਵਾਲਾ ਰਿਸ਼ਵਤ ਲੈਂਦਾ ਹੈ ਤਾਂ ਉਸਨੂੰ ਸਮਾਜ ਬਹੁਤ ਬੁਰਾ ਭਲਾ ਆਖਦਾ ਹੈ ਪਰ ਜੋ ਲੋਕ ਸਿੱਖੀ ਪਹਿਰਾਵੇ ਵਿੱਚ ਗੁਰਮਤਿ ਦੇ ਨਾਂਅ ਹੇਠ ਕਰਾਮਾਤੀ ਕਹਾਣੀਆਂ ਬਣਾ ਕੇ ਸੁਣਾਉਂਦੇ ਹਨ ਤੇ ਸਿੱਖਾਂ ਦੀ ਸੋਚ ਨੂੰ ਸਹੀ ਦਿਸ਼ਾ ਦੀ ਬਜਾਏ ਸਗੋਂ ਕੁਰਾਹੇ ਪਾ ਰਹੇ ਹਨ, ਉਹਨਾਂ ਨੂੰ ਕਿਹੜੇ ਲਫਜਾਂ ਨਾਲ ਨਿਵਾਜੋਗੇ ?

ਕਈ ਗੁਰੂ ਦੇ ਵਜੀਰ ਆਖਣ ਵਾਲਿਆਂ ਦੀ ਤਾਂ ਪੈਸੇ ਖਾਤਰ ਏਨੀ ਜਮੀਰ ਮਰ ਚੁੱਕੀ ਹੈ ਕਿ ਉਹ ਇਹ ਸਮਝਦੇ ਤੇ ਮੰਨਦੇ ਹੋਏ ਵੀ ਕਿ ਗੁਰਮਤਿ 'ਦੇਹ' ਨੂੰ ਮਾਨਤਾ ਨਹੀਂ ਦੇਂਦੀ, ਸਗੋਂ ਸ਼ਬਦ ਗੁਰੂ' ਦਾ ਸਿਧਾਂਤ ਹੈ; ਅਤੇ ਇਹਨਾਂ ਦੋਹਾਂ ਵਿੱਚ ਬਹੁਤ ਅੰਤਰ ਹੈ, ਪਰ ਜਦੋਂ ਕਿਸੇ ਸਾਧ ਬਾਬਿਆਂ ਦੇ ਗੁਰਦੁਆਰੇ ਜਾਂ ਡੇਰੇ ਸਮਾਂ ਲੈਣਾ ਹੋਵੇ ਤਾਂ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੱਤਰਿਆਂ ਨੂੰ 'ਪੰਨਾ ਆਖਣ ਦੀ ਬਜਾਏ 'ਅੰਗ' ਆਖਣ ਲੱਗ ਪੈਂਦੇ ਹਨ ਤਾਂ ਕਿ ਸਾਨੂੰ ਪੈਸਿਆਂ ਵੱਲੋਂ ਨਾਗਾ ਨਾ ਪੈ ਜਾਵੇ ।

ਸਤਿਕਾਰ ਯੋਗ ਹਨ, ਉਹ ਪ੍ਰਚਾਰਕ ਜਿਹੜੇ ਆਪਣੇ ਘਰ ਪ੍ਰੀਵਾਰ ਨੂੰ ਪਾਲਣ ਦੇ ਨਾਲ-ਨਾਲ ਸਿੱਖਾਂ ਨੂੰ ਵੀ ਆਪਣੇ ਵੱਲੋਂ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਹੀ ਸੋਝੀ ਦੇਣ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਜੋ ਲੋਕ ਫੋਕਟ ਦੇ ਕਰਮਾਂ ਤੋਂ ਨਿਜਾਤ ਪਾ ਕੇ ਬੁਬੇਕੀ (ਚੰਗੇ ਮਾੜੇ ਦੀ ਪਰਖ ਕਰਨ ਵਾਲੇ ) ਬਣ ਸਕਣ । ਸਿੱਖਾਂ ਨੂੰ ਵੀ ਅਜਿਹੇ ਪ੍ਰਚਾਰਕਾਂ ਦੀ ਹੀ ਹੌਂਸਲਾ ਅਫਸਾਹੀ ਕਰਨੀ ਚਾਹੀਦੀ ਹੈ ।

ਗੁਰਬਾਣੀ ਦੇ ਅੱਗੇ ਦਿੱਤੇ ਸਲੋਕ ਤੋਂ ਵੀ ਇਹ ਹੀ ਸਿੱਧ ਹੁੰਦਾ ਹੈ, ਕਿ 'ਨਾਮ' ਜਾਂਨੀਕਿ ਸ਼ਬਦ ਗੁਰੂ ਦੇ ਗਿਆਨ ਦੀ ਸੋਝੀ ਤੋਂ ਬਗੈਰ ਨਾਂ ਤਾਂ ਕੀਤੇ ਧਾਰਮਿਕ ਕੰਮਾ ਦੀ ਸੋਝੀ ਹੁੰਦੀ ਹੈ ਅਤੇ ਨਾ ਹੀ ਅਕਾਲ ਪੁਰਖ ਦੀ ਬਣਾਈ ਕੁਦਰਤ ਦੀ ਸੋਝੀ ਆਉਂਦੀ ਹੈ ।

**ਸਲੋਕ ॥ ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥ ਪਵਿਤੁ ਪਾਵਨੁ ਪਰਮ ਬੀਚਾਰੀ ॥ ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥**
(ਮ:3,ਪੰਨਾ 317)

ਅਰਥ: ਜੋ ਮਨੁੱਖ ਸਤਿਗੁਰੂ ਦੇ ਸਨਮੁਖ ਰਹਿੰਦਾ ਹੈ, ਉਸ ਵਿਚ ਗਿਆਨ ਤੇ ਵਿਚਾਰ ਵਾਲੀ ਅਕਲਿ ਹੁੰਦੀ ਹੈ; ਉਹ ਹਰੀ ਦੇ ਗੁਣ ਗਾਉਂਦਾ ਹੈ ਤੇ ਹਿਰਦੇ ਵਿਚ (ਗੁਣਾਂ ਦਾ) ਹਾਰ ਪ੍ਰੋ ਲੈਂਦਾ ਹੈ, (ਆਚਰਨ ਦਾ) ਬੜਾ ਸੁੱਧ ਤੇ ਉੱਚੀ ਮਤਿ ਵਾਲਾ ਹੁੰਦਾ ਹੈ। ਜੋ ਮਨੁੱਖ ਉਸ ਦੀ ਸੰਗਤਿ ਕਰਦਾ ਹੈ ਉਸ ਨੂੰ ਭੀ ਉਹ (ਸੰਸਾਰ-ਸਾਗਰ ਤੋਂ) ਪਾਰ ਉਤਾਰ ਲੈਂਦਾ ਹੈ।

**ਟੀਕਾਕਾਰ: ਪ੍ਰੋ. ਸਾਹਿਬ ਸਿੰਘ ਜੀ**

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਬਾਣੀ ਵਿਚ ਬਸੰਤ

**- ਰੂਪ ਸਿੰਘ**

ਗੁਰਬਾਣੀ ਦੀ ਪਾਵਨ-ਪਵਿੱਤਰ ਪੰਗਤੀ ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਬਾਣੀ 'ਤੁਖਾਰੀ ਛੰਤ ਬਾਰਹਮਾਹ' ਦੇ ਪੰਜਵੇ ਪਦੇ ਦੀ ਅਰੰਭਕ ਪੰਗਤੀ ਹੈ। ਗੁਰਬਾਣੀ ਵਿਚ ਬਹੁਤ ਸਾਰੇ ਕਾਵਿ-ਰੂਪਾਂ ਦੀ ਵਰਤੋਂ ਗੁਰੂ ਸਾਹਿਬਾਨ ਨੇ ਕੀਤੀ ਹੈ। ਇਨਾਂ ਕਾਵਿ-ਰੂਪਾਂ ਵਿਚ ਬਹੁਤ ਸਾਰੇ ਕਾਵਿ-ਰੂਪ ਸਮੇਂ ਦੀ ਵੰਡ 'ਤੇ ਆਧਾਰਤ ਹਨ, ਜਿਵੇਂ ਪਹਿਰੇ, ਦਿਨ-ਰੈਣ, ਸਤਵਾਰ, ਥਿਤੀ, ਰੁਤੀ, ਬਾਰਹਮਾਹ ਆਦਿ। ਗੁਰਮਤਿ ਸਾਹਿਤ ਵਿਚ ਸਾਨੂੰ ਤਿੰਨ ਬਾਰਹਮਾਹ ਮਿਲਦੇ ਹਨ। ਪਹਿਲਾ ਬਾਰਹਮਾਹ ਤੁਖਾਰੀ ਰਾਗ ਵਿਚ ਗੁਰੂ ਨਾਨਕ ਸਾਹਿਬ ਜੀ ਦਾ, ਦੂਜਾ ਮਾਝ ਰਾਗ ਵਿਚ ਗੁਰੂ ਅਰਜਨ ਸਾਹਿਬ ਤੇ ਤੀਜਾ ਬਿਰਹ ਨਾਟਕ ਸਿਰਲੇਖ ਅਧੀਨ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਆਮ ਕਰਕੇ ਗੁਰੂ ਅਰਜਨ ਦੇਵ ਜੀ ਵੱਲੋਂ ਉਚਾਰਨ ਕੀਤੇ ਬਾਰਹਮਾਹ ਮਾਝ ਬਾਰੇ ਹੀ ਵੀਚਾਰ ਦੇਸੀ ਮਹੀਨੇ ਦੇ ਪਹਿਲੇ ਦਿਨ ਕੀਤੀ ਜਾਂਦੀ ਹੈ।

ਇੱਥੇ ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਉਚਾਰਨ ਕੀਤੇ ਉਪਰੋਕਤ ਪਦੇ ਦੀ, ਪਹਿਲੇ ਚਾਰ ਪਦਿਆਂ ਦੇ ਸੰਦਰਭ ਵਿਚ ਸਮਝਣ ਦਾ ਯਤਨ ਕਰਾਂਗੇ। ਬਾਰਹਮਾਹ ਤੁਖਾਰੀ ਗੁਰਮਤਿ ਤੇ ਪੰਜਾਬੀ ਸਾਹਿਤ ਵਿਚ ਬਾਰਹਮਾਹ ਕਾਵਿ-ਰੂਪ ਦੀ ਪ੍ਰਥਮ ਰਚਨਾ ਹੈ। ਪੁਰਾਤਨ ਜਨਮ ਸਾਖੀ ਅਨੁਸਾਰ ਇਸ ਦਾ ਰਚਨਾ ਕਾਲ ਸਤੰਬਰ, 1539 ਈ: ਅਤੇ ਰਚਨਾ-ਸਥਾਨ ਕਰਤਾਰਪੁਰ ਸਾਹਿਬ ਮੰਨਿਆ ਗਿਆ ਹੈ। ਇਸ ਬਾਰਹਮਾਹ ਵਿਚ ਗੁਰੂ ਨਾਨਕ ਦੇਵ ਜੀ ਨੇ ਭਾਵਾਤਮਿਕਤਾ ਦੀ ਚਰਮ ਸੀਮਾਂ ਨੂੰ ਛੋਂਹਦਿਆਂ, ਕੁਦਰਤ ਦੇ ਵਿਸਮਾਦੀ ਸਰੂਪ ਨੂੰ, ਪ੍ਰਭੂ-ਮਿਲਾਪ ਦੇ ਉਮਾਹ ਰਾਹੀਂ ਪ੍ਰਗਟ ਕੀਤਾ ਹੈ।

ਭਾਰਤੀ ਕਾਵਿ-ਪਰੰਪਰਾ ਵਿਚ ਖਟੁ-ਰਿੱਤੁ ਵਰਨਣ ਮਿਲਦਾ ਹੈ। ਇਸ ਵਿਚ ਰੁੱਤਾਂ ਦਾ ਵਰਨਣ, ਸਾਲ ਨੂੰ ਛੇ ਰੁੱਤਾਂ ਵਿਚ ਵੰਡ ਕੇ ਕੀਤਾ ਗਿਆ ਹੈ। ਭਾਰਤੀ ਕਵੀ ਰੁੱਤ ਵਰਣਨ ਨੂੰ ਗਰਮੀ ਦੀ ਰੁੱਤ ਤੋਂ ਆਰੰਭ ਕਰ ਕੇ ਬਸੰਤ ਰੁੱਤ ਤਕ ਪੁੱਜਦੇ ਸਨ ਪਰ ਗੁਰਮਤਿ ਦੇ ਦੈਵੀ ਕਵੀ ਗੁਰੂ ਨਾਨਕ ਸਾਹਿਬ ਨੇ 'ਚੇਤੁ ਬੰਸਤੁ ਭਲਾ ਭਵਰ ਸੁਹਾਵੜੇ ਤੋਂ ਆਰੰਭ ਕਰਕੇ 'ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ੩ਘਰਿ ਪਾਇਆ ਨਾਰੀ' ਤਕ ਲਿਜਾਂਦਿਆਂ ਪ੍ਰੀਤਮ ਮਿਲਾਪ ਵਿਸਮਾਦੀ ਰਹੱਸ ਨੂੰ ਦਰਸਾਇਆ ਹੈ।

ਇਸ ਬਾਰਹਮਾਹ ਵਿਚ ਕੁੱਲ ਸਤਾਰਾਂ ਪਦੇ ਹਨ। ਵਿਸ਼ੇ ਦੀ ਜਾਣਕਾਰੀ ਪਹਿਲੇ ਚਾਰ ਪਦਿਆਂ ਵਿਚ ਦਿੱਤੀ ਗਈ ਹੈ। ਅਗਲੇ ਬਾਰਾਂ ਪਦਿਆਂ ਵਿਚ ਬਾਰ ਦੇ ਇਲਾਕੇ 'ਚ ਕੁਦਰਤ ਦੇ ਮੌਲਣ ਨੂੰ ਆਧਾਰ ਬਣਾ ਕੇ ਬਾਰਾਂ ਮਹੀਨਿਆਂ ਦਾ ਵਰਨਣ ਕਰਦਿਆਂ, ਆਖਰੀ ਪਦੇ ਵਿਚ ਸਮੁੱਚੀ ਬਾਣੀ ਦਾ ਨਿਰਣਾਇਕ ਉਪਦੇਸ਼ ਦ੍ਰਿੜ ਕਰਵਾਇਆ ਹੈ।

ਪ੍ਰੀਤਮ ਤੋਂ ਵਿਛੋੜੇ ਦੀ ਵੇਦਨਾ ਨੂੰ ਅਤਿ ਮਿੱਠੀ ਸਰਲ ਤੇ ਠੇਠ ਪੰਜਾਬੀ ਭਾਸ਼ਾ ਵਿਚ ਬਾਰ ਦੇ ਇਲਾਕੇ ਦੇ ਕੁਦਰਤੀ ਪ੍ਰਤੀਕਾਂ ਰਾਹੀਂ ਦਰਸਾਇਆ ਹੈ। ਅੰਤਮ ਪਦੇ ਵਿਚ ਪ੍ਰਭੂ-ਪ੍ਰੀਤਮ ਦੇ ਮਿਲਾਪ-ਉਮਾਹ ਨੂੰ ਪ੍ਰਗਟ ਕੀਤਾ ਗਿਆ ਹੈ। ਪਹਿਲੇ ਪਦੇ ਵਿਚ ਪੂਰਬਲੇ ਕਰਮਾਂ ਨੂੰ ਪ੍ਰਭੂ ਵਿਛੋੜੇ ਦਾ ਕਾਰਨ ਦੱਸਿਆ ਹੈ:

ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ (ਪੰਨਾ 1107)




ਇਨਾਂ ਪੂਰਬਲੇ ਕਰਮਾਂ ਕਰਕੇ ਹੀ ਜੀਵ ਮੋਹ-ਮਾਇਆ ਵਿਚ ਗ਼ਲਤਾਨ ਹੁੰਦਾ ਹੈ। ਪ੍ਰਭੂ-ਮਿਲਾਪ ਤੋਂ ਵਿਹੂਣੀ ਜੀਵ-ਇਸਤਰੀ ਦੀ ਹਾਲਤ ਇਤਨੀ ਤਰਸਯੋਗ ਹੈ ਕਿ ਉਸ ਨੂੰ ਸੰਸਾਰ ਵਿਚ ਕੋਈ ਵੀ ਆਪਣਾ ਸੰਗੀ-ਸਾਥੀ ਨਜ਼ਰ ਨਹੀਂ ਆਉਂਦਾ:

ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ (ਪੰਨਾ 1107)

ਪ੍ਰਭੂ-ਕਿਰਪਾ ਦਾ ਪਾਤਰ ਬਣਿਆਂ, ਜੀਵ ਨੂੰ ਪ੍ਰਭੂ-ਸ਼ਰਨ ਪ੍ਰਾਪਤ ਹੁੰਦੀ ਹੈ ਅਤੇ ਪ੍ਰਭੂ ਕਿਰਪਾ ਦੇ ਪਾਤਰ ਬਣਨ ਲਈ ਆਤਮਿਕ ਜੀਵਨ ਦੇਣ ਵਾਲਾ ਅੰਮ੍ਰਿਤ-ਜਲ ਸਹਾਈ ਹੁੰਦਾ ਹੈ। ਸੰਸਾਰਿਕ ਮੋਹ-ਮਾਇਆ ਜੀਵ ਲਈ ਪ੍ਰਭੂ ਤੋਂ ਵਿਛੋੜੇ ਦਾ ਕਾਰਨ ਹੈ, ਜਿਸ ਨਾਲ ਦੁੱਖ ਉਪਜਦੇ ਹਨ, ਜਦੋਂ ਕਿ ਚਰਨ ਚਲਉ ਮਾਰਗਿ ਗੋਬਿੰਦ 'ਤੇ ਚਲਣ ਨਾਲ ਦੁੱਖ ਦਾ ਅਭਾਵ ਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਨਾਮ ਦੀ ਬਰਕਤ ਰਾਹੀਂ ਗਿਆਨ-ਇੰਦਰੀਆਂ ਨੂੰ ਸੀਮਾਬਧ ਕਰਨ ਨਾਲ ਮੋਹ-ਮਾਇਆ ਤੋਂ ਨਿਰਲੇਪ ਹੋਇਆ ਜਾ ਸਕਦਾ ਹੈ। ਪ੍ਰਭੂ ਦੀ ਸਿਫ਼ਤ-ਸਲਾਹ ਕਰਨ ਵਾਲੇ ਜੀਵ ਨੂੰ ਹੀ ਆਤਮਿਕ ਚਾਨਣ ਹੁੰਦਾ ਹੈ ਕਿ ਕੇਵਲ ਪ੍ਰਭੂ-ਪ੍ਰੀਤਮ ਹੀ ਜੀਵ ਇਸਤਰੀ ਦਾ ਸਦੀਵੀ ਸਾਥੀ ਹੈ। ਪ੍ਰਭੂ ਦੀ ਸਿਫਤ-ਸਲਾਹ ਨਾਲ ਜੀਵ ਵਿਕਾਰਾਂ ਤੋਂ ਮੁਕਤ ਹੋ ਜਾਂਦਾ ਹੈ ਤੇ ਉਸ ਦੇ ਮਨ ਵਿਚ ਪ੍ਰਭੂ-ਮਿਲਾਪ ਲਈ ਉਮਾਹ ਉਪਜ ਪੈਂਦਾ ਹੈ:

ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ 4 (ਪੰਨਾ 1107)

ਬਾਰਹਮਾਹ ਤੁਖਾਰੀ ਵਿਚ ਕੁਦਰਤ ਮੌਸਮਾਂ ਅਨੁਸਾਰ ਵੱਖ-ਵੱਖ ਰੰਗਾਂ 'ਚ ਰੰਗ ਨਿਖ਼ਾਰਦੀ ਨਜ਼ਰ ਆਉਂਦੀ ਹੈ। ਇਸ ਬਾਰਹਮਾਹ ਵਿਚ ਆਦਿ ਗੁਰੂ, ਨਾਨਕ ਦੇਵ ਜੀ ਨੇ ਸੋਹਣੇ ਫੁੱਲਾਂ-ਭੌਰਿਆਂ, ਬਾਰ ਦੇ ਜੰਗਲਾਂ, ਅੰਬਾਂ ਉੱਤੇ ਆਏ ਬੂਰ, ਕੋਇਲਾਂ ਦੇ ਮਿੱਠੇ ਗੀਤ, ਤਪਦੇ ਥਲਾਂ, ਭਖਦੀਆਂ ਅਗਨੀਆਂ, ਚਮਕਦੀਆਂ ਬਿਜਲੀਆਂ, ਮੋਰ, ਡੱਡੂ ਤੇ ਪ੍ਰਿਉ-ਪ੍ਰਿਉ ਕਰਦੇ ਬਬੀਹੇ, ਡੱਸਦੇ ਸੱਪਾਂ ਤੇ ਤੁਖਾਰੀਆਂ ਸਰਦੀਆਂ ਦੇ ਸੂਖਮ ਸਰੂਪ ਨੂੰ ਵੇਖਿਆ, ਜਾਣਿਆ, ਮਾਣਿਆਂ ਤੇ ਅਨੁਭਵ ਕਰ ਬਿਆਨ ਕੀਤਾ ਹੈ:

1. ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ (ਪੰਨਾ 1108)

2. ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ (ਪੰਨਾ 1108)

ਚੇਤ ਮਹੀਨੇ ਨਵੇਂ ਸਾਲ ਦੇ ਅਗਾਜ਼ ਨਾਲ ਬਸੰਤ ਦਾ ਮੌਸਮ ਕੁਦਰਤ ਦੇ ਮੌਲਣ ਦਾ ਸਮਾਂ ਹੈ। ਸਾਰੀ ਬਨਸਪਤੀ ਨਵੇਂ ਪੱਤਿਆਂ, ਫੁੱਲਾਂ ਤੇ ਕਰੂੰਬਲਾਂ ਨਾਲ ਸ਼ਿਗਾਰੀ ਜਾਂਦੀ ਹੈ। ਬਸੰਤੀ ਮੌਸਮ ਆਉਣ ਨਾਲ ਫੁੱਲ ਖਿੜ ਪੈਂਦੇ ਹਨ ਤੇ ਭਵਰੇ ਆਪ-ਮੁਹਾਰੇ ਫੁੱਲਾਂ 'ਤੇ ਆ ਬੈਠਦੇ ਹਨ। ਕੋਇਲਾਂ ਅੰਬਾਂ ਉੱਪਰ ਬੈਠੀਆਂ ਮਿਲਾਪ ਦੇ ਗੀਤ ਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਪਰ 'ਪਤੀ' (ਪਰਮਾਤਮਾ) ਤੋਂ ਵਿਛੜੀ 'ਨਾਰ' (ਜੀਵਾਤਮਾ) ਨੂੰ ਇਹ ਸਭ ਚੰਗਾ ਨਹੀਂ ਲੱਗਦਾ। ਕੈਸੀ ਸਦੀਵੀ ਖੁਸ਼ੀ ਪ੍ਰਾਪਤ ਹੋਵੇ! ਜੇ ਪਤੀ-ਪ੍ਰਮਾਤਮਾ ਨਾਮ-ਬਾਣੀ ਦੀ ਵਰਖਾ ਦੁਆਰਾ ਹਿਰਦੇ ਦੀ ਪਿਆਸ ਤ੍ਰਿਪਤ ਕਰ ਦੇਵੇ ਪਿਰ ਘਰਿ ਬਾਹੁੜੈ

ਜਿਸ ਜੀਵ ਇਸਤਰੀ ਦਾ ਪ੍ਰਭੂ-ਪਤੀ ਹਿਰਦੇ ਰੂਪੀ ਘਰ ਵਿਚ ਨਾ ਆਵੇ, ਉਸ ਜੀਵ ਇਸਤਰੀ ਨੂੰ ਆਤਮਿਕ-ਆਨੰਦ ਪ੍ਰਾਪਤ ਨਹੀਂ ਹੋ ਸਕਦਾ। ਗੁਰੂ ਨਾਨਕ ਦੇਵ ਜੀ ਸੂਹੀ ਦੀ ਵਾਰ ਵਿਚ ਵੀ ਸਪੱਸ਼ਟ ਕਰਦੇ ਹਨ ਕਿ ਕੁਦਰਤ ਦੇ ਖਿੜਾਓ, ਰੁੱਤਾਂ ਦੀ ਬਹਾਰ ਬਸੰਤ ਨੂੰ ਉਹੀ ਮਾਣ, ਮਹਿਸੂਸ ਕਰ ਸਕਦੀਆਂ ਹਨ ਜਿਨਾਂ ਦਾ ਮਾਲਕ ਪਤੀ ਉਨਾਂ ਦੇ ਪਾਸ ਹੈ। ਵਿਛੋੜੇ ਵਿਚ ਕੁਦਰਤੀ ਖਿੜਾਓ ਵੀ ਤੁਹਾਨੂੰ ਖ਼ੁਸ਼ੀ ਨਹੀਂ ਦੇ ਸਕਦਾ। ਵਿਛੋੜਾ ਦੁਖ ਦਾ ਪ੍ਰਤੀਕ ਹੈ ਜਿਨਾਂ ਦੇ ਪਤੀ ਪਰਦੇਸ ਗਏ ਹਨ ਉਨਾਂ ਵਾਸਤੇ ਤਾਂ ਬਸੰਤ ਦੀ ਰੁੱਤ ਵੀ ਪਤਝੜ ਦੇ ਸਮਾਨ ਹੈ:

ਨਾਨਕ ਤਿਨਾ ਬਸੰਤੁ ਹੈ ਜਿਨ ਘਰਿ ਵਸਿਆ ਕੰਤੁ

ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ 2 (ਪੰਨਾ 791)

ਇਹੀ ਕਾਰਨ ਹੈ ਕਿ ਉਸ ਨੂੰ ਬਸੰਤੀ ਬਹਾਰ ਦੇ ਪੰਛੀਆਂ ਦੇ ਮਿੱਠੇ ਗੀਤ ਵੀ ਕੌੜੇ-ਕੁਸੈਲੇ ਲੱਗਦੇ ਹਨ। ਹੇ ਮਨ! ਮਨ ਤਾਂ ਸੰਸਾਰਿਕ ਰੰਗ-ਤਮਾਸ਼ਿਆਂ ਵਿਚ ਭਟਕਦਾ ਫਿਰਦਾ ਹੈ, ਇਹ ਕੋਈ ਅਨੰਦਮਈ ਜੀਵਨ ਨਹੀਂ, ਇਹ ਤਾਂ ਆਤਮਿਕ ਮੌਤ ਹੈ। ਆਤਮਿਕ ਜੀਵਨ ਦੇਣ ਵਾਲੇ ਗੁਰਦੇਵ! ਤੁਸੀਂ ਹੀ ਦੱਸੋ ਕਿ ਜੀਵ-ਇਸਤਰੀ ਪ੍ਰਭੂ-ਪਤੀ ਦਾ ਵਿਛੋੜਾ ਕਿਵੇਂ ਸਹਿਨ ਕਰ ਸਕਦੀ ਹੈ? ਆਤਮਿਕ ਜੀਵਨ ਦੀ ਪ੍ਰਾਪਤੀ ਤਾਂ ਹੀ ਸੰਭਵ ਹੈ, ਜੇ ਵਿਛੋੜੇ ਦੀ ਵਿੱਥ ਮਿਟ ਜਾਵੇ। ਇਹ ਵਿਥ ਤਦ ਹੀ ਮਿਟ ਸਕਦੀ ਹੈ, ਜੇ ਪ੍ਰਭੂ-ਪਤੀ ਜੀਵ-ਇਸਤਰੀ ਦੇ ਹਿਰਦੇ ਵਿਚ ਆ ਟਿਕੇ। ਚੇਤ ਦੇ ਮਹੀਨੇ ਦਾ ਮੌਸਮ ਸੁਹਾਵਣਾ ਹੁੰਦਾ ਹੈ। ਹਰ ਪਾਸੇ ਕੁਦਰਤ ਫੁੱਲਾਂ, ਪੱਤੀਆਂ ਤੇ ਕਰੂੰਬਲਾਂ ਨਾਲ ਸ਼ਿੰਗਾਰੀ ਹੋਣ ਕਰਕੇ ਕੋਇਲਾਂ ਤੇ ਹੋਰ ਪੰਛੀ ਮਿੱਠੇ ਗੀਤ ਬੋਲਦੇ ਹਨ ਪਰ ਇਹ ਮਿੱਠੇ ਗੀਤ ਮਿਲਾਪ ਵਿਚ ਹੀ ਚੰਗੇ ਲੱਗਦੇ ਹਨ। ਇਹੀ ਕਾਰਨ ਹੈ ਕਿ ਪ੍ਰਭੂ-ਪਤੀ ਤੋਂ ਵਿਛੜੀ ਜੀਵ-ਇਸਤਰੀ ਨੂੰ ਕੁਝ ਵੀ ਚੰਗਾ ਨਹੀਂ ਲੱਗਦਾ। ਆਤਮਿਕ ਅਨੰਦ ਮਿਲਾਪ 'ਚ ਹੀ ਸੰਭਵ ਹੈ। ਚੇਤ ਦੇ ਮਹੀਨੇ ਦੀ ਆਖ਼ਰੀ ਪੰਗਤੀ ਆਦਿ ਗੁਰੂ, ਗੁਰੂ ਨਾਨਕ ਦੇਵ ਜੀ ਇਹ ਉਪਦੇਸ਼ ਦ੍ਰਿੜ ਕਰਾਉਂਦੇ ਹਨ:

**ਨਾਨਕ ਚੇਤਿ ਸਹਜਿ ਸੁਖੁ ਪਾਵੈ**
**ਜੇ ਹਰਿ ਵਰੁ ਘਰਿ ਧਨ ਪਾਏ**
(ਪੰਨਾ 1108)

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates

Kuldeep Singh Kang

Sewa Singh Bhinder
ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption
BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services
CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

**ਕਾਂਡ 9**

**- ਬਲਦੇਵ ਸਿੰਘ ਬੁੱਧ ਸਿੰਘ ਵਾਲਾ**

ਸਾਰੇ ਧਰਮੀ ਫੌਜੀ ਵਾਪਸ ਜਾਣ ਵਾਸਤੇ ਕਦੋਂ ਦੇ ਤੜਫ ਰਹੇ ਸਨ ਅੱਜ ਸੁਭਾਗਾ ਦਿਨ ਚੜ੍ਹਿਆ ਸੀ ਸਾਰੇ ਭੰਗੜੇ ਪਾ ਰਹੇ ਸਨ।

'ਯਾਰ ਤੁਸੀਂ ਚਾਂਬੜਾਂ ਮਾਰੀ ਜਾਨੇ ਆਂ ਥੋਨੂੰ ਛੱਡਤਾ?' ਦਰਸ਼ਨ ਪੰਡਤ ਨੇ ਕਿਹਾ।

'ਬੱਸ ਕੱਲ ਨੂੰ ਛੱਡ ਦੇਣਗੇ' ਕਾਮਰੇਡ ਨੇ ਕਿਹਾ।

'ਯਾਰ ਕਾਮਰੇਡਾ ਮੇਰੀ ਖੱਬੀ ਅੱਖ ਫਰਕੀ ਜਾਂਦੀ ਆ' ਦਰਸ਼ਨ ਨੇ ਕਿਹਾ।

'ਜਾ ਓਏ ਬਾਮਣਾ! ਫੌਜ 'ਚ' ਆ ਕੇ ਵਹਿਮਾਂ-ਭਰਮਾਂ 'ਚ' ਪਿਆ ਫਿਰਦੈਂ!' ਗਿਆਨੀ ਨੇ ਕਿਹਾ।

'ਨਈਂ ਕਾਲੀਆ ਮੇਰਾ ਦਿਲ ਘਬਰਾਈ ਜਾਂਦੈ ਤੇ ਮੇਰੇ ਅੱਜ ਉੱਠਦੇ ਦੇ ਠੇਡਾ ਵੀ ਵੱਜਿਆ ਸੀ।

'ਲਓ ਜੀ ਪੰਡਤ ਜੀ ਪੈ ਗਏ ਵਹਿਮਾਂ ਭਰਮਾਂ 'ਚ' ਪਰ ਏਹ ਗੱਲਾਂ ਫਜ਼ੂਲ ਆ ਮੈਂ ਆਵਦੀ ਗੱਲ ਦੱਸਦਾਂ' ਕਾਮਰੇਡ ਨੇ ਕਿਹਾ ਤਾਂ ਦੇਗ ਲੈਣ ਵਾਲਿਆਂ ਵਾਂਗੂੰ ਸਾਰੇ ਨੇੜੇ ਹੋ ਗਏ।

'ਬਾਘੇਆਲੇ ਨਵਾਂ ਠਾਣੇਦਾਰ ਆਇਆ ਸੀ ਪੂਰਾ ਗੁਰਸਿੱਖ ਠਾਣੇ 'ਚ' ਖੰਡਪਾਠ ਵੀ ਰਖਵਾਇਆ ਸੀ ਤੇ ਭਾਈ ਐਂਦੇ ਨੇ ਹੀ ਡੋਡੇ ਵੇਚਣ ਵਾਲੇ ਫੜਲੇ'।

'ਫਿਰ ਅਮਲੀਆਂ ਦਾ ਕੀ ਹੋਇਆ' ਮੀਕੇ ਨੇ ਕਿਹਾ।

'ਮੀਕਿਆ ਦੂਜੇ ਅਮਲੀਆਂ ਦਾ ਤਾਂ ਮੈਨੂੰ ਪਤਾ ਨੀ ਪਰ ਮੇਰਾ ਪਿਓ ਬਗੈਰ ਡੋਡਿਆਂ ਤੋਂ ਮਰ ਗਿਆ'!

'ਬੜਾ ਮਾੜਾ ਕੰਮ ਹੋਇਆ' ਕੇਵਲ ਨੇ ਉਦਾਸ ਹੋ ਕੇ ਕਿਹਾ।

'ਏਹ ਮਾੜਾ ਤਾਂ ਹੋਇਆ ਈ ਸੀ ਪਰ ਏਸ ਤੋਂ ਵੀ ਵੱਧ ਮਾੜਾ ਉਦੋਂ ਹੋਇਆ ਜਦੋਂ ਸਸਕਾਰ ਤੋਂ ਬਾਦ ਸਾਡੇ ਪਿੰਡ ਦਾ ਪੰਡਤ ਸਾਡੇ ਘਰ ਆ ਗਿਆ। ਮੈਨੂੰ ਤੇ ਮੇਰੀ ਘਰਵਾਲੀ ਨੂੰ ਪਾਸੇ ਲਿਜਾ ਕੇ ਕਹਿਣ ਲੱਗਾ'।

'ਵਈ ਤੁਸੀਂ ਆਵਦੇ ਬਾਪੂ ਦੀ "ਗਤੀ" ਕਰਵਾਓ ਨਈਂ ਤਾਂ ਓਹ ਨਰਕਾਂ 'ਚ' ਜਾਊ, ਥੋਡਾ ਪਿਓ ਮੇਰਾ ਬਾਈ ਜੀ ਸਾਰੀ ਉਮਰ ਕਾਲੇ ਬਲਦ ਵਗਿਆ, ਨੜੇ ਵਾਂਗੂੰ ਉੱਧੜਿਆ, ਊਰੀ ਵਾਂਗੂੰ ਘੁੰਮਿਆਂ ਹੁਣ ਥੋਡਾ ਉਦੇ ਆਸਤੇ ਕੁਝ ਕਰਨ ਦਾ ਹੱਕ ਬਣਦਾ' ਪੰਡਤ ਨੇ ਸਿਰ ਤੇ ਵਲੇਟੇ ਡੱਬੀਆਂ ਵਾਲੇ ਸਾਫੇ ਨੂੰ ਠੀਕ ਕਰਦੇ ਹੋਏ' ਕਿਹਾ।

'ਤੇ ਜੇ ਗਤੀ ਨਾ ਕਰਾਈਏ?'

'ਫਿਰ ਨਰਕਾਂ 'ਚ' ਜਾਊ ਐਡੇ ਕਾਮੇ ਨੂੰ ਨਰਕਾਂ 'ਚ' ਭੇਜਣਾ ਅੱਛਾ ਨੀਂ!' ਪੰਡਤ ਦੀ ਦਲੀਲ ਸੁਣਕੇ ਦੋਨੋਂ ਡਰ ਗਏ।

'ਜੀ ਗਤੀ ਕਿਵੇਂ ਹੋਊ?' ਮੇਰੀ ਘਰਵਾਲੀ ਨੇ ਹੱਥ ਜੋੜ ਕੇ ਪੁੱਛਿਆ।

'ਬੱਸ ਜਾਦਾ ਖਰਚਾ ਨੀ ਹੁੰਦਾ ਬੱਸ ਥੋਨੂੰ ਦੁੱਧ ਦੇਣ ਵਾਲੀ ਗਾਂ ਪੁੰਨ ਕਰਨੀ ਪਊ'

'ਜੀ ਕਿੱਥੇ'?

'ਹਰਦੁਆਰ ਜਾਣਾ ਪਊ' ਪੰਡਤ ਨੇ ਕਿਹਾ ਤਾਂ ਅਸੀਂ ਦੋਨੋਂ ਜੀ ਕੰਬ ਗਏ ਕਿ ਇੱਕ ਤਾਂ ਸੱਜਰ ਗਾਂ ਦੂਜਾ ਹਰਦੁਆਰ ਬਹੁਤ ਖਰਚਾ ਆ ਜਾਵੇਗਾ।

'ਜੀ ਗਾਂ ਦੀ ਥਾਂ ਬੱਕਰੀ ਨਾਲ ਨੀ ਕੰਮ ਚੱਲ ਸਕਦਾ? ਕਿਉਂਕਿ ਮੇਰਾ ਪਿਓ ਵੀ ਡੋਡੇ ਪੀ ਪੀ ਕੇ ਬੱਕਰੀ ਵਰਗਾ ਸੀ' ਮੈਂ ਨਿਮਰਤਾ ਨਾਲ ਪੁੱਛਿਆ ਤਾਂ ਪੰਡਤ ਨੇ ਹੱਸਕੇ ਕਿਹਾ-

'ਕੀ ਗੱਲ ਕਰਦੈਂ ਭਗਤਾ ਤੈਨੂੰ ਸ਼ੈਦ ਪਤਾ ਨੀ ਸੁਰਗਾਂ 'ਚ' ਜਾਣ ਵਾਸਤੇ ਬਹੁਤ ਲੰਮੀ ਖੁਨ ਦੀ ਨਦੀ ਪਾਰ ਕਰਨੀ ਪੈਂਦੀ ਆ ਜਿਸਨੂੰ ਤਿੰਨ ਚਾਰ ਦਿਨ ਲੱਗ ਜਾਂਦੇ ਉਹ ਗਊ ਮਾਤਾ ਦੀ ਪੂਛ ਫੜਕੇ ਹੀ ਪਾਰ ਹੁੰਦੀ ਆ ਤੇ ਬੱਕਰੀ ਦੀ ਪੂਛ ਤਾਂ ਚੂਹੇ ਜਿੱਡੀ ਹੁੰਦੀ ਆ ਨਾਲੇ ਬੱਕਰੀ ਤਾਂ ਊਂ ਈ ਠੱਕੇ ਨਾਲ ਮਰਜੂ ਨਾਲੇ ਕੈਂਦੇ ਹੁੰਦੇ ਆ

"ਅਮਲੀ, ਬੱਕਰੀ ਤੇ ਕਾਗਤ ਜੇ ਭਿੱਜਗੇ ਰੈਂਦੇ ਨਾ ਸਾਬਤ"

'ਜੀ ਹਰਦੁਆਰ ਤੋਂ ਬਿਨਾਂ ਕੰਮ ਨੀ ਚਲਦਾ? ਓਹ ਤਾਂ ਬੌਤ ਦੂਰ ਆ' ਮੇਰੀ ਘਰਵਾਲੀ ਨੇ ਅੱਗੇ ਹੋ ਕੇ ਪੁੱਛਿਆ।

'ਚਲੋ ਥੋਡੀ ਪਤਲੀ ਹਾਲਤ ਦੇਖਕੇ ਨਾਲੇ ਘਰ ਦੇ ਬੰਦੇ ਸਮਝ ਕੇ ਬੰਦੋਬਸਤ ਹੋਜੂ ਗਊ ਮਾਤਾ ਮੈਂ ਰੱਖ ਲੂੰ' ਗੱਡੀ ਲੀਹ ਤੇ ਆਉਂਦੀ ਦੇਖਕੇ ਪੰਡਤ ਨੇ ਮਨ ਵਿੱਚ ਲੱਡੂ ਭੋਰਦੇ ਹੋਏ ਨੇ ਕਿਹਾ।

'ਜੀ ਕਦੋਂ ਗਾਂ ਪੁੰਨ ਕਰਨੀ ਆ'?

'ਪਰਸੋਂ ਬੁੱਧਵਾਰ ਵੀ ਆ ਨਾਲੇ ਪੁੰਨਿਆਂ ਗਊ ਮਾਤਾ ਨਵਾ ਧਵਾ ਕੇ ਸ਼ਾਮ ਨੂੰ ਲੈ ਆਇਓ ਮੈਂ ਪੂਜਾ ਪਾਠ ਕਰਕੇ ਬਾਈ ਨੂੰ ਸਵਰਗਾਂ ਵਿੱਚ ਪਹੁੰਚਾ ਕੇ ਸਾਹ ਲਊਂਗਾ ਅਜੇ ਤਾਂ ਵਿਚਾਰਾ ਕੰਢੇ ਤੇ ਬੈਠਾ' ਪੰਡਤ ਨੇ ਲੰਮਾਂ ਸਾਹ ਲੈ ਕੇ ਤੇ ਮੂੰਹ ਉੱਤੇ ਉਦਾਸੀ ਲਿਆ ਕੇ ਕਿਹਾ।

'ਠੀਕ ਆ ਜੀ' ਅਸੀਂ ਦੋਨਾ ਨੇ ਕਿਹਾ। ਪਰ ਫ਼ਿਕਰ ਪੈ ਗਿਆ ਕਿ ਸਿਆਲਾਂ ਦੇ ਦਿਨਾ ਵਿੱਚ ਸੱਜਰ ਗਾਂ ਏਹ ਲੈਜੂ ਜੁਆਕ ਦੁੱਧ ਕਿੱਥੋਂ ਪੀਣਗੇ? ਨਾਲੇ ਬਾਪੂ ਮਰਗਿਆ ਚੰਗਾ ਈ ਹੋਇਆ ਕਿਉਂਕਿ ਡੋਡੇ ਆਪ ਘੱਟ ਪੀਂਦਾ ਸੀ ਤੇ ਲੋਕਾਂ ਨੂੰ ਜ਼ਿਆਦਾ ਪਿਆਉਂਦਾ ਸੀ। ਇਹ ਸੋਚਦੇ ਸੀ ਬੁੜਾ ਮਰ ਜਾਣ ਨਾਲ ਖਰਚ ਘਟਿਆ। ਪਰ ਪੰਡਤ ਨੇ ਹੋਰ ਸੱਪ ਕੱਢ ਦਿੱਤਾ ਸੁਰਗ ਨਰਕ ਦਾ ਡਰਾਵਾ ਦੇ ਦਿੱਤਾ। ਬਖਸ਼ਾਉਣ ਗਏ ਸੀ ਰੋਜ਼ੇ, ਨਮਾਜਾਂ ਗਲ ਪੈ ਗਈਆਂ। ਗਏ ਸੀ ਦਰਿਆ ਵਿੱਚੋਂ ਕੰਬਲ ਕੱਢਣ ਅੱਗੋਂ ਰਿੱਛ ਨੇ ਫੜ ਲਿਆ! ਸੋ ਬੁੱਧਵਾਰ ਨੂੰ ਦੋਵੇਂ ਜੀ ਗਾਂ ਲੈਕੇ ਚਲੇ ਗਏ ਪੰਡਤ ਖੁਸ਼ ਹੋ ਗਿਆ'

'ਹੱਛਾ ਮੈਂ ਮੰਤਰ ਪੜਦਾਂ' ਪੰਡਤ ਨੇ ਕਿਹਾ ਤੇ ਮੂੰਹ ਵਿੱਚ ਬੁੜ ਬੁੜ ਕਰਨ ਲੱਗ ਪਿਆ ਕੋਈ ਅੱਧਾ ਘੰਟਾ ਪਾਠ ਕੀਤਾ। 'ਓਮ ਸ਼ਾਂਤੀ! ਓਮ ਸ਼ਾਂਤੀ! ਸਵਾਹਾ, ਸਵਾਹਾ, ਬੱਸ ਬਾਈ ਜੀ ਸਵਰਗਾਂ ਵਿੱਚ ਚਲਾ ਗਿਆ' ਪੰਡਤ ਨੇ ਆਖਰੀ ਪਾਠ ਪੜਕੇ ਕਿਹਾ।




'ਪੰਡਤ ਜੀ ਹੁਣ ਵਾਪਸ ਤਾਂ ਨੀ ਆਊਗਾ?' ਮੈਂ ਪੁੱਛਿਆ।

'ਨਾ ਜੀ ਨਾ ਹੁਣ ਵਾਪਸ ਕਿੱਥੇ ਮੈਂ ਆਪ ਸਵਰਗਾਂ ਵਿੱਚ ਵਾੜਕੇ ਬਾਰ ਬੰਦ ਕਰਵਾ ਕੇ ਸਾਹ ਲਊਂਗਾ ਹੁਣ ਮੈਨੂੰ ਹੋਰ ਪਾਠ ਕਰਨ ਦਿਓ ਹੁਣ ਤੁਸੀਂ ਜਾਵੋ' ਪੰਡਤ ਨੇ ਕਿਹਾ। ਅਸੀਂ ਦੋਵੇਂ ਜੀ ਵਾਪਸ ਆ ਗਏ। ਚੌਥੇ ਦਿਨ ਮੈਂ ਤੇ ਮੇਰਾ ਬਾਰਾਂ ਤੇਰਾਂ ਸਾਲ ਦਾ ਮੁੰਡਾ ਪੰਡਤ ਕੋਲ ਗਏ ਤੇ ਪੰਡਤ ਤੋਂ ਪੁੱਛਿਆ ਕਿ-

'ਬਾਪੂ ਜੀ ਸੁਰਗਾਂ 'ਚ' ਚਲੇ ਗਏ?'

'ਹਾਂ ਜੀ ਹਾਂ ਮੈ ਸਵਰਗਾਂ 'ਚ' ਛੱਡਕੇ ਦਰਵਾਜਾ ਬੰਦ ਕਰਵਾ ਦਿੱਤਾ' ਪੰਡਤ ਨੇ ਕਿਹਾ।

'ਹੁਣ ਵਾਪਸ ਤਾਂ ਨੀ ਆਊਗਾ'?

'ਨਹੀਂ ਜੀ ਸਵਾਲ ਹੀ ਪੈਦਾ ਨੀ ਹੁੰਦਾ' ਜਿਓਂ ਹੀ ਪੰਡਤ ਨੇ ਕਿਹਾ, ਮੈਂ ਮੁੰਡੇ ਨੂੰ ਕਿਹਾ ਗਾਂ ਖੋਹਲਕੇ ਅੱਗੇ ਲਾ ਲਈ।

'ਗਊ ਮਾਤਾ ਨੂੰ ਤਾਂ ਛੱਡ ਜੋ' ਪੰਡਤ ਨੇ ਘਬਰਾ ਕੇ ਕਿਹਾ।

'ਹੁਣ ਤਾਂ ਮੇਰਾ ਪਿਓ ਸਵਰਗਾਂ 'ਚ' ਚਲਾ ਗਿਆ ਮੁੜ ਸਕਦਾ ਨੀ ਮੈਂ ਹੁਣ ਨੀ ਗਾਂ ਦੇਣੀ' ਆਖ ਕੇ ਮੈਂ ਗਾਂ ਘਰ ਲੈ ਆਇਆ ਪੰਡਤ ਗਾਲਾਂ ਕੱਢ ਰਿਹਾ ਸੀ।

'ਸਾਲੇ ਜੱਟ ਨਾ ਹੋਣ ਤਾਂ ਕੰਮ ਵੇਲੇ ਕੋਡੇ ਹੋਣ ਤੱਕ ਜਾਂਦੇ ਆ ਜਦੋਂ ਕੰਮ ਹੋ ਗਿਆ ਝੱਗਾ ਚੱਕ ਦਿੰਦੇ ਆ। ਸਹੀ ਆ ਪੁਲਸ ਆਲੇ ਜੇੜੇ ਏਨਾਂ ਨੂੰ ਮੱਤ ਦਿੰਦੇ ਆ। ਸਾਲੇ ਪਿਸ਼ਾਬ ਵੀ ਆਵਦੀ ਪੈਲੀ 'ਚ' ਕਰਨਗੇ ਅਖੇ ਏਹ ਵੀ ਖਾਦ ਆ, ਚਾਹੇ ਗੌਰਮਿੰਟ ਫਰੀ ਬਿਜਲੀ ਦੇ ਦੇਵੇ ਫਿਰ ਏਹ ਬੁਝੜ ਜੇ ਦੋ ਦੋ ਮੋਟਰਾਂ ਰੱਖ ਲੈਣਗੇ ਫੇਰ ਕੈਣਗੇ ਬਿਜਲੀ ਆਲੇ ਸਾਕ ਨੀ ਦਿੰਦੇ ਸਾਲੇ ਮੱਝਾਂ ਗਾਵਾਂ ਤੇ ਕਰਜ਼ਾ ਲੈ ਕੇ ਉਨਾਂ ਨੂੰ ਨਸ਼ੇ ਦਾ ਟੀਕਾ ਲਾ ਕੇ ਬੇਹੋਸ਼ ਕਰਕੇ ਪਸ਼ੂ ਨੂੰ ਮਰਿਆ ਦਿਖਾ ਕੇ ਫੋਟੋ ਖਿੱਚ ਕੇ ਕਰਜਾ ਮਾਫ਼ ਕਰਾ ਲੈਣਗੇ ਫੇਰ ਕੈਣਗੇ ਜੀ ਅਸੀਂ ਤਾਂ ਸਿੱਧੇ ਸਾਧੇ ਆਂ, ਆੜਤੀਆਂ ਤੋਂ ਪੈਸੇ ਲੈ ਕੇ ਮੁੱਕਰ ਜਾਣਗੇ ਗੁਰਦਵਾਰੇ ਜਾ ਕੇ ਸੌਂਹ ਖਾ ਲੈਣਗੇ, ਬਾਣੀਆਂ ਨੂੰ ਜੱਟ ਕੀ ਗੌਲਦੇ ਆ ਸਾਲੇ ਨਾ ਹੋਣ ਤਾਂ' ਪੰਡਤ ਗਾਲਾਂ ਕੱਢਦਾ ਦੂਰ ਤੱਕ ਸੁਣ ਰਿਹਾ ਸੀ। ਮੈਂ ਪ੍ਰਵਾਹ ਨਾ ਕੀਤੀ, ਪਰ ਮੈਂ ਗਾਂ ਲੈ ਕੇ ਘਰੇ ਆ ਗਿਆ ਘਰਵਾਲੀ ਗਾਂ ਦੇਣ ਨੂੰ ਤਿਆਰ ਸੀ'।

'ਅਸੀਂ ਤਾਂ ਖੇਤੀ ਕਰਨ ਵਾਲੇ ਜੱਟ ਆਂ! ਸਾਡਾ ਪੰਡਤਾਂ ਨਾਲ ਕੋਈ ਲੈਣ ਦੇਣ ਨੀਂ!' ਦਰਸ਼ਨ ਨੇ ਕਿਹਾ।

'ਦਰਸ਼ਨਾ ਮੈਂ ਕਦੋਂ ਕਿਹਾ ਤੂੰ ਪੰਡਤਾਂ ਦਾ ਮੁੰਡਾ, ਤੂੰ ਜੱਟ ਖੇਤੀ ਕਰਦੈਂ ਪਰ ਤੇਰੀਆਂ ਗੱਲਾਂ ਪੰਡਤਾਂ ਵਾਲੀਆਂ ਜਿਵੇ ਖੱਬੀ ਸੱਜੀ ਅੱਖ ਫਰਕਨੀ ਠੇਡੇ ਦਾ ਵਿਚਾਰ'

'ਵਿਚਾਰ ਕਰਨੇ ਪੈਂਦੇ ਆ ਭਰਾਵਾ ਕੈਂਦੇ ਆ ਦੁੱਖ 'ਚ' ਤਾਂ ਕੋਈ ਛਿੱਕ ਵੀ ਮਾਰ ਦੇਵੇ ਤਾਂ ਵੀ ਨੁਕਸਾਨ ਹੋ ਜਾਂਦਾ, ਭਰਾਵਾ ਸੁੱਬੀ ਦਾ ਸੱਪ ਬਣ ਜਾਂਦੈ! ਖਾਲੀ ਵੀ ਚੱਲ ਜਾਂਦੀ ਆ!'

'ਵੈਸੇ ਉਸਤਾਦ ਦਰਸ਼ਨ ਸਿਹਾਂ ਗੁੱਸਾ ਨਾ ਕਰੀਂ ਤੂੰ ਜੱਟ ਤਾਂ ਬਣ ਗਿਆ ਪਰ ਪੰਡਤਾਂ ਵਾਲੀਆਂ ਗੱਲਾਂ ਨੀ ਗਈਆਂ' ਕੇਵਲ ਨੇ ਕਿਹਾ

'ਕਿਵੇਂ?' ਦਰਸ਼ਨ ਨੇ ਕੋਲ ਹੋ ਕੇ ਪੁੱਛਿਆ।

'ਲੈ ਸੁਣ ਫਿਰ-ਸਾਡੇ ਪਿੰਡ ਅੰਬਰਸਰ ਵੱਲੋਂ ਮਾਸਟਰ ਆਇਆ ਉਹ ਸਕੂਲ ਵਿੱਚ ਭੜਾ ਰਿਹਾ ਸੀ, ਪਰ ਪਿੰਡ ਦੇ ਜਵਾਕ ਰੱਜ ਕੇ ਨਾਲਾਇਕ ਪੜਦੇ ਨੀ ਸੀ, ਪਰ ਚਾਹੁੰਦਾ ਸੀ ਕਿ ਚਾਰ ਅੱਖਰ ਪੜ ਜਾਣ। ਇਕ ਦਿਨ ਮਾਸਟਰ ਗੁੱਸੇ ਵਿੱਚ ਸੀ ਅਤੇ ਬੱਚਿਆਂ ਨੂੰ ਕੈਂਦਾ-

"ਤੁਸੀਂ ਤਾਂ ਮੁੰਡੇ ਹੋ ਮੈਂ ਤਾਂ ਗਧਿਆਂ ਨੂੰ ਬੰਦੇ ਬਣਾਂ ਦਿਆਂ ਥੋਡੀ ਕੀ ਹਿੰਮਤ ਕਿ ਨਾ ਪੜੋ ਕੱਲ ਨੂੰ ਕੰਮ ਕਰਕੇ ਲਿਔਣਾ" ਆਖਕੇ ਮਾਸਟਰ ਨੇ ਛੁੱਟੀ ਕਰ ਦਿੱਤੀ। ਛੁੱਟੀ ਤੋਂ ਬਾਅਦ ਇੱਕ ਘੁਮਿਆਰ ਆ ਗਿਆ ਜੋ ਕਿ ਸਕੂਲ ਦੇ ਨੇੜੇ ਗਧੇ ਚਾਰ ਰਿਹਾ ਸੀ। ਉਹ ਇੱਕ ਗਧਾ ਵੀ ਸੀ।

'ਮਛਟਰ ਜੀ ਸਾਸਰੀ ਕਾਲ'

'ਸਾਸਰੀ ਕਾਲ' ਮਾਸਟਰ ਨੇ ਕਿਹਾ।

'ਇੱਕ ਕੰਮ ਆ ਜੀ' ਘੁਮਿਆਰ ਨੇ ਹੱਥ ਜੋੜਕੇ ਕਿਹਾ।

'ਹਾਂ ਜੀ ਦੱਸੋ ਪਰ ਹੱਥ ਜੋੜੋ'

'ਤੁਸੀਂ ਆਖ ਰਹੇ ਸੀ ਕਿ ਮੈਂ ਤਾਂ ਗਧਿਆਂ ਨੂੰ ਬੰਦੇ ਬਣਾ ਦੂੰ'

'ਹਾਂ ਜੀ ਮੈਂ ਹੁਣੇ ਕਿਹਾ ਸੀ' ਮਾਸਟਰ ਨੇ ਸੋਚਿਆ ਕਿ ਇਸਨੇ ਆਪਣਾ ਬੱਚਾ ਸਕੂਲ ਵਿੱਚ ਦਾਖਲ ਕਰਵਾਉਣਾ ਹੋਵੇਗਾ ਚਲੋ ਚੰਗਾ ਸਕੂਲ ਵਿੱਚ ਜ਼ਿਆਦਾ ਬੱਚੇ ਹੋਣਗੇ ਮੇਰੀ ਟੌਹਰ ਹੋਵੇਗੀ।

'ਤੇ ਤੁਸੀਂ ਮੇਰੇ ਗਧੇ ਨੂੰ ਵੀ ਬੰਦਾ ਬਣਾ ਦੇਵੋ' ਘੁਮਿਆਰ ਨੇ ਗਧੇ ਦਾ ਰੱਸਾ ਮਾਸਟਰ ਨੂੰ ਫੜਾਉਂਦੇ ਹੋਏ ਕਿਹਾ। ਮਾਸਟਰ ਹੱਸਣ ਲੱਗ ਪਿਆ।

'ਭਾਅ ਜੀ ਮੈਂ ਤੇ ਮਖੌਲ ਪਿਆ ਕਰਦਾ ਸੀ'

'ਨਈਂ ਜੀ ਏਹ ਮਖੌਲ ਨੀ ਤੁਸੀਂ ਜੱਟਾਂ ਦੇ ਗਧਿਆਂ ਨੂੰ ਮੁੰਡੇ ਬਣੌਂਦੇ ਹੋ, ਤੇ ਮੇਰਾ ਗਧਾ ਏਸ ਵਾਸਤੇ ਨੀ ਬਣੌਂਦੇ ਕਿ ਮੈਂ ਗਰੀਬ ਆਂ'

'ਮੈਂ ਤੇ ਐਂਵੇ ਆਖ ਛੱਡਿਆ ਸੂ ਤੇ ਤੂੰ ਸੱਚ ਮੰਨ ਲਿਆ'

'ਨਈਂ ਜੀ ਤੁਸੀਂ ਗਧਿਆਂ ਤੋਂ ਮੁੰਡਾ ਬਣਾਏ ਆ ਤਾਂਹੀ ਤਾਂ ਥੋਡੇ ਸਕੂਲ ਦੇ ਬੱਚਿਆਂ ਦੇ ਡਮਾਕ ਗਧਿਆਂ ਵਰਗੇ ਆ' ਘੁਮਿਆਰ ਨੇ ਕਿਹਾ ਤਾਂ ਮਾਸਟਰ ਨੂੰ ਹਾਸਾ ਵੀ ਆਇਆ ਤੇ ਗੁੱਸਾ ਵੀ।

'ਠੀਕ ਆ ਮੈਂ ਕੱਲ ਦੱਸਾਂਗਾ' ਮਾਸਟਰ ਨੇ ਪਿੱਛਾ ਛੁਡਾਉਂਦੇ ਹੋਏ ਨੇ ਕਿਹਾ।

'ਕੱਲ ਨੀ ਜੀ ਕੱਲ ਨੂੰ ਮੈਥੋਂ ਕਾਲਾ ਕੋਈ ਹੋਰ ਆਜੂ ਅੱਜ ਈ ਲੈਜੋ' ਘੁਮਿਆਰ ਗਧੇ ਨੂੰ ਦੁਖਤ ਨਾਲ ਬੰਨ ਕੇ ਚਲਾ ਗਿਆ। ਇਕ ਹਫਤੇ ਬਾਅਦ ਮਾਸਟਰ ਤੋਂ ਪਤਾ ਕੀਤਾਂ ਕਿ ਗਧੇ ਤੋਂ ਬੰਦਾ ਬਣਾ ਗਿਆ ਮਾਸਟਰ ਨੇ ਅਗਲੇ ਹਫਤੇ ਦੀ ਤਾਰੀਖ ਪਾ ਦਿੱਤੀ। ਗਧਾ ਹੋਵੇ ਤਾਂ ਵਾਪਸ ਕਰ ਦੇਵੇ ਮਾਸਟਰ ਗਧਾ ਵੇਚ ਕੇ ਸ਼ਰਾਬ ਪੀ ਗਿਆ! ਹੁਣ ਘੁਮਿਆਰ ਹਰ ਹਫਤੇ ਆਉਂਦਾ ਪਰ ਨਿਰਾਸ ਹੋ ਕੇ ਖਾਲੀ ਹੱਥ ਮੁੜ ਜਾਂਦਾ ਇੱਕ ਦਿੱਨ ਪਿੰਡ ਵਿੱਚ ਪੁਲੀਸ ਨੇ ਸ਼ਰਾਬ ਕੱਢਣ ਵਾਲਿਆਂ ਤੇ ਛਾਪਾ ਮਾਰ ਦਿੱਤਾ ਠਾਂਣੇਦਾਰ ਨੇ ਸਿਪਾਹੀ ਪਿੰਡ ਵਿੱਚ ਭੇਜ ਦਿੱਤੇ ਤੇ ਆਪ ਪਿੱਪਲ ਥੱਲੇ ਕੁਰਸੀ ਤੇ ਬੈਠ ਗਿਆ। ਉੱਧਰੋਂ ਘੁਮਿਆਰ ਵੀ ਰੱਸਾ ਲੈ ਕੇ ਆ ਗਿਆ ਤੇ ਮਾਸਟਰ ਨੂੰ ਪੁੱਛਿਆ, ਮਾਸਟਰ ਨੇ ਖੁਸ਼ ਹੋ ਕੇ ਕਿਹਾ-

'ਵਧਾਈਆਂ ਵਈ ਤੈਨੂੰ ਤੇਰਾ ਗਧਾ ਬੰਦਾ ਬਣ ਗਿਆ ਪਰ ਮੇਰੇ ਕੋਲੋਂ ਮਸਾਲਾ ਜ਼ਿਆਦਾ ਲੱਗ ਗਿਆ ਇਸ ਵਾਸਤੇ ਉਹ ਸਿੱਧਾ ਠਾਂਣੇਦਾਰ ਬਣ ਗਿਆ ਔਹ ਕੁਰਸੀ ਤੇ ਬੈਠਾ ਜਾਕੇ ਲੈ ਜਾ'

'ਠੀਕ ਆ ਜੀ ਬੌਤ ਮੇਰਬਾਨੀ' ਆਖ ਕੇ ਘੁਮਿਆਰ ਠਾਂਣੇਦਾਰ ਕੋਲ ਜਾਕੇ ਉਸਦੇ ਆਲੇ ਦੁਆਲੇ ਗੇੜੇ ਕੱਢਣ ਲੱਗ ਪਿਆ ਕਿ ਸਿਆਣ ਕੇ ਆਪ ਹੀ ਮੇਰੇ ਨਾਲ ਤੁਰ ਪਵੇਗਾ ਪਰ ਠਾਣੇਦਾਰ ਨੇ ਤਾਂ ਅੱਖ ਵੀ ਨਾ ਮਿਲਾਈ ਆਖਰ ਤੰਗ ਆਕੇ ਪਿੱਛੋਂ ਦੀ ਹੋ ਕੇ ਠਾਂਣੇਦਾਰ ਦੇ ਗਲ ਵਿੱਚ ਰੱਸਾ ਪਾ ਦਿੱਤਾ! ਠਾਣੇਦਾਰ ਤ੍ਰਬਕ ਗਿਆ!

'ਚੱਲ ਪੁੱਤ ਘਰ ਚੱਲ' ਘੁਮਿਆਰ ਨੇ ਰੱਸਾ ਖਿੱਚਦੇ ਹੋਏ ਨੇ ਕਿਹਾ। ਠਾਂਣੇਦਾਰ ਨੂੰ ਗੁੱਸਾ ਆ ਗਿਆ ਆਉਣਾ ਹੀ ਸੀ ਉਸਨੇ ਘੁਮਿਆਰ ਨੂੰ ਧੱਕਾ ਮਾਰਕੇ ਜ਼ਮੀਨ ਤੇ ਸਿੱਟ ਦਿੱਤਾ ਤੇ ਲੱਗਾ ਬੂਟਾਂ ਦੇ ਠੁੱਡੇ ਮਾਰਨ ਆਖਰ ਜਦੋਂ ਠਾਣੇਦਾਰ ਥੱਕ ਗਿਆ ਤਾਂ ਕੈਂਦਾ।

'ਜਾਹ ਭੱਜ ਜਾ ਜੇ ਬਚਣਾ ਤਾਂ' ਠਾਂਣੇਦਾਰ ਨੇ ਰੋਅਬ ਨਾਲ ਕਿਹਾ। ਪਰ ਘੁਮਿਆਰ ਖੜਾ ਹੋ ਕੇ ਜਾਣ ਲੱਗਾ ਕੈਂਦਾ-

'ਪੁੱਤ ਬੰਦਾ ਤਾਂ ਤੂੰ ਬਣ ਗਿਆ ਪਰ ਤੇਰੀ ਟੀਟਣੇ ਮਾਰਨ ਵਾਲੀ ਆਦਤ ਨੀ ਗਈ' ਤੇ ਘੁਮਿਆਰ ਘਰ ਨੂੰ ਤੁਰ ਗਿਆ। ਕੇਵਲ ਨੇ ਗੱਲ ਸੁਣਾਈ ਤਾਂ ਸਾਰੇ ਹੱਸ ਹੱਸ ਦੂਹਰੇ ਹੋ ਗਏ।

'ਸੋ ਭਰਾਵੋ ਇਹ ਗੱਲ ਹੀ ਉਸਤਾਦ ਦਰਸ਼ਨ ਸਿੰਘ ਦੀ ਆ ਜੱਟ ਬਣ ਗਿਆ ਪਰ ਪੰਡਤਾਂ ਵਾਲੀਆਂ ਗੱਲਾਂ ਨੀ ਗਈਆਂ' ਕਾਮਰੇਡ ਨੇ ਕਿਹਾ।

'ਛੱਡ ਦਰਸ਼ਨ ਸਿਹਾਂ ਵਹਿਮਾਂ ਭਰਮਾਂ ਨੂੰ ਕੱਲ ਨੂੰ ਆਪਾਂ ਅਜ਼ਾਦ ਹੋ ਜਾਣਾ ਜਾ ਕੇ ਸਭਤੋਂ ਪੈਲਾਂ ਅੰਬਰਸਰ ਵੱਜਣਾ!' ਮੀਕੇ ਨੇ ਕਿਹਾ। ਸਾਰੇ ਖੁਸ਼ ਸਨ ਕਿ ਰੱਬ ਨੇ ਸਾਡੀ ਸੁਣ ਲਈ! ਬਾਹਰ ਇਹਨਾ ਤੇ ਲੱਗੇ ਫੌਜੀ ਗਾਰਡ ਰੌਲਾ ਪਾਉਣ ਲੱਗ ਪਏ।

'ਸਿੱਖਾਂ ਨੇ ਪ੍ਰਧਾਨ ਮੰਤਰੀ ਮਾਰਤੀ, ਸਿੱਖਾਂ ਨੇ ਪ੍ਰਾਈਮ ਮਨਿਸਟਰ ਮਾਰਤੀ!!

'ਆਹ ਕੀ ਓਏ' ਕੇਵਲ ਨੇ ਕਿਹਾ।

'ਬਾਮਣੀ ਮਾਰਤੀ ਕਿ ਐਂਵੇਂ ਰੌਲਾ ਪੌਂਦੇ ਆ ਭਈਏ?'

'ਬਾਮਣੀ ਨਾ ਕਹਿ ਦਰਸ਼ਨ ਗੁੱਸਾ ਕਰੂਗਾ' ਕੇਵਲ ਨੇ ਕਿਹਾ।

'ਗੁੱਸੇ ਨੂੰ ਮੇਰੇ ਮਾਮੇ ਦੀ ਕੁੜੀ ਆ? ਸਾਲਾ ਕੁੱਤੇ ਦਾ' ਦਰਸ਼ਨ ਨੇ ਮੋੜਵਾਂ ਜਵਾਬ ਦਿੱਤਾ।

'ਮਾਰ ਤੀ ਹੋਣੀ ਆ ਕੈਂਦੇ ਹੁੰਦੇ ਆ ਜੰਮਣਾ ਝੂਠ ਤੇ ਮਰਨਾ ਸੱਚ!' ਮੀਕੇ ਨੇ ਕਿਹਾ।

'ਚਲੋ ਚੰਗਾ ਹੋਇਆ ਏਹ ਵੀ ਸਾਰੇ ਸਿੱਖਾਂ ਨੂੰ ਮਾਰਨਾ ਚਾਹੁੰਦੀ ਸੀ! ਬਾਣੀ 'ਚ' ਐਂਵੇਂ ਤਾਂ ਨੀ ਲਿਖਿਆ

"ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ"

'ਦੁਸ਼ਮਨ ਮਰੇ ਤਾਂ ਖੁਸ਼ੀ ਨਾ ਕਰੀਏ, ਸੱਜਣਾ ਵੀ ਮਰ ਜਾਣਾ!' ਦਰਸ਼ਨ ਨੇ ਕਿਹਾ।

'ਖੁਸ਼ੀ ਕਿਉਂ ਨਾ ਕਰੀਏ ਅਸੀਂ ਪਾਵਾਂਗੇ ਭੰਗੜੇ ਕੱਲ ਨੂੰ ਦਾਰੂ ਨਾਲ ਰੱਜ ਕੇ!' ਕੇਵਲ ਨੇ ਕਿਹਾ।

'ਕੇਵਲਾ ਐਸ ਚੱਕਰਵਿਊ 'ਚੋਂ ਨਿਕਲਕੇ ਸੋਚਾਂਗੇ ਪਰ ਮੇਰਾ ਦਿਲ ਘਬਰਾ ਰਿਹੈ!' ਦਰਸ਼ਨ ਨੇ ਕਿਹਾ।

'ਭਾਵੇਂ ਤੇਰਾ ਦਿਲ ਘਬਰਾਈ ਜਾਂਦਾ ਪਰ ਅੱਜ ਕੋਈ ਗਾਣਾ ਸੁਣਾ ਕੱਲ ਨੂੰ ਵੱਖ ਵੱਖ ਹੋ ਜਾਣਾ' ਕਾਮਰੇਡ ਨੇ ਕਿਹਾ।

'ਜੇੜਾ ਬੋਲੇ ਉਹੀ ਕੁੰਡਾ ਖੋਲੇ ਕਾਮਰੇਡਾ ਤੂੰ ਕੁਝ ਸੁਣਾ' ਕੇਵਲ ਨੇ ਕਿਹਾ ਤਾਂ ਕਾਮਰੇਡ ਖੜਾ ਹੋ ਗਿਆ ਤੇ ਗਾਣਾ ਸੁਨਾਉਣ ਲੱਗਾ।

'ਲਓ ਵਈ ਬੇਲੀਓ ਜਿਹੋ ਜਿਹਾ ਮੈਂ ਹਾਂ ਉਹੋ ਜਿਹਾ ਗਾਣਾ ਸੁਣੋ, ਮੈਂ ਕਦੇ ਫਿਕਰ ਨੀ ਕੀਤਾ ਕਿ ਮੈਂ ਜੇਲ ਵਿੱਚ ਹਾਂ ਸੁਣੋ-

"ਮੈਂ ਜਿੰਦਗੀ ਕਾ ਸਾਥ ਨਿਭਾਤਾ ਚਲਾ ਗਯਾ, ਹਰ ਫਿਕਰ ਕੋ ਧੂੰਏਂ ਮੇਂ ਉੜਾਤਾ ਚਲਾ ਗਯਾ।

ਬਰਬਾਦੀਓਂ ਕਾ ਸੋਗ ਮਨਾਨਾ ਫਜੂਲ ਥਾ, ਬਰਬਾਦੀਓਂ ਕਾ ਜਸ਼ਨ ਮਨਾਤਾ ਚਲਾ ਗਯਾ।

ਜੋ ਮਿਲ ਗਯਾ ਉਸੀ ਕੋ ਮੁਕੱਦਰ ਸਮਝ ਲੀਆ, ਜੋ ਖੋਹ ਗਯਾ ਮੈਂ ਉਸਕੋ ਭੁਲਾਤਾ ਚਲਾ ਗਯਾ।

ਗ਼ਮ ਔਰ ਖੁਸ਼ੀ ਮੇਂ ਫਰਕ ਨਾ ਮਹਿਸੂਸ ਹੋ ਜਹਾਂ, ਮੈਂ ਦਿਲ ਕੋ ਉਸ ਮੁਕਾਮ ਪੇ ਲਾਤਾ ਚਲਾ ਗਯਾ।

ਮੈਂ ਜਿੰਦਗੀ ਕਾ ਸਾਥ ਨਿਭਾਤਾ ਚਲਾ ਗਯਾ"

ਗਾਣਾ ਖਤਮ ਕਰਕੇ ਕਾਮੇਰੇਡ ਨੇ ਧੰਨਵਾਦ ਕਿਹਾ ਸਾਰਿਆਂ ਨੇ ਤਾੜੀਆਂ ਵਜਾਈਆਂ ਅਤੇ ਕਾਮਰੇਡ ਦੇ ਗਾਣਾ ਗੁਣਗਣਾਉਂਦੇ ਸੌਂ ਗਏ!

ਸਵੇਰੇ ਸੀਟੀ ਵੱਜੀ ਸਾਰੇ ਗਰਾਊਂਡ ਵਿੱਚ ਭੱਜ ਕੇ ਇਕੱਠੇ ਹੋ ਗਏ। ਅੱਗੇ ਬਹੁਤ ਸਾਰੀਆਂ ਗੱਡੀਆਂ ਤੇ ਹਥਿਆਰਬੰਦ ਫੌਜੀ ਖੜੇ ਸਨ। ਗੱਡੀਆਂ ਤਾਂ ਠੀਕ ਸੀ, ਯੂਨਿਟਾਂ ਵਿੱਚ ਵਾਪਸ ਜਾਣ ਵਾਸਤੇ ਪਰ ਹਥਿਆਰਬੰਦ ਫੌਜੀਆਂ ਦਾ ਕੀ ਕੰਮ? ਇਹ ਦੇਖ ਕੇ ਦਰਸ਼ਨ ਨੇ ਮੀਕੇ ਨੂੰ ਕਿਹਾ।

'ਦਾਲ 'ਚ' ਕੁਝ ਕਾਲਾ ਕਾਲੀਆ'।

'ਘਬਰਾ ਨਾ ਨੀਲੀ ਛਤਰੀ ਵਾਲਾ ਸਭ ਠੀਕ ਕਰੂ'

'ਤੈਨੂੰ ਕਿਹਾ ਤੂੰ ਬਾਰ ਬਾਰ ਨੀਲੀ ਛਤਰੀ ਨੀਲੀ ਛਤਰੀ ਨਾ ਕਹਿ! ਹੁਣ ਤਾਂ ਫੌਜੀ ਅਫਸਰ ਨੀਲੀ ਛੱਤਰੀ ਆਲੇ ਦੇ ਪਿਓ ਬਣੇ ਬੈਠੇ ਆ!' ਕਾਮਰੇਡ ਨੇ ਕਿਹਾ।

'ਮੂਵ' ਕੈਪਟਨ ਨੇ ਬਹੁਤ ਰੁੱਖੇ ਲਹਿਜੇ ਵਿੱਚ ਇੱਕ ਛੋਟੇ ਸਪੀਕਰ ਵਿੱਚ ਆਡਰ ਦਿੱਤਾ। ਸਾਰੇ ਆਪੋ ਆਪਣਾ ਸਾਮਾਨ ਲੈ ਕੇ ਖੁਸ਼ੀ-ਖੁਸ਼ੀ ਗੱਡੀਆਂ ਵਿੱਚ ਚੜਨ ਵਾਸਤੇ ਇੱਕ ਦੂਜੇ ਤੋਂ ਅੱਗੇ ਹੋ ਕੇ ਭੱਜ ਪਏ। ਭੱਜਣਾ ਹੀ ਸੀ! ਕਿਉਂਕਿ ਮਸਾਂ ਕਾਲ ਕੋਠੜੀਆਂ ਤੇ ਜ਼ਲਾਲਤ ਤੋਂ ਪਿੱਛਾ ਛੁੱਟ ਰਿਹਾ ਸੀ।

'ਜੋ ਬੋਲੇ ਸੋ ਨਿਹਾਲ' ਮੀਕੇ ਨੇ ਜੈਕਾਰਾ ਛੱਡ ਦਿੱਤਾ ਬਾਕੀਆਂ ਨੇ 'ਸਤਿ ਸ੍ਰੀ ਅਕਾਲ' ਕਿਹਾ।

'ਮੀਕਾ ਸਿੰਹ, ਕੇਵਲ ਸਿੰਹ ਔਰ ਕਾਮਰੇਡ ਅਤਰ ਸਿੰਹ ਆਗੇ ਆਵੇਂ' ਸਾਰੇ ਅਜੀਬ ਆਡਰ ਸੁਣਕੇ ਠਠੰਬਰ ਗਏ ਆਪਣਾ ਸਮਾਨ ਲੈ ਕੇ ਅੱਗੇ ਆ ਗਏ।

'ਯੇ ਸਾਮਾਨ ਕੋ ਫੈਂਕੋ ਕੁੰਏ ਮੇਂ ਔਰ ਸੈਂਟਰ ਵਾਲੀ ਵਨ ਟਨ ਗਾੜੀ ਮੇਂ ਬੈਠੋ' ਭਈਏ ਸੂਬੇਦਾਰ ਨੇ ਦਬਕਾ ਮਾਰ ਕੇ ਕਿਹਾ।

'ਕਿਉਂ?' ਮੀਕੇ ਨੇ ਕਿਹਾ।

'ਕਿਉਂ ਫੌਜ ਮੇਂ ਨਹੀਂ ਪੂਛਾ ਜਾਤਾ ਬੈਠੋ ਗਾੜੀ ਮੇਂ ਔਰ ਯੇ ਬੋਰੀ ਬਿਸਤਰਾ ਯਹਾਂ ਰੱਖੋ' ਕੈਪਟਨ ਨੇ ਅੱਗੇ ਹੋ ਕੇ ਕਿਹਾ।

ਚਾਰ-ਚੁਫੇਰੇ ਘੁਸਰ ਮੁਸਰ ਹੋਣੀ ਸ਼ੁਰੂ ਹੋ ਗਈ ਕਿ ਕੱਲ ਤਾਂ ਇਹ ਕੈਪਟਨ ਬਹੁਤ ਖੁਸ਼ ਸੀ ਰਾਤੋ ਰਾਤ ਕੀ ਸੱਪ ਲੜ ਗਿਆ? ਸਾਰੇ ਆਪੋ ਆਪਣੇ ਦਿਲਾਂ ਵਿੱਚ ਸੋਚ ਰਹੇ ਸਨ। ਮੀਕੇ ਹੋਣੀ ਆਵਦਾ ਸਮਾਨ ਉਥੇ ਹੀ ਰੱਖਕੇ ਸੈਂਟਰ ਵਾਲੀ ਗੱਡੀ ਕੋਲ ਚਲੇ ਗਏ। ਅੱਗੇ ਤੇ ਪਿੱਛੇ ਪੰਜ-ਪੰਜ ਗੱਡੀਆਂ ਸਨ। ਇਹ ਬਗੈਰ ਸਮਾਨ ਤੋਂ ਗੱਡੀ ਵਿੱਚ ਬੈਠ ਗਏ। ਕੈਪਟਨ ਚਲਾ ਗਿਆ ਇੱਕ ਡੋਗਰਾ ਲੈਫਟੀਨੈਂਟ ਜੋ ਨਵਾਂ-ਨਵਾਂ ਆਇਆ ਉਹ ਅੰਮ੍ਰਿਤਸਰ ਵਿੱਚ ਹੀ ਪੈਦਾ ਹੋਇਆ ਸੀ। ਬਹੁਤ ਚੰਗੀ ਪੰਜਾਬੀ ਬੋਲਦਾ ਸੀ ਤੇ ਹਰਮੰਦਰ ਸਾਹਿਬ ਤੇ ਅਥਾਹ ਭਰੋਸਾ ਸੀ। ਉਸਦਾ ਮੂੰਹ ਉੱਤਰਿਆ ਹੋਇਆ ਸੀ। ਉਹ ਮੀਕੇ ਕੋਲ ਆ ਕੇ ਕਹਿਣ ਲੱਗਾ।

ਬਾਕੀ ਸਫ਼ਾ 31 'ਤੇ

# ਅਉਰਨ ਕੀ ਹੋਲੀ ਮਮ ਹੋਲਾ ॥



**- ਅੰਮ੍ਰਿਤਦੀਪ ਸਿੰਘ ਵੇਰਕਾ**

ਸਿੱਖ ਪੰਥ ਵਿੱਚ ਹੋਲਾ-ਮਹੱਲਾ ਦਾ ਦਿਹਾੜਾ ਬਹੁਤ ਮਹੱਤਵਪੂਰਨ ਸਥਾਨ ਰੱਖਦਾ ਹੈ।ਇਹ ਸਭ ਨੂੰ ਹੀ ਪਤਾ ਹੈ ਕਿ ਇਹ ਤਿਉਹਾਰ ਹੋਰ ਲੋਕਾਂ ਲਈ 'ਹੋਲੀ' ਹੈ ਅਤੇ ਖਾਲਸਾ ਪੰਥ ਵਿੱਚ ਇਸ ਦਿਹਾੜੇ ਨੂੰ 'ਹੋਲਾ-ਮਹੱਲਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।ਇਹ ਜਾਣਨ ਤੋਂ ਪਹਿਲਾਂ ਕਿ ਕਿਵੇਂ ਇਹ ਕੱਚੇ ਰੰਗਾਂ ਵਾਲਾ ਤਿਉਹਾਰ ਖਾਲਸੇ ਲਈ ਮਨ ਨੂੰ ਪ੍ਰਭੂ ਪ੍ਰੇਮ ਵਿੱਚ ਰੰਗ ਕੇ ਯੁੱਧ ਕਲਾ ਵਾਲਾ ਤਿਉਹਾਰ ਬਣਿਆ,ਹੋਲੀ ਦੀ ਪੁਰਾਤਨ ਕਥਾ ਨੂੰ ਜਾਣ ਲੈਣਾ ਬੇਹੱਦ ਜਰੂਰੀ ਹੈ।

ਭਗਤ ਪ੍ਰਹਿਲਾਦ ਦੀ ਕਥਾ : ਇੱਕ ਮਿਥਿਹਾਸਿਕ ਕਥਾ ਚੱਲੀ ਆਉਂਦੀ ਹੈ ਕਿ ਇਕ ਹਰਨਾਖਸ਼ ਨਾਮ ਦਾ ਰਾਜਾ ਹੋਇਆ ਜਿਸਨੇ ਪ੍ਰਮਾਤਮਾ ਤੋਂ ਵਰ ਪ੍ਰਾਪਤ ਕੀਤਾ ਕਿ "ਨਾ ਮੈਂ ਦਿਨ ਨੂੰ ਮਰਾਂ, ਨਾ ਮੈਂ ਰਾਤ ਨੂੰ ਮਰਾਂ, ਨਾ ਅੰਦਰ ਮਰਾਂ , ਨਾ ਬਾਹਰ ਮਰਾਂ......"। ਪ੍ਰਭੂ ਪਾਸੋਂ ਇਹ ਵਰ ਪ੍ਰਾਪਤ ਕਰਕੇ ਉਸਨੂੰ ਆਪਣੇ ਉੱਪਰ ਹੰਕਾਰ ਹੋ ਗਿਆ ਕਿ ਮੈਨੂੰ ਕੋਈ ਮਾਰ ਨਹੀ ਸਕਦਾ ਅਤੇ ਇਹ ਹੰਕਾਰ ਇੰਨਾ ਪ੍ਰਬਲ ਹੋ ਗਿਆ ਕਿ ਉਹ ਆਪਣੇ ਆਪ ਨੂੰ ਭਗਵਾਨ ਸਮਝਣ ਲੱਗ ਪਿਆ।ਹਰਨਾਖਸ਼ ਨੇ ਆਪਣੇ ਰਾਜ ਵਿੱਚ ਵੀ ਐਲਾਨ ਕਰ ਦਿੱਤਾ ਕਿ ਸਾਰੇ ਲੋਕ ਰੱਬ ਦੀ ਭਗਤੀ ਛੱਡ ਕੇ ਉਸਦੀ (ਹਰਨਾਖਸ਼) ਭਗਤੀ ਕਰਨ।ਜੋ ਇਸ ਹੁਕਮ ਦੀ ਉਲੰਘਣਾ ਕਰਦਾ ਉਸਨੂੰ ਸਜ਼ਾ-ਏ-ਮੌਤ ਮਿਲਦੀ।

ਥੋੜੇ ਸਮੇਂ ਪਿੱਛੋਂ ਹਰਨਾਖਸ਼ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ ਜਿਸਦਾ ਨਾਂ ਪ੍ਰਹਿਲਾਦ ਰੱਖਿਆ ਗਿਆ।ਪ੍ਰਹਿਲਾਦ ਨੇ ਪ੍ਰਮਾਤਮਾ ਦੀ ਭਗਤੀ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਪ੍ਰਹਿਲਾਦ ਨੂੰ ਪੜਣੇ ਪਾਇਆ ਗਿਆ ਤਾਂ ਪਾਂਧੇ ਨੇ ਉਸ ਨੂੰ ਹਰਨਾਖਸ਼ ਦਾ ਨਾਮ ਜਪਣ ਨੂੰ ਕਿਹਾ ਪਰ ਪ੍ਰਹਿਲਾਦ ਨੇ ਜਵਾਬ ਦਿੱਤਾ ਕਿ :

**ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ ॥**

ਜਦੋਂ ਇਸ ਗੱਲ ਦਾ ਹਰਨਾਖਸ਼ ਨੂੰ ਪਤਾ ਲੱਗਾ ਤਾਂ ਉਹ ਗੁੱਸੇ ਨਾਲ ਭੜਕਿਆ ਅਤੇ ਪ੍ਰਹਿਲਾਦ ਨੂੰ ਮਾਰਨ ਦਾ ਵੀਚਾਰ ਬਣਾ ਲਿਆ।ਪ੍ਰਹਿਲਾਦ ਨੂੰ ਮਾਰਨ ਦੀਆਂ ਵਿਉਂਤਾਂ ਵਿੱਚੋਂ ਇੱਕ ਵਿਉਂਤ ਸੀ ਕਿ ਹਰਨਾਖਸ਼ ਨੇ ਆਪਣੀ ਭੈਣ 'ਹੋਲਿਕਾ' ਜਿਸਨੂੰ ਅੱਗ ਵਿੱਚ ਨਾ ਸੜਣ ਦਾ ਵਰ ਪ੍ਰਾਪਤ ਸੀ,ਉਸਨੂੰ ਕਿਹਾ ਕਿ ਉਹ ਪ੍ਰਹਿਲਾਦ ਨੂੰ ਆਪਣੀ ਗੋਦੀ ਵਿੱਚ ਲੈ ਕੇ ਅੱਗ ਵਿੱਚ ਬੈਠ ਜਾਵੇ ਜਿਸ ਨਾਲ ਪ੍ਰਹਿਲਾਦ ਸੜ ਜਾਵੇਗਾ।ਇਸੇ ਹੀ ਤਰਾਂ ਕੀਤਾ ਗਿਆ ਪਰ ਹਰੀ ਦੀ ਲੀਲਾ ਅਜਿਹੀ ਵਰਤੀ ਕਿ ਭਗਤ ਪ੍ਰਹਿਲਾਦ ਦੀ ਰੱਖਿਆ ਆਪ ਅਕਾਲ ਪੁਰਖ ਨੇ ਕੀਤੀ ਅਤੇ ਹੋਲਿਕਾ ਆਪ ਅੱਗ ਵਿੱਚ ਸੜ ਗਈ।ਫਿਰ ਹਰੀ-ਪ੍ਰਭੂ ਨੇ ਆਪ ਨਰ ਸਿੰਘ ਦਾ ਅਵਤਾਰ ਧਾਰ ਕੇ ਹਰਨਾਖਸ਼ ਦਾ ਸੰਘਾਰ ਅਤੇ ਪ੍ਰਹਿਲਾਦ ਭਗਤ ਦਾ ਉੱਧਾਰ ਕੀਤਾ-:

**ਸ੍ਰੀ ਪ੍ਰਹਲਾਦ ਭਗਤ ਧਰੀਅੰ ॥**
**ਹਸਤ ਕਮਲ ਮਾਥੇ ਪਰ ਧਰੀਅੰ ॥**

ਫਿਰ ਜਦ ਪ੍ਰਹਿਲਾਦ ਦਾ ਰਾਜ ਆਇਆ ਤਾਂ ਲੋਕਾਂ ਨੇ ਖੁਸ਼ੀ ਮਨਾਈ। ਹੋਲਿਕਾ ਦੇ ਪੁਤਲੇ ਬਣਾ ਕੇ ਸਾੜੇ ਗਏ ਅਤੇ ਵਿੱਚ ਲੋਕਾਂ ਨੇ ਇੱਕ ਦੂਸਰੇ ਉੱਪਰ ਰੰਗ ਵੀ ਸੁੱਟੇ ਜਿਸ ਤੋਂ ਸਨਾਤਨ ਮੱਤ ਵਿੱਚ ਹੋਲੀ ਦੇ ਤਿਉਹਾਰ ਦੀ ਸ਼ੁਰੂਆਤ ਹੋਈ।

ਇਕ ਹੋਰ ਵੀਚਾਰ ਵੀ ਮਿਲਦਾ ਹੈ ਕਿ ਹੋਲੀ ਪਹਿਲਾਂ ਸਿਰਫ ਸ਼ੂਦਰਾਂ ਦਾ ਤਿਉਹਾਰ ਸੀ।ਸ਼ੂਦਰਾਂ ਨੂੰ ਕੋਈ ਹੋਰ ਤਿਉਹਾਰ ਮਨਾਉਣ ਦੀ ਮਨਾਹੀ ਹੁੰਦੀ ਸੀ ਇਸ ਲਈ ਉਹ ਇਕ -ਦੂਜੇ ਉੱਪਰ ਗਾਰਾ ਮਿੱਟੀ ਸੁੱਟ ਕੇ ਖੁਸ਼ੀ ਮਨਾਂਦੇ ਸਨ ਜੋ ਹੋਲੀ - ਹੋਲੀ ਰੰਗਾਂ ਦਾ ਰੂਪ ਧਾਰਨ ਕਰ ਗਿਆ।

ਸਿੱਖ ਧਰਮ ਵਿੱਚ ਹੋਲੀ ਅਤੇ ਰੰਗਾਂ ਦਾ ਸੰਕਲਪ : ਸਿੱਖ ਗੁਰੂ ਸਾਹਿਬਾਨਾਂ ਨੇ ਮਨੁੱਖ ਦੇ ਸਰੀਰਕ, ਸਮਾਜਿਕ ਆਦਿ ਦੇ ਵਿਕਾਸ ਦੇ ਨਾਲ-ਨਾਲ ਅਧਿਆਤਮਿਕ ਵਿਕਾਸ 'ਤੇ ਵਧੇਰੇ ਜ਼ੋਰ ਦਿੱਤਾ।ਗੁਰੂ ਸਾਹਿਬਾਨਾਂ ਨੇ ਮਨੁੱਖ ਦਾ ਰੱਬ ਨਾਲ ਮਿਲਾਪ ਕਰਾਉਣ ਲਈ,ਮਨੁੱਖ ਨੂੰ ਪ੍ਰੇਰਿਤ ਕਰਨ ਲਈ ਹਰ ਉਹ ਤਰੀਕਾ ਵਰਤਿਆ ਜਿਸਦੇ ਬਾਰੇ ਮਨੁੱਖ ਨੂੰ ਵਧੇਰੇ ਜਾਣਕਾਰੀ ਸੀ।ਗੁਰੂ ਸਾਹਿਬਾਨਾਂ ਨੇ ਜੀਵ ਨੂੰ ਪਹਰੇ,ਵਾਰ,ਥਿਤੀ,ਬਾਰਹਮਾਹਾ ਆਦਿ ਬਾਣੀਆਂ ਰਾਹੀਂ ਸਮੇਂ ਦੀਆਂ ਉਦਾਹਰਨਾਂ ਨਾਲ ਅਧਿਆਤਮਿਕ ਵਿਕਾਸ ਦਾ ਰਸਤਾ ਦੱਸਿਆ ਅਤੇ ਇਸੇ ਪ੍ਰਕਾਰ ਹੋਲੀ ਦਾ ਤਿਉਹਾਰ ਜੋ ਉਸ ਸਮੇਂ ਲੋਕਾਂ ਦੇ ਵਧੇਰੇ ਨਜ਼ਦੀਕ ਸੀ ,ਰਾਹੀਂ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਸੰਤਾਂ-ਮਹਾਂਪੁਰਖਾਂ(ਜੋ ਵਾਹਿਗੁਰੂ ਦੇ ਨਾਮ ਰੰਗ ਵਿੱਚ ਰੰਗੇ ਹੋਏ ਹਨ) ਦੀ ਸੇਵਾ ਕਰਨੀ ਹੀ ਹੋਲੀ ਦਾ ਤਿਉਹਾਰ ਹੈ ਅਤੇ ਐਸੇ ਸੰਤਾਂ ਦੀ ਸੇਵਾ ਸੰਗਤ ਨਾਲ ਮਨ ਪ੍ਰਮਾਤਮਾ ਦੇ ਨਾਮ ਰੰਗ ਵਿੱਚ ਰੰਗਿਆ ਜਾਵੇਗਾ।ਬਸੰਤ ਰਾਗ ਅੰਦਰ ਗੁਰੂ ਅਰਜਨ ਦੇਵ ਜੀ ਦਾ ਬਚਨ ਹੈ-:

**ਹੋਲੀ ਕੀਨੀ ਸੰਤ ਸੇਵ ॥**
**(ਮੇਰੇ ਲਈ ਸੰਤਾਂ ਦੀ ਸੇਵਾ ਹੀ ਹੋਲੀ ਹੈ।)**
**ਰੰਗੁ ਲਾਗਾ ਅਤਿ ਲਾਲ ਦੇਵ ॥**

(ਕਿਉਂਕਿ ਐਸੇ ਸੰਤਾਂ ਦੀ ਸੇਵਾ -ਸੰਗਤ ਨਾਲ ਮੇਰੇ ਮਨ ਨੂੰ ਪ੍ਰਭੂ ਦਾ ਨਾਮ ਰੰਗ ਲਗ ਗਿਆ।)

ਜੀਵ ਨੂੰ ਆਪਣੇ ਮਨ ਨੂੰ ਨਾਮ ਦੇ ਰੰਗ ਨਾਲ ਰੰਗਣਾ ਚਾਹੀਦਾ ਹੈ ਕਿਉਂਕਿ ਹੋਰ ਜਿਹੜੇ ਦੁਨਿਆਵੀ ਰੰਗ ਨੇ ਉਹ ਮੈਲੇ ਵੀ ਹੋ ਜਾਂਦੇ ਹਨ ਅਤੇ ਫਿੱਕੇ ਪੈ ਕੇ ਉੱਤਰ ਵੀ ਜਾਂਦੇ ਹਨ ਪਰ ਪ੍ਰਮਾਤਮਾ ਦੇ ਨਾਮ ਦਾ ਲਾਲ ਰੰਗ ਜਿਸ ਮਨ ਨੂੰ ਲਗ ਜਾਵੇ ਉਹ ਨਾ ਤਾਂ ਫਿਰ ਕਦੇ ਮੈਲਾ ਹੁੰਦਾ ਹੈ ਅਤੇ ਨਾ ਹੀ ਕਦੇ ਉਸ ਰੰਗ ਦੀ ਮਸਤੀ ਉੱਤਰਦੀ ਹੈ।

ਅਉਰਨ ਕੀ ਹੋਲੀ ਮਮ ਹੋਲਾ : ਖਾਲਸਾ ਪੰਥ ਵਿੱਚ ਇਹ ਗੱਲ ਬਹੁਤ ਪ੍ਰਚੱਲਿਤ ਹੈ ਕਿ

**ਅਉਰਨ ਕੀ ਹੋਲੀ ਮਮ ਹੋਲਾ ॥**
**ਕੀਓ ਕ੍ਰਿਪਾ ਨਿਧਿ ਬਚਨ ਅਮੋਲਾ ॥**

ਖਾਲਸਾ ਪੰਥ ਸੱਚੇ ਸੂਰਬੀਰਾਂ, ਅਣਖੀ ਮਰਦਾਂ ਦਾ ਪੰਥ ਹੈ ਇਸ ਲਈ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਖਾਲਸੇ ਨੂੰ ਸ਼ਬਦ ਵੀ ਮਰਦਾਵੇਂ ਦਿੱਤੇ ਹਨ।ਜਿਵੇਂ ਕਵੀ ਨਿਹਾਲ ਸਿੰਘ ਜੀ ਲਿਖਦੇ ਹਨ-:

ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ,
ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੋਨਾ ਟੋਲਾ ਹੈ,
ਸੁਭ ਟਸੁ ਚਾਲਾ ਅਰੁ ਲਖ ਬਾਹਾਂ ਕਲਗਾ ਸਿੰਘ ਸੁ ਚੋਲਾ ਹੈ,
ਅਪਰ ਮੁਛਹਿਰਾ ਦਾੜਾ ਜੈਸੇ ਤੈਸੇ ਬੋਲਾ ਹੋਲਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਵਿੱਚ ਸੂਰਬੀਰਤਾ ਨੂੰ ਭਰਣ ਲਈ ਹੋਲੀ ਨੂੰ ਹੋਲਾ ਮਹੱਲਾ ਦਾ ਨਾਂ ਦੇ ਕੇ ਇੱਕ ਸੂਰਬੀਰਤਾ ਵਾਲਾ ਦਿਹਾੜਾ ਬਣਾ ਦਿੱਤਾ ਜੋ ਸਭ ਤੋਂ ਪਹਿਲਾਂ ਹੋਲਗੜ ਨਾਂ ਦੇ ਸਥਾਨ 'ਤੇ ਸੰਮਤ ੧੭੫੭ ਚੇਤ ਬਦੀ ੧ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਨੁਮਾਈ ਹੇਠ ਮਨਾਇਆ ਗਿਆ।

ਹੋਲਾ-ਮਹੱਲਾ ਸ਼ਾਬਦਿਕ ਅਰਥ : ਭਾਈ ਕਾਨ ਸਿੰਘ ਜੀ ਨਾਭਾ ਆਪਣੇ ਮਹਾਨ ਕੋਸ਼ ਦੇ ਪੰਨਾ ਨੰਬਰ ੨੮੩ 'ਤੇ ਹੋਲਾ-ਮਹੱਲਾ ਦੇ ਅਰਥ 'ਹੱਲਾ ਅਤੇ ਹੱਲੇ ਦੀ ਥਾਂ' ਕਰਦੇ ਹਨ।ਇਹ ਦੋਵੇਂ ਸ਼ਬਦ ਅਰਬੀ ਭਾਸ਼ਾ ਦੇ ਹਨ।ਹੋਲਾ ਦਾ ਅਰਥ ਹੈ-ਹੱਲਾ ਜਾਂ ਹਮਲਾ ਕਰਨਾ ਅਤੇ ਮਹੱਲਾ ਦਾ ਅਰਥ ਹੈ-ਜਿੱਤੀ ਜਾਂ ਫਤਹਿ ਕੀਤੀ ਹੋਈ ਥਾਂ।ਇਸ ਪ੍ਰਕਾਰ ਸੰਪੂਰਨ ਹੋਲਾ-ਮਹੱਲਾ ਸ਼ਬਦ ਦਾ ਅਰਥ ਬਣਦਾ ਹੈ "ਕੋਈ ਨਿਸ਼ਚਿਤ ਥਾਂ ਉੱਤੇ ਹਮਲਾ ਕਰਕੇ ਉਸਨੂੰ ਫਤਹਿ ਕਰਨਾ।"

ਸੂਰਬੀਰਤਾ ਵਾਲਾ ਤਿਉਹਾਰ ਜਾਂ ਦਿਹਾੜਾ : ਮਹਾਨ ਕੋਸ਼ ਦਾ ਕਰਤਾ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਯੁੱਧ-ਵਿਦਯਾ ਵਿੱਚ ਨਿਪੁੰਨ ਕਰਨ ਲਈ ਚੇਤ ਵਦੀ ੧ ਨੂੰ ਮਸਨੂਈ ਜੰਗ ਦੇ ਅਭਿਆਸ ਦਾ ਦਿਨ ਠਹਿਰਾਇਆ,ਇਸ ਦਿਨ ਇੱਕ ਥਾਂ ਹਮਲੇ ਲਈ ਨਿਯਤ ਕਰਕੇ ਦੋ ਦਲ ਬਣਾਏ ਜਾਂਦੇ ਸਨ,ਜਿਨਾਂ ਦੇ ਸਰਦਾਰ ਚੁਣਵੇਂ ਸਿੰਘ ਹੋਇਆ ਕਰਦੇ,ਜੋ ਇਕ ਦਲ ਦਾ ਵਾਰ ਰੋਕ ਕੇ ਚਤੁਰਾਈ ਨਾਲ ਖਾਸ ਥਾਂ ਪੁਰ ਕਬਜ਼ਾ ਕਰ ਲੈਂਦਾ ਉਹ ਜਿੱਤਿਆ ਸਮਝੀਦਾ ਸੀ।ਜਿੱਤੇ ਹੋਏ ਦਲ ਦੇ ਸਰਦਾਰ ਨੂੰ ਗੁਰੂ ਜੀ ਪਾਸੋਂ ਹੋਲਗੜ ਕਿਲੇ ਵਿੱਚ ਸਜੇ ਦੀਵਾਨ ਵਿੱਚ ਸਿਰਪਾਓ ਦੀ ਬਖਸ਼ਿਸ਼ ਪ੍ਰਾਪਤ ਹੁੰਦੀ।

ਇਹ ਰੀਤ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਪੁਰਾਤਨ ਰਵਾਇਤ ਵਾਲੀ ਕਈ ਕੁਰੀਤੀਆਂ ਨਾਲ ਭਰਪੂਰ ਹੋਲੀ ਤੋਂ ਤੋੜਣ ਲਈ ਸ਼ੁਰੂ ਕੀਤੀ। ਇਸ ਪ੍ਰਕਾਰ ਇੱਕ ਮਿੱਟੀ-ਘੱਟੇ ਅਤੇ ਕੱਚੇ ਰੰਗਾਂ ਵਾਲਾ ਤਿਉਹਾਰ ਖਾਲਸੇ ਦਾ ਨਿਡਰਤਾ,ਨਿਰਭੈਅਤਾ ਅਤੇ ਸੂਰਬੀਰਤਾ ਵਾਲਾ ਦਿਹਾੜਾ ਬਣ ਗਿਆ।ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਵਿੱਚ ਨਿਮਰਤਾ ਦੇ ਨਾਲ-ਨਾਲ ਸੂਰਬੀਰਤਾ ਵੀ ਭਰ ਦਿੱਤੀ।ਭਾਵ ਬੁਰੇ ਦਾ ਭਲਾ ਕਰਨ ਦੇ ਨਾਲ-ਨਾਲ ਇਹ ਵੀ ਸਿਖਾ ਦਿੱਤਾ ਕਿ ਜਦੋਂ ਪਿਆਰ ਮੁਹੱਬਤ ਦੇ ਸਾਰੇ ਹੀਲੇ-ਵਸੀਲੇ ਖਤਮ ਹੋ ਜਾਣ ਤਾਂ ਹਥਿਆਰ ਚੁੱਕ ਲੈਣਾ ਜਾਇਜ਼ ਹੈ-

**ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥**
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥**

ਅੱਜ ਵੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ-ਮਹੱਲਾ ਦਾ ਦਿਹਾੜਾ ਬੜੀ ਸ਼ਰਧਾ-ਭਾਵਨਾ ਅਤੇ ਜਾਹੋ-ਜਲਾਲ ਦੇ ਨਾਲ ਮਨਾਇਆ ਜਾਂਦਾ ਹੈ।ਦੂਰ-ਦੂਰ ਤੋਂ ਸੰਗਤਾਂ ਹੁਮ-ਹੁਮਾ ਕੇ ਪਹੁੰਚਦੀਆਂ ਹਨ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਛੱਤਰ-ਛਾਇਆ ਹੇਠ ਧਾਰਮਿਕ ਦੀਵਾਨ ਸਜਾਏ ਜਾਂਦੇ ਅਤੇ ਖਾਲਸਾਈ ਯੁੱਧ-ਵਿਦਯਾ 'ਗਤਕਾ' ਦੇ ਕਈ ਮੁਕਾਬਲੇ ਵੀ ਕਰਵਾਏ ਜਾਂਦੇ ਹਨ ।

# ਪੰਜਾਬ 'ਚ ਚਿੱਟੇ ਦੇ ਅੱਤਵਾਦ ਦੀ ਮਾਰੂ ਹਨੇਰੀ

**- ਮੋਹਨ ਸ਼ਰਮਾ**

ਨਸ਼ਿਆਂ ਕਾਰਨ ਪੰਜਾਬ ਇਸ ਵੇਲੇ ਬਹੁ ਪੱਖੀ ਅਤੇ ਬਹੁ-ਪਰਤੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਕਿਸੇ ਵਿਦਵਾਨ ਦੇ ਬੋਲ ਹਨ, "ਦੇਸ਼ ਦਾ ਐਨਾ ਨੁਕਸਾਨ ਦੁਸ਼ਮਣ ਦੇ ਫੌਜੀ ਹਮਲਿਆਂ ਕਾਰਨ ਨਹੀਂ ਹੁੰਦਾ, ਜਿੰਨਾ ਨੁਕਸਾਨ ਨਸ਼ਿਆਂ ਕਾਰਨ ਹੁੰਦਾ ਹੈ। ਨਸ਼ੇ ਤਾਂ ਇੱਕ ਪੀੜੀ ਹੀ ਨਿਗਲ ਲੈਂਦੇ ਹਨ।" ਇਸ ਪੱਖ ਤੋਂ ਪੰਜਾਬ ਦੀ ਸਥਿਤੀ ਇੰਜ ਬਣੀ ਹੋਈ ਹੈ ਜਿਵੇਂ ਗੁਬਾਰਾ ਅਣਗਿਣਤ ਸੂਈਆਂ ਦੀ ਨੋਕ ਉੱਤੇ ਖੜਾ ਹੋਵੇ। ਨਸ਼ਿਆਂ ਨੇ ਪੰਜਾਬੀਆਂ ਦੀ ਹਾਲਤ ਕੱਖੋਂ ਹੌਲੀ ਅਤੇ ਪਾਣੀਉਂ ਪਤਲੀ ਕਰ ਦਿੱਤੀ ਹੈ। ਬੇਵਸੀ, ਮਾਯੂਸੀ ਅਤੇ ਤਲਖ਼ੀ ਦੇ ਮਾਹੌਲ ਵਿੱਚ ਮਾਪੇ ਜਵਾਨ ਪੁੱਤਾਂ ਦੀਆਂ ਅਰਥੀਆਂ ਨੂੰ ਮੋਢਾ ਦੇ ਰਹੇ ਹਨ। ਵਿਹੜੇ ਵਿੱਚ ਵਿਛੇ ਸੱਥਰ ਉੱਪਰ ਇਹ ਪ੍ਰਸ਼ਨ ਧੁਖ ਰਹੇ ਹਨ ਕਿ ਇਹ ਕਿਹੋ ਜਿਹਾ ਵਿਕਾਸ ਹੈ, ਜਿਸ ਨੇ ਘਰ ਦੀ ਬਰਕਤ ਖੋਹ ਲਈ ਅਤੇ ਚੁੱਲੇ ਠੰਢੇ ਹੋ ਗਏ। ਚਿੱਟੇ ਦੇ ਅੱਤਵਾਦ ਦੀ ਮਾਰੂ ਹਨੇਰੀ ਨੇ ਆਹਾਂ, ਅੱਥਰੂ ਅਤੇ ਹੌਕਿਆਂ ਭਰਪੂਰ ਜ਼ਿੰਦਗੀ ਵਿੱਚ ਢੇਰ ਵਾਧਾ ਕਰਨ ਦੇ ਨਾਲ-ਨਾਲ ਸਿਵਿਆਂ ਦੀ ਅੱਗ ਨੂੰ ਵੀ ਪ੍ਰਚੰਡ ਕੀਤਾ ਹੈ। ਨਸ਼ੇ ਦੀ ਓਵਰਡੋਜ਼ ਨਾਲ ਕਿਤੇ ਰੂੜੀ ਦੇ ਢੇਰ ਉੱਤੇ ਬੇਹੋਸ਼ ਪਿਆ ਨੌਜਵਾਨ, ਕਿਤੇ ਝਾੜੀਆਂ ਵਿੱਚ ਪਈ ਨੌਜਵਾਨ ਦੀ ਲਾਸ਼, ਕਿਤੇ ਅਣਵਿਆਹੇ ਨੌਜਵਾਨ ਵੀਰ ਦੀ ਮੌਤ ਉੱਤੇ ਖ਼ੂਨ ਦੇ ਅੱਥਰੂ ਕੇਰਦੀ ਹੋਈ ਸਿਹਰਾ ਬੰਨ ਰਹੀ ਭੈਣ, ਕਿਤੇ ਇਕਲੌਤੇ ਪੁੱਤ ਦੀ ਲਾਸ਼ ਉੱਤੇ ਪੱਥਰਾਂ ਨੂੰ ਰੁਆਉਣ ਵਾਲੇ ਕੀਰਨੇ ਪਾਉਂਦੀ ਬੇਵੱਸ ਮਾਂ, ਕਿਤੇ ਸਦਾ ਲਈ ਸੌਂ ਚੁੱਕੇ ਬਾਪ ਨਾਲ ਚਿੰਬੜਿਆ ਮਾਸੂਮ ਬੱਚਾ ਆਪਣੇ ਬਾਪ ਨੂੰ ਹਲੂਣ ਕੇ ਕਹਿੰਦਾ ਹੈ, "ਪਾਪਾ ਮੈਨੂੰ ਸਕੂਲ ਛੱਡ ਆਉ।"

ਨਸ਼ਈ ਪੁੱਤ ਵੱਲੋਂ ਨਸ਼ੇ ਦੀ ਪੂਰਤੀ ਲਈ ਮਾਪਿਆਂ ਵੱਲੋਂ ਪੈਸੇ ਨਾ ਦੇਣ ਉੱਤੇ ਮਾਰੂ ਹਮਲਿਆਂ ਨੇ ਉਨਾਂ ਨੂੰ ਨਾ ਜਿਉਂਦਿਆਂ ਵਿੱਚ ਛੱਡਿਆ ਹੈ, ਤੇ ਨਾ ਮਰਿਆਂ ਵਿੱਚ। ਘਰਾਂ, ਦੁਕਾਨਾਂ ਤੋਂ ਚੋਰੀ, ਚੈਨ ਝੱਪਟਮਾਰੀ, ਵਾਹਨ ਚੋਰੀ ਦੇ ਕੇਸਾਂ ਨਾਲ ਰੋਜ਼ਨਾਮਚਾ ਭਰ ਰਿਹਾ ਹੈ। ਪਿਛਲੇ ਦੋ ਸਾਲਾਂ ਵਿੱਚ ਬਲਾਤਕਾਰ ਦੀਆਂ ਘਟਨਾਵਾਂ ਵਿੱਚ 33 ਫੀਸਦੀ, ਅਗਵਾ ਅਤੇ ਉਧਾਲਣ ਦੀਆਂ ਘਟਨਾਵਾਂ ਵਿੱਚ 14 ਫੀਸਦੀ, ਲੁੱਟਾਂ-ਖੋਹਾਂ 22 ਫੀਸਦੀ, ਸੰਨ ਲਾਉਣ ਦੀਆਂ ਘਟਨਾਵਾਂ ਵਿੱਚ 10 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਅਜਿਹੇ ਘਿਨਾਉਣੇ ਅਪਰਾਧ ਕਰਨ ਵਾਲਿਆਂ ਵਿੱਚ 85 ਫੀਸਦੀ ਨਸ਼ਈ ਹੀ ਸ਼ਾਮਲ ਹੁੰਦੇ ਹਨ। ਚਿੱਟੇ ਦੇ ਤੰਦੂਆ ਜਾਲ ਵਿੱਚ ਫਸੇ 48 ਫੀਸਦੀ ਪੁੱਤਾਂ ਨੇ ਆਪਣੇ ਮਾਪਿਆਂ ਦਾ ਮਿੱਝ ਕੱਢ ਦਿੱਤਾ ਹੈ। ਚੁੱਲੇ ਠੰਢੇ, ਪਤਨੀ ਦੇ ਹਉਕੇ, ਬੱਚਿਆਂ ਦੀਆਂ ਵੀਰਾਨ ਅੱਖਾਂ ਅਤੇ ਮਾਂ-ਬਾਪ ਦੇ ਚਿਹਰਿਆਂ ਉੱਤੇ ਸੁਪਨਿਆਂ ਦੇ ਖੇਰੂੰ-ਖੇਰੂੰ ਹੋਣ ਦੀ ਉਦਾਸ ਇਬਾਰਤ ਵੇਖ ਕੇ ਇੰਜ ਲੱਗਦਾ ਹੈ ਜਿਵੇਂ ਕਿਸੇ ਰਿਫਿਊਜ਼ੀ ਕੈਂਪ ਵਿੱਚ ਘਰੋਂ ਬੇਘਰ ਹੋਏ ਲੋਕਾਂ ਨੂੰ ਵੇਖ ਰਹੇ ਹੋਈਏ।

ਪੰਜਾਬ ਦਾ ਕੋਈ ਵੀ ਖਿੱਤਾ, ਜ਼ਿਲਾ, ਅਜਿਹਾ ਨਹੀਂ ਜਿੱਥੇ ਕਤਲ, ਗੁੰਡਾਗਰਦੀ, ਲੁੱਟਾਂ-ਖੋਹਾਂ, ਚੋਰੀਆਂ, ਬਲਾਤਕਾਰ ਦੀਆਂ ਵਾਰਦਾਤਾਂ ਨਹੀਂ ਹੋ ਰਹੀਆਂ। ਦੁਖਾਂਤਕ ਪੱਖ ਇਹ ਵੀ ਹੈ ਕਿ ਪੰਜਾਬ ਦੇ 27 ਕੇਂਦਰੀ ਸੁਧਾਰ ਘਰਾਂ ਅਤੇ ਜੇਲਾਂ ਵਿੱਚ ਸਜ਼ਾ ਕੱਟ ਰਹੇ ਕੈਦੀਆਂ ਵਿੱਚ ਪੜੇ-ਲਿਖੇ ਨੌਜਵਾਨਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 2010-2011 ਵਿੱਚ ਪੰਜਾਬ ਦੀਆਂ ਜੇਲਾਂ ਵਿੱਚ ਪੜੇ-ਲਿਖੇ ਮਰਦ ਕੈਦੀਆਂ ਦੀ ਗਿਣਤੀ 2295 ਸੀ ਅਤੇ ਹੁਣ ਇਹ ਗਿਣਤੀ 19365 ਉੱਤੇ ਪੁੱਜ ਗਈ ਹੈ। ਗੰਭੀਰ ਚਿੰਤਾ ਦੀ ਗੱਲ ਇਹ ਵੀ ਹੈ ਕਿ ਜਵਾਨੀ ਦੇਸ਼ ਦਾ ਭੱਵਿਖ ਹੈ। ਉਸਾਰੂ ਯੋਗਦਾਨ ਵਾਲੀ ਜਵਾਨੀ ਦਾ ਵੱਡਾ ਹਿੱਸਾ ਚਿੱਟੇ ਦਾ ਸ਼ਿਕਾਰ ਹੋ ਕੇ ਦਿਸ਼ਾਹੀਨ ਹੋ ਗਿਆ ਹੈ। ਮਾਨਵੀ ਕਦਰਾਂ-ਕੀਮਤਾਂ ਦਾ ਘਾਣ ਕਰਕੇ ਉਹ ਨਸ਼ਿਆਂ ਲਈ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੇ ਹਨ। ਅਕਸਰ ਨਸ਼ਈ ਤੋਂ ਪੰਜ ਲੱਖ ਵਾਲਾ ਕੰਮ ਪੰਜ ਹਜ਼ਾਰ ਦੇ ਕੇ ਕਰਵਾਇਆ ਜਾ ਸਕਦਾ ਹੈ। ਨਸ਼ਿਆਂ ਦਾ ਝੱਸ ਪੂਰਾ ਕਰਨ ਲਈ ਉਹ ਤਸਕਰਾਂ ਦੀ ਖੇਪ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ, ਦੁਸ਼ਮਣੀ ਕੱਢਣ ਵਾਲੇ ਹਮਲਿਆਂ ਵਿੱਚ ਸ਼ਾਮਲ ਹੋਣ ਜਾਂ ਫਿਰ ਸਿਆਸੀ ਆਕਿਆਂ ਦੀ ਸਰਪਰਸਤੀ ਕਬੂਲ ਕਰਕੇ ਉਨਾਂ ਦੇ ਹੱਥਾਂ ਦੀ ਕਠਪੁਤਲੀ ਬਣ ਜਾਂਦੇ ਹਨ। ਜੇਕਰ ਕੋਈ ਭਲਾ ਮਾਣਸ ਉਨਾਂ ਦੀਆਂ ਆਪ-ਹੁਦਰੀਆਂ ਉੱਤੇ ਕਿੰਤੂ-ਪ੍ਰੰਤੂ ਕਰਨ ਦੀ ਜੁਰਅਤ ਕਰਦਾ ਹੈ ਤਾਂ ਦਿਨ-ਦਿਹਾੜੇ ਦਰਿੰਦਗੀ ਦਾ ਨੰਗਾ ਨਾਚ ਖੇਡਦੇ ਹੋਏ ਉਹਦੇ ਉੱਤੇ ਜਾਨਲੇਵਾ ਹਮਲਾ ਕਰ ਦਿੰਦੇ ਹਨ। ਅਜਿਹੇ ਮੌਕੇ ਸਿਆਸੀ ਆਕਿਆਂ ਦਾ ਆਇਆ ਟੈਲੀਫੋਨ ਪੁਲਸ ਕਾਰਵਾਈ ਨੂੰ ਵੀ ਵਿਰਾਮ ਲਾ ਦਿੰਦਾ ਹੈ। ਇੰਜ ਬੁਰਛਾਗਰਦੀ ਦੀਆਂ ਘਟਨਾਵਾਂ ਵਿੱਚ ਦਿਨ-ਬ-ਦਿਨ ਵਾਧਾ ਹੋ ਰਿਹਾ ਹੈ।

ਜਿੱਥੇ ਪੰਜਾਬ ਦੇ ਕਈ ਪਿੰਡਾਂ ਦੀ ਪਹਿਚਾਣ ਨਸ਼ੇ ਵੇਚਣ ਵਾਲੇ ਪਿੰਡਾਂ ਵਜੋਂ ਬਣੀ ਹੋਈ ਹੈ, ਉੱਥੇ ਹੀ ਕਈ ਪਿੰਡ 'ਵਿਧਵਾਵਾਂ ਦੇ ਪਿੰਡ' ਵਜੋਂ ਜਾਣੇ ਜਾਂਦੇ ਹਨ ਅਤੇ ਕਈ ਅਜਿਹੇ ਪਿੰਡ ਹਨ ਜਿੱਥੇ ਨਸ਼ਿਆਂ ਕਾਰਨ ਬਦਨਾਮ ਹੋਏ ਪਿੰਡ ਦਾ ਕੋਈ ਨੌਜਵਾਨ ਪਿਛਲੇ ਪੰਜ-ਛੇ ਸਾਲਾਂ ਤੋਂ ਸਿਹਰਾ ਬੰਨ ਕੇ ਨਹੀਂ ਢੁੱਕਿਆ। ਅੰਦਾਜ਼ਨ 2 ਦਹਾਕੇ ਪਹਿਲਾਂ ਪਿੰਡ ਦੀ ਪਹਿਚਾਣ ਕੱਬਡੀ ਦੇ ਖਿਡਾਰੀਆਂ ਵਜੋਂ, ਪਹਿਲਵਾਨੀ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਪਹਿਲਵਾਨਾਂ ਵਜੋਂ, ਫੌਜ ਵਿੱਚ ਜ਼ਿਆਦਾ ਗਿਣਤੀ ਵਿੱਚ ਭਰਤੀ ਹੋਏ ਜਵਾਨਾਂ ਵਜੋਂ, ਉੱਨਤ ਖੇਤੀ ਦੀ ਪੈਦਾਵਾਰ ਵਜੋਂ, ਵਿੱਦਿਅਕ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਕਾਰਨ, ਭਾਈਚਾਰਕ ਤੰਦਾਂ ਦੀ ਮਜ਼ਬੂਤੀ ਕਾਰਨ, ਲੜਾਈ ਝਗੜੇ ਪਿੰਡਾਂ ਵਿੱਚ ਹੀ ਨਬੇੜਨ ਵਜੋਂ ਜਾਣੀ ਜਾਂਦੀ ਸੀ। ਪਰ ਹੁਣ ਸਥਿਤੀ ਨੇ ਕਰਵਟ ਬਦਲੀ ਹੋਈ ਹੈ। ਬਠਿੰਡੇ ਤੋਂ ਬੀਕਾਨੇਰ ਜਾਣ ਵਾਲੀ ਪੈਸੇਂਜਰ ਟਰੇਨ ਅਤੇ ਸੋਮ ਨਾਥ ਐਕਸਪ੍ਰੈੱਸ ਟਰੇਨ ਦਾ ਨਾ ਬਦਲ ਕੇ ਲੋਕਾਂ ਨੇ ਦੋਨਾਂ ਟਰੇਨਾਂ ਦਾ ਨਾਂ 'ਕੈਂਸਰ ਐਕਸਪ੍ਰੈੱਸ' ਰੱਖਿਆ ਹੋਇਆ ਹੈ। ਇੰਜ ਹੀ ਮੁਕਤਸਰ ਤੋਂ ਰਾਜਸਥਾਨ ਦੇ ਪਿੰਡ ਫਲੋਦੀ ਜਾਣ ਵਾਲੀ ਬੱਸ ਦਾ ਨਾ ਇਸ ਕਰਕੇ 'ਭੁੱਕੀ ਐਕਸਪ੍ਰੈੱਸ' ਰੱਖਿਆ ਗਿਆ ਸੀ, ਕਿਉਂਕਿ ਆਲੇ-ਦੁਆਲੇ ਦੇ ਜ਼ਿਲਿਆਂ ਤੋਂ ਇਕੱਠੇ ਹੋ ਕੇ ਅਮਲੀ ਉਸ ਬੱਸ ਵਿੱਚ ਬਹਿ ਕੇ ਭੁੱਕੀ ਲੈਣ ਲਈ ਜਾਂਦੇ ਰਹੇ ਹਨ। ਚਰਚਾ ਵਿੱਚ ਆਉਣ ਉੱਤੇ ਭੁੱਕੀ ਐਕਸਪ੍ਰਸ ਹਾਲ ਦੀ ਘੜੀ ਬੰਦ ਹੋ ਗਈ ਹੈ। ਇੰਜ ਹੀ ਜਾਖ਼ਲ ਤੋਂ ਬਠਿੰਡਾ ਜਾਣ ਵਾਲੀ ਟਰੇਨ ਉੱਤੇ ਸਵਾਰ ਹੋ ਕੇ ਸ਼ਰਾਬੀ ਹਰਿਆਣੇ ਤੋਂ ਸਸਤੇ ਰੇਟ ਉੱਤੇ ਸ਼ਰਾਬ ਲਿਆ ਕੇ ਪੰਜਾਬ ਵਿੱਚ ਵੇਚਣ ਦਾ ਕਾਲਾ ਧੰਦਾ ਕਰਦੇ ਹਨ, ਇਸ ਲਈ ਉਸ ਟਰੇਨ ਦਾ ਨਾ 'ਲਾਲ ਪਰੀ ਐਕਸਪ੍ਰੈੱਸ' ਦੇ ਨਾ ਉੱਤੇ ਲਿਆ ਜਾਂਦਾ ਹੈ।

ਅੰਮ੍ਰਿਤਸਰ ਦੀ ਹੱਦ ਅੰਦਰ ਵਸਿਆ ਮਕਬੂਲਪੁਰਾ 'ਵਿਧਵਾਵਾਂ ਦੇ ਪਿੰਡ' ਵਜੋਂ ਇਸ ਕਰਕੇ ਜਾਣਿਆ ਜਾਂਦਾ ਹੈ ਕਿ ਜਾਂ ਤਾਂ ਉੱਥੇ ਉਹ ਵਿਧਵਾਵਾਂ ਰਹਿ ਰਹੀਆਂ ਹਨ, ਜਿਨਾਂ ਦੇ ਪਤੀ ਨਸ਼ਿਆਂ ਦੀ ਭੇਂਟ ਚੜ ਗਏ, ਜਾਂ ਉਹ ਬਦਨਸੀਬ ਮਾਂਵਾਂ ਦਿਨ ਕਟੀ ਕਰ ਰਹੀਆਂ ਹਨ, ਜਿਨਾਂ ਦੇ ਪੁੱਤ ਨਸ਼ਿਆਂ ਨੇ ਨਿਗਲ ਲਏ ਜਾਂ ਫਿਰ ਉਹ ਬਦਨਸੀਬ ਬੱਚੇ ਰਹਿ ਰਹੇ ਹਨ, ਜਿਨਾਂ ਦੇ ਮਾਂ-ਬਾਪ ਦੋਨੋਂ ਹੀ ਨਸ਼ੇ ਰੂਪੀ ਦੈਂਤ ਦੇ ਖ਼ੂਨੀ ਪੰਜਿਆਂ ਨੇ ਮੌਤ ਦੇ ਘਾਟ ਉਤਾਰ ਦਿੱਤੇ। ਜੇਕਰ ਪੰਜਾਬ ਨੂੰ ਸੰਭਾਲਿਆ ਨਾ ਗਿਆ ਤਾਂ ਅਜਿਹੇ ਮਕਬੂਲਪੁਰੇ ਪੰਜਾਬ ਦੇ ਹਰ ਪਿੰਡ ਅਤੇ ਸ਼ਹਿਰ ਵਿੱਚ ਬਣਨ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਅਜਿਹੀ ਮਾਰੂ ਅਤੇ ਚਿੰਤਾ ਵਾਲੀ ਸਥਿਤੀ ਵਿੱਚੋਂ ਹੀ ਕਿਸੇ ਹੱਦ ਤੱਕ ਜਵਾਨੀ ਪੰਜਾਬ ਨੂੰ ਬੇਦਾਵਾ ਕਹਿ ਕੇ ਪ੍ਰਵਾਸ ਦਾ ਸਫ਼ਰ ਹੰਢਾਉਣ ਲਈ ਪੱਬਾਂ ਭਾਰ ਹੋ ਗਈ ਹੈ।

ਬਾਕੀ ਸਫ਼ਾ 31 'ਤੇ

# ਇੱਕੋ ਦਿਨ ਦੋ ਫ਼ਿਲਮਾਂ ਰਿਲੀਜ਼ ਕਰਨਾ ਪੰਜਾਬੀ ਸਿਨੇਮੇ ਦੇ ਮਾੜੇ ਦਿਨਾਂ ਦੀ ਨਿਸ਼ਾਨੀ ਹੋਵੇਗਾ !

## ਸਤਿੰਦਰ ਸਰਤਾਜ ਤੇ ਅਮਰਿੰਦਰ ਗਿੱਲ ਦੀਆਂ ਫ਼ਿਲਮਾਂ ਦੀਆਂ ਰਿਲੀਜ ਮਿਤੀਆਂ ਆਪਸ 'ਚ ਭਿੜੀਆਂ

**- ਸੁਰਜੀਤ ਜੱਸਲ**
9814607737

ਅੱਜ ਪੰਜਾਬੀ ਫ਼ਿਲਮ ਉਦਯੋਗ ਸਿਖਰਾਂ ਵੱਲ ਵਧ ਰਿਹਾ ਹੈ। ਵਿਦੇਸਾਂ ਤੋਂ ਚੰਗੇ ਨਿਰਮਾਤਾ ਪੰਜਾਬੀ ਸਿਨੇਮੇ ਨੂੰ ਪ੍ਰਫੁੱਲਤ ਕਰਨ 'ਚ ਆਪਣਾ ਯੌਗਦਾਨ ਪਾ ਰਹੇ ਹਨ ਤੇ ਧੜਾਧੜ ਚੰਗੀਆਂ ਫ਼ਿਲਮਾਂ ਦਾ ਨਿਰਮਾਣ ਹੋ ਰਿਹਾ ਹੈ ਜੋ ਚੰਗੀ ਗੱਲ ਹੈ ਪਰ ਇੱਕ ਗੱਲ ਧਿਆਨ ਦੇਣ ਵਾਲੀ ਹੈ ਕਿ ਪੰਜਾਬੀ ਫ਼ਿਲਮਾਂ ਦਾ ਦਰਸ਼ਕ ਵਰਗ ਬਹੁਤ ਥੋੜਾ ਤੇ ਸੀਮਤ ਹੈ। ਜਿੱਥੇ ਇੱਕੋ ਦਿਨ ਦੋ ਦੋ ਫ਼ਿਲਮਾਂ ਰਿਲੀਜ਼ ਕਰਨਾ ਪੰਜਾਬੀ ਸਿਨੇਮੇ ਦੀ ਬੇੜੀ 'ਚ ਵੱਟੇ ਪਾਉਣ ਵਾਲੀ ਗੱਲ ਹੋਵੇਗੀ। ਪਿਛਲੇ ਸਾਲ 'ਤੇ ਝਾਤ ਮਾਰੀਏ ਤਾਂ 60 ਤੋਂ ਵੱਧ ਫ਼ਿਲਮਾਂ ਰਿਲੀਜ਼ ਹੋਈਆਂ ਜਿੰਨਾ 'ਚੋਂ ਮਸਾਂ ਪੰਜ-ਸੱਤ ਦੇ ਹਿੱਸੇ ਹੀ ਸਫ਼ਲਤਾ ਆਈ ਬਾਕੀ ਸਿਨੇਮੇ ਦੀਆਂ ਦੋਗਲੀਆਂ ਨੀਤੀਆਂ ਦੀ ਭੇਟ ਚੜ ਗਈਆ। ਪਰ ਦੁੱਖ ਦੀ ਗੱਲ ਹੈ ਕਿ ਸਾਡੇ ਫ਼ਿਲਮਕਾਰਾਂ ਨੇ ਇਸ ਨਤੀਜੇ ਤੋਂ ਕੋਈ ਸਿੱਖਿਆ ਨਹੀਂ ਲਈ ਬਲਕਿ ਇਸੇ ਗਲਤੀ ਨੂੰ ਮੁੜ ਦੁਹਰਾਇਆ ਜਾ ਰਿਹਾ ਹੈ। ਪਤਾ ਨੀਂ ਕਿਹੜੇ ਭਰਮ ਚ ਇਕੋ ਦਿਨ ਦੋ-ਦੋ ਫ਼ਿਲਮਾਂ ਨੂੰ ਰਿਲੀਜ਼ ਕਰਨ ਦਾ ਮੁਕਾਬਲਾ ਕਰਵਾਉਣ ਲੱਗੇ ਹਨ।







ਜ਼ਿਕਰਯੋਗ ਹੈਕਿ ਹੁਣ 13 ਮਾਰਚ ਨੂੰ ਫਿਰ ਦੋ ਫ਼ਿਲਮਾਂ ਰਿਲੀਜ਼ ਹੋਣ ਜਾ ਰਹੀਆਂ ਹਨ ਜਿੰਨਾਂ 'ਚੋਂ ਪਹਿਲੀ ਫ਼ਿਲਮ ਸਤਿੰਦਰ ਸਰਤਾਜ ਤੇ ਅਦਿੱਤੀ ਸ਼ਰਮਾ ਦੀ ਫ਼ਿਲਮ 'ਇੱਕੋ ਮਿੱਕੇ' ਹੈ ਜਿਸਦੀ ਰਿਲੀਜ਼ ਮਿਤੀ 13 ਮਾਰਚ ਕਾਫ਼ੀ ਸਮਾਂ ਪਹਿਲਾਂ ਹੀ ਐਲਾਨ ਹੋ ਚੁੱਕੀ ਸੀ ਪ੍ਰੰਤੂ ਇਸੇ ਮਿਤੀ ਅਮਰਿੰਦਰ ਗਿੱਲ ਦੀ ਕਾਮੇਡੀ ਫ਼ਿਲਮ ' ਚੱਲ ਮੇਰਾ ਪੁੱਤ 2' ਦੇ ਰਿਲੀਜ਼ ਹੋਣ ਦੀਆਂ ਖ਼ਬਰਾਂ ਹਨ। ਦੋਵੇਂ ਫ਼ਿਲਮਾ ਦੇ ਵਿਸ਼ੇ ਬਹੁਤ ਵਧੀਆਂ ਹਨ । ਦੋਵੇ ਸਮਾਜਿਕ ਦਾਇਰੇ ਨਾਲ ਜੁੜੀਆਂ ਮਨੋਰੰਜਨ ਭਰਪੂਰ ਫ਼ਿਲਮਾਂ ਹਨ ਪਰ ਸਤਿੰਦਰ ਸਰਤਾਜ ਦੀ ਇਹ ਪਹਿਲੀ ਫ਼ਿਲਮ ਹੈ ਜਿਸ ਨਾਲ ਉਹ ਪੰਜਾਬੀ ਸਿਨੇਮੇ ਵੱਲ ਕਦਮ ਵਧਾ ਰਿਹਾ ਹੈ ਅਜਿਹੇ ਮੌਕੇ ਬਾਕੀ ਫ਼ਿਲਮਕਾਰਾਂ ਨੂੰ ਚਾਹੀਦਾ ਹੈ ਕਿ ਇਸ ਚੰਗੀ ਸ਼ਖਸ਼ੀਅਤ ਨੂੰ ਫ਼ਿਲਮੀ ਵਿਹੜੇ 'ਚ ਰਲ ਮਿਲ ਕੇ 'ਜੀ ਆਇਆ' ਆਖਿਆ ਜਾਵੇ। ਉਸਦੀ ਫ਼ਿਲਮ ਦੇ ਪ੍ਰਚਾਰ 'ਚ ਮਦਦ ਕੀਤੀ ਜਾਵੇ ਪਰ ਅਫ਼ਸੋਸ ਕਿ ਅਜਿਹਾ ਨਹੀਂ ਹੋ ਰਿਹਾ।

ਕੀ 13 ਮਾਰਚ ਨੂੰ ਸੱਚਮੁੱਚ ਦੋਵੇਂ ਫ਼ਿਲਮਾਂ ਰਿਲੀਜ਼ ਹੋਣਗੀਆਂ ਪਰ ਅਜਿਹੇ ਹਾਲਾਤਾਂ 'ਚ ਪੰਜਾਬੀ ਦਰਸ਼ਕ ਸਿਰਫ਼ ਇੱਕ ਫ਼ਿਲਮ ਹੀ ਵੇਖਣ ਦੀ ਸੋਚ ਰੱਖੇਗਾ। ਇੱਕੋ ਸਮੇਂ ਦੋ ਫ਼ਿਲਮਾਂ ਲਈ ਦਰਸ਼ਕ ਕੋਲ ਨਾ ਤਾਂ ਸਮਾਂ ਹੈ ਤਾਂ ਨਾ ਹੀ ਜੇਬ ਇਜ਼ਾਜਤ ਦੇਵੇਗੀ। ਇਸ ਤਰਾਂ ਜੇ ਨੁਕਸਾਨ ਹੋਵੇਗਾ ਤਾ ਫ਼ਿਲਮਕਾਰਾਂ ਦਾ ਹੀ ਹੋਵੇਗਾ, ਦਰਸ਼ਕ ਦਾ ਨਹੀਂ।

ਸਤਿੰਦਰ ਸਰਤਾਜ ਦੇ ਰੁਤਬੇ, ਸ਼ਖਸ਼ੀਅਤ ਨੂੰ ਵੇਖਦੇ ਹੋਏ 'ਚੱਲ ਮੇਰੇ ਪੁੱਤ 2' ਨੂੰ ਆਪਣੀ ਰਿਲੀਜ਼ ਮਿਤੀ ਬਦਲਣੀ ਚਾਹੀਦੀ ਹੈ। ਪੰਜਾਬੀ ਸਿਨੇਮੇ ਦੀ ਭਲਾਈ ਲਈ ਸਮੁੱਚੇ ਫ਼ਿਲਮਕਾਰਾਂ, ਕਲਾਕਾਰਾਂ ਤੇ ਡਿਸਟੀਬਿਊਟਰਾਂ ਨੂੰ ਆਪਸੀ ਤਾਲਮੇਲ ਸਦਕਾ ਪੰਜਾਬੀ ਸਿਨੇਮੇ ਨੂੰ ਮਜਬੂਤ ਕਰਨ ਦੇ ਲਈ ਇਸ ਪ੍ਰਤੀ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ, ਨਹੀਂ ਤਾਂ ਫਿਰ ਉਹ ਦਿਨ ਦੂਰ ਨਹੀਂ ਜਦ ਪੰਜਾਬੀ ਸਿਨੇਮੇ ਮੁੜ ਡਾਵਾਂਡੋਲ ਦੀ ਸਥਿਤੀ 'ਚ ਨਜ਼ਰ ਆਵੇਗਾ।




## ਪਾਠਕਾਂ ਦਾ ਨਜ਼ਰੀਆ

### ਸੰਵਿਧਾਨ ਦੀ ਹੱਤਿਆ ਬਰਾਬਰ ਹਨ ਸੰਪਰਦਾਇਕ ਦੰਗ

ਦਿੱਲੀ ਚੋਣਾਂ ਦੌਰਾਨ ਗੋਲੀ ਮਾਰੋ ਨਾਹਰਾ ਦਿੱਤਾ ਗਿਆ ਸੀ, ਜੋ ਪਿਛਲੇ ਹਫਤੇ ਅਸਲੀਅਤ ਬਣ ਗਿਆ। ਦਿੱਲੀ ਵਿੱਚ ਦੰਗੇ ਹੋਏ। 53 ਲੋਕ ਮਾਰੇ ਗਏ।

ਦੇਸ਼ ਵਿੱਚ ਵਾਪਰੀ ਦਿੱਲੀ ਦੀ ਇਸ ਹਿੰਸਾ ਨੇ ਲੋਕਤੰਤਰਿਕ ਅਤੇ ਸਿਆਸੀ ਢਾਂਚੇ ਵਿੱਚ ਪਈ ਦਰਾਰ ਨੂੰ ਦਿਖਾਇਆ ਹੈ। ਦੇਸ਼ ਦੀ ਸੰਸਦ ਦੀਆਂ ਦੋ ਮਾਰਚ 2020 ਤੋਂ ਬੈਠਕਾਂ ਸ਼ੁਰੂ ਹਨ। ਸੰਸਦ ਵਿੱਚ ਇਸ ਸੰਪਰਦਾਇਕ ਦੰਗੇ ਉੱਤੇ ਚਰਚਾ ਕਰਨ ਲਈ ਕੋਈ ਸਮਾਂ ਨੀਅਤ ਨਹੀਂ ਕੀਤਾ ਗਿਆ ਜਦਕਿ ਇਹ ਬਹੁਤ ਹੀ ਗੰਭੀਰ ਮਸਲਾ ਹੈ। ਇਸ ਨਾਲ ਇੱਕ ਧਾਰਨਾ ਪਕੇਰੀ ਹੋਈ ਹੈ ਕਿ ਦੇਸ਼ ਦਾ ਰਾਜਨੀਤਕ ਵਰਗ ਇਸ ਤੋਂ ਪ੍ਰੇਸ਼ਾਨ ਨਹੀਂ ਹੈ, ਸਗੋਂ ਧਾਰਮਿਕ ਵੰਡੀਆਂ ਪਾਕੇ ਆਪਣਾ ਵੋਟ ਬੈਂਕ ਵੱਡਾ ਕਰਨ ਦੇ ਚੱਕਰ ਵਿੱਚ ਹੈ। ਹੈਰਾਨੀ ਵਾਲੀ ਗੱਲ ਤਾਂ ਇਹ ਵੀ ਹੈ ਕਿ ਸਿਆਸੀ ਨੇਤਾਵਾਂ ਨੇ ਇਹਨਾਂ ਖੇਤਰਾਂ ਵਿੱਚ ਬਹੁਤ ਘੱਟ ਦੌਰੇ ਕੀਤੇ ਹਨ। ਦੇਸ਼ ਦੀ ਸੰਸਦ ਜੋ ਕਿ ਜਨ ਪ੍ਰਤੀਨਿਧੀਆਂ ਦੀ ਲੋਕ ਸੰਸਥਾ ਹੈ, ਉਸ ਦਾ ਇਹ ਰਵੱਈਆ ਕੀ ਜਾਇਜ਼ ਹੈ ? ਦੰਗਿਆਂ ਉੱਤੇ ਇਸ ਸਮੇਂ ਤਤਕਾਲ ਚਰਚਾ ਦੀ ਲੋੜ ਸੀ, ਜਿਸ ਨਾਲ ਲੋਕਾਂ ਵਿੱਚ ਵਿਸ਼ਵਾਸ ਪੈਦਾ ਕੀਤਾ ਜਾ ਸਕਦਾ ਸੀ, ਪਰ ਇੰਜ ਨਹੀਂ ਹੋਇਆ। ਵਿਰੋਧੀ ਧਿਰ ਸਦਨ ਵਿੱਚ ਚਰਚਾ ਦੀ ਮੰਗ ਕਰ ਰਹੀ ਹੈ ਤੇ ਸਰਕਾਰੀ ਧਿਰ ਦੰਗਿਆਂ ਨਾਲ ਪੈਦਾ ਹੋਏ ਹਾਲਾਤ ਉੱਤੇ ਬਹਿਸ ਕਰਨ ਨੂੰ ਤਿਆਰ ਨਹੀਂ ਹੈ। ਵੈਸੇ ਵਿਰੋਧੀ ਧਿਰ ਇਸ ਸਮੇਂ ਨਿੱਸਲ ਹੋਈ ਪਈ ਹੈ, ਜੋ ਇਹ ਨਹੀਂ ਜਾਣਦੀ ਕਿ ਉਸ ਵਿਵਾਦ ਨੂੰ ਕਿਵੇਂ ਘੱਟ ਕੀਤਾ ਜਾਏ, ਜੋ ਸਾਡੇ ਸਿਆਸੀ ਅਤੇ ਸਮਾਜਿਕ ਜੀਵਨ ਵਿੱਚ ਤੇਜ਼ੀ ਨਾਲ ਵਧ ਰਿਹਾ ਹੈ।

ਜਿਵੇਂ ਦਿੱਲੀ ਪੁਲਿਸ ਨੇ ਹਿੰਸਾ ਦੇ ਮਾਮਲੇ ਵਿੱਚ ਕਈ ਦਿਨ ਚੁੱਪ ਵੱਟੀ ਰੱਖੀ, ਇਵੇਂ ਹੀ ਦੇਸ਼ ਦੀ ਨਿਆਂਪਾਲਿਕਾ ਨੇ ਵੀ ਮਿਲਿਆ ਜੁਲਿਆ ਸੰਦੇਸ਼ ਦਿੱਤਾ। ਦਿੱਲੀ ਹਾਈਕੋਰਟ ਦੇ ਇੱਕ ਉਸ ਸਤਿਕਾਰਯੋਗ ਜੱਜ ਮੁਰਲੀਧਰਨ ਨੂੰ ਅੱਧੀ ਰਾਤ ਨੂੰ ਬਦਲੀ ਦੇ ਹੁਕਮ ਫੜਾ ਦਿੱਤੇ ਗਏ, ਜਿਸਨੇ ਪੁਲਿਸ ਨੂੰ ਉਸਦੇ ਕੰਮਾਂ ਬਾਰੇ ਦੱਸਿਆ ਸੀ ਅਤੇ ਸਮੇਂ ਸਿਰ ਦੋਸ਼ੀਆਂ ਵਿਰੁੱਧ ਐੱਫ.ਆਈ.ਆਰ. ਦਰਜ ਕਰਨ ਦੇ ਹੁਕਮ ਦਿੱਤੇ ਸਨ। ਫਿਰ ਮੁੱਖ ਜੱਜ ਦੀ ਇਹ ਟਿੱਪਣੀ ਕਿ ਪੀੜਤਾਂ ਵਲੋਂ ਦਾਇਰ ਕੀਤੀਆਂ ਗਈਆਂ ਪਟੀਸ਼ਨਾਂ ਨਿਆਪਾਲਿਕਾ ਉੱਤੇ ਦਬਾਅ ਪਾਉਂਦੀਆਂ ਹਨ। ਹਾਲਾਂਕਿ ਸ਼ਾਹੀਨ ਬਾਗ ਧਰਨੇ ਦੇ ਵਿਰੁੱਧ ਦਾਇਰ ਜਾਚਕਾ ਵਿੱਚ ਸੁਪਰੀਮ ਕੋਰਟ ਨੇ ਟਿੱਪਣੀ ਕੀਤੀ ਕਿ ਦਿੱਲੀ ਪੁਲਿਸ ਨੂੰ ਪੇਸ਼ੇਵਰ ਢੰਗ ਨਾਲ ਸਥਿਤੀ ਨੂੰ ਸੰਭਾਲਣਾ ਚਾਹੀਦਾ ਹੈ। ਦਿੱਲੀ ਵਿੱਚ ਪੁਲਿਸ ਕਮਿਸ਼ਨਰ ਵਿਵਸਥਾ ਲਾਗੂ ਹੈ। ਪੁਲਿਸ ਕੋਲ ਮਜਿਸਟ੍ਰੇਟ ਵਾਲੀਆਂ ਸ਼ਕਤੀਆਂ ਅਤੇ ਅਧਿਕਾਰ ਹਨ। ਇਸਦੀ ਵਰਤੋਂ ਕਰਕੇ ਉਹ ਦੰਗੇ ਰੋਕ ਸਕਦੀ ਸੀ ਪਰ ਦਿੱਲੀ ਪੁਲਿਸ ਇਹ ਕਿਉਂ ਕਹਿ ਰਹੀ ਹੈ ਕਿ ਉਹ ਉੱਪਰਲੇ ਹੁਕਮਾਂ ਦੀ ਉਡੀਕ ਕਰ ਰਹੀ ਸੀ।

ਸ਼ਾਹੀਨ ਬਾਗ, ਜਾਮੀਆ ਅਤੇ ਜਾਫਰਾਬਾਦ ਜਿਹੇ ਖੇਤਰਾਂ ਵਿੱਚ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਰੋਸ ਧਰਨੇ ਕਈ ਦਿਨਾਂ ਤੋਂ ਚੱਲ ਰਹੇ ਸਨ, ਪਰ ਪੁਲਿਸ ਨੇ ਇਹਨਾਂ ਇਲਾਕਿਆਂ ਵਿੱਚ ਦੰਗਿਆਂ ਤੋਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਕੋਈ ਕਦਮ ਨਹੀਂ ਚੁੱਕਿਆ। ਜਦਕਿ ਇਹਨਾਂ ਖੇਤਰਾਂ ਵਿੱਚ 1984 ਵਿੱਚ ਵੀ ਦੰਗੇ ਹੋਏ ਸਨ। ਇਸ ਸਬੰਧੀ ਜਸਟਿਸ ਢੀਂਗਰਾ ਜਾਂਚ ਕਮੇਟੀ, ਜੋ 84 ਦੰਗਿਆਂ ਦੀ ਜਾਂਚ ਲਈ ਬਣਾਈ ਗਈ ਸੀ, ਉਸ ਵਲੋਂ ਦਿੱਤੀਆਂ ਸਿਫਾਰਸ਼ਾਂ ਉੱਤੇ ਕੋਈ ਕਾਰਵਾਈ ਨਹੀਂ ਕੀਤੀ ਗਈ।

ਜਿਵੇਂ ਕਿ ਅਕਸਰ ਹੁੰਦਾ ਹੈ, ਦਿੱਲੀ ਦੇ ਇਹਨਾਂ ਦੰਗਿਆਂ ਉੱਤੇ ਇੱਕ ਜਾਂਚ ਕਮੇਟੀ ਬਿਠਾ ਦਿੱਤੀ ਜਾਏਗੀ। ਉਹ ਅਗਲੇ ਤਿੰਨ ਸਾਲਾਂ ਵਿੱਚ ਰਿਪੋਰਟ ਦੇਵੇਗੀ। ਪਰ ਉਦੋਂ ਤੱਕ ਸ਼ਾਇਦ ਲੋਕ ਇਹਨਾਂ ਦੰਗਿਆਂ ਨੂੰ ਭੁੱਲ ਜਾਣਗੇ। ਜਦਕਿ ਇਹਨਾਂ ਦੰਗਿਆਂ ਦੀ ਸਚਾਈ ਖੁੱਲੀਆਂ ਅੱਖਾਂ ਨਾਲ ਸਾਰਿਆਂ ਨੂੰ ਨਜ਼ਰ ਆ ਰਹੀ ਹੈ, ਜਿਸਨੂੰ ਦੇਖਦਿਆਂ ਦੰਗੇ ਕਰਾਉਣ ਵਾਲੇ ਲੋਕਾਂ ਉੱਤੇ ਤੁਰੰਤ ਕਾਨੂੰਨੀ ਕਾਰਵਾਈ ਦੀ ਲੋੜ ਹੈ। ਜੇਕਰ ਸਰਕਾਰ ਜਾਂਚ ਕਮੇਟੀ ਬਿਠਾਉਣੀ ਹੀ ਚਾਹੁੰਦੀ ਹੈ ਤਾਂ ਇਸਦੀ ਮਿਆਦ ਤਿੰਨ ਮਹੀਨੇ ਤੋਂ ਵੱਧ ਨਾ ਹੋਵੇ। ਰਿਪੋਰਟ ਮਿਲਣ 'ਤੇ ਇਸ ਨੂੰ ਲੋਕ ਕਚਹਿਰੀ ਵਿੱਚ ਲਿਆਂਦਾ ਜਾਵੇ, ਭਾਵ ਸਰਵਜਨਕ ਕੀਤਾ ਜਾਵੇ। ਫਿਰ ਦੋਸ਼ੀਆਂ ਨੂੰ ਕਾਨੂੰਨੀ ਸਜ਼ਾ ਦੁਆਈ ਜਾਏ।

ਟਰੰਪ ਦੇ ਦੌਰੇ ਸਮੇਂ ਹਿੰਸਾ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਅਕਸ ਨੂੰ ਢਾਅ ਲਾਈ ਹੈ। ਇਸ ਹਿੰਸਾ ਨੇ ਮੋਦੀ ਨੂੰ ਸ਼ਰਮਿੰਦਾ ਕੀਤਾ ਹੈ ਕਿਉਂਕਿ ਪੱਛਮੀ ਦੁਨੀਆ ਦੇ ਬਹੁਤ ਸਾਰੇ ਲੋਕਾਂ ਨੇ ਭਾਰਤ ਨੂੰ ਪਾਕਿਸਤਾਨ ਦੇ ਬਰਾਬਰ ਦੱਸਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਉੱਤੇ ਮਾਨਵ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਵੀ ਲੱਗ ਰਹੇ ਹਨ।

**ਗੁਰਮੀਤ ਸਿੰਘ ਪਲਾਹੀ**

### ਬ੍ਰਾਹਮਣਵਾਦ ਤੇ ਗੁਰਮਤਿ ਦੀ ਟੱਕਰ

ਸਿੱਖਾਂ ਨੇ ਰਾਜ-ਭਾਗ ਤਾਂ ਕੀ ਹਾਸਿਲ ਕਰਨਾ ਸੀ,ਸਿਖ ਹੋਂਦ-ਹਸਤੀ ਵੀ ਖੁਰਦੀ ਦਿਸ ਰਹੀ ਹੈ।ਖਾਲਸਾ ਪੰਥ ਦਾ ਜੋ ਰਵੱਈਆ ਤੇ ਹਿਸਾਬ-ਕਿਤਾਬ ਹੈ,ਉਸਨੂੰ ਵੇਖਦਿਆਂ ਜਾਪਦਾ ਹੈ ਕਿ ਘਾਣ ਹੋਕੇ ਰਹੇਗਾ ਅਤੇ ਸਿੱਖ ਵਿਚਾਰਧਾਰਾ ਦਾ ਹਿੰਦੂਕਰਨ ਕਰਕੇ ਸਿੱਖ ਸਮਾਜ ਵਿਚ ਹਿੰਦੂਆਂ ਵਾਲਾ ਸਮੁਚਾ ਸਿਸਟਮ ਲਾਗੂ ਹੋ ਕੇ ਰਹੇਗਾ। ਇਹ ਅਮਲ ਪਹਿਲਾਂ ਹੀ ਬੜੀ ਤੇਜ਼ੀ ਨਾਲ ਚੱਲ ਰਿਹਾ ਹੈ,ਅਜੇ ਰੋਕਿਆ ਜਾ ਸਕਦਾ ਹੈ।ਪਰ ਖਾਲਸਾ ਪੰਥ ਉਹਨਾਂ ਧਾਰਮਿਕ,ਸਿਆਸੀ ਤੇ ਹੋਰ ਆਗੂਆਂ ਤੇ ਟੇਕ ਰੱਖੀ ਬੈਠਾ ਹੈ ਜਿਹੜੇ ਕਦੋਂ ਦੇ ਆਪਣੇ ਸਵਾਰਥਾਂ ਬਦਲੇ ਵਿਕ ਚੁਕੇ ਹਨ।ਬਹੁਤੇ ਐਹੋ ਜਿਹੇ ਵੀ ਨੇ ਜਿਹੜੇ ਆਪਣੇ ਵਲੋਂ ਤਾਂ 'ਸਿਖੀ ਦੀ ਸੇਵਾ' ਕਰ ਰਹੇ ਨੇ ਪਰ ਅਸਲ ਵਿਚ ਉਹਨਾਂ ਦੇ ਕੰਮ ਸਿਖੀ ਦਾ ਘਾਣ ਕਰਨ ਵਾਲੇ ਹਨ।ਵਾਹਿਗੁਰੂ ਅੱਗੇ ਕੀਤੀਆਂ ਅਰਦਾਸਾਂ ਕੰਮ ਨਹੀ ਆਉਣੀਆਂ।ਆਪ ਵੀ ਕੁਝ ਕਰਨਾ ਪਏਗਾ ਪਰ ਖਾਲਸਾ ਪੰਥ ਨੇ ਸਭ ਕੁਝ ਵਾਹਿਗੁਰੂ ਉਤੇ ਛੱਡ ਦਿਤਾ ਹੈ। ਸਿੱਖਾਂ ਦਾ ਸਭ ਕੁਝ ਸਿਰਫ ਇਕੋ ਸੂਰਤ ਵਿਚ ਬਚ ਸਕਦਾ ਹੈ,ਸਿਖਾਂ ਦੇ ਆਪਣੇ ਰਾਜ-ਭਾਗ ਵਿਚ। ਕੀ ਸਿੱਖ ਇਹ ਫੈਸਲਾ ਲੈ ਸਕਣਗੇ ਕਿ ਬਾਕੀ ਸਾਰੇ ਮਸਲੇ,ਵਿਵਾਦ ਤੇ ਮੁਦੇ ਲਾਂਭੇ ਛੱਡਕੇ ਉਹਨਾਂ ਚਿਰ ਟਿਕਕੇ ਨਹੀ ਬਹਿਣਾ ਜਦ ਤੱਕ ਆਪਣਾ ਪ੍ਰਭੂਸੱਤਾ-ਸੰਪੰਨ ਮੁਲਕ ਨਹੀ ਸਿਰਜ ਲੈਂਦੇ। ਸਿਖਾਂ ਨੂਮ ਸੋਝੀ ਹੋਣੀ ਚਾਹੀਦੀ ਹੈ ਕਿ ਉਹਨਾਂ ਦਾ ਵਾਹ ਓਸ ਬ੍ਰਾਹਮਣਵਾਦ ਨਾਲ ਪਿਆ ਹੈ ਜਿਹੜਾ ਜੈਨੀਆਂ,ਬੋਧੀਆਂ ਤੇ ਭਾਰਤ ਦੇ ਮੂਲ-ਵਾਸੀਆਂ ਸਮੇਤ ਕਈਆਂ ਨੂੰ ਖਾ ਗਿਆ,ਤੇ ਹੁਣ ਸਿਖਾਂ ਨੂੰ ਹੜੱਪ ਜਾਣ ਦੀ ਤਿਆਰੀ ਵਿਚ ਹੈ। ਸਿਖ ਇਸ ਬ੍ਰਾਹਮਣਵਾਦ ਤੋਂ ਕਿਸੇ ਰਹਿਮ ਦੀ ਆਸ ਨਾ ਰੱਖਣ।ਪਰ ਕਰੀਏ ਕਿ ਸਿਖ ਸਮਾਜ ਦਾ ਵੱਡਾ ਹਿਸਾ ਤਾਂ ਉਹਨਾਂ ਹਿੰਦੂਆਂ ਨੂੰ ਆਪਣੇ ਭਰਾ ਸਮਝੀ ਬੈਠਾ ਹੈ ਜਿਹੜੇ ਬ੍ਰਾਹਮਣਵਾਦ ਤੇ ਗੁਰਮਤਿ ਦੀ ਟੱਕਰ ਵਿਚ ਦੂਜੇ ਪਾਸੇ ਖੜੇ ਹਨ।ਜਿਹੜਾ ਬੰਦਾ ਆਪਣੇ ਦੁਸ਼ਮਣ ਨੂੰ ਹੀ ਭਰਾ ਸਮਝਕੇ ਜੱਫੀਆਂ ਪਾਉਂਦਾ ਫਿਰੇ,ਉਹ ਮਰਿਆ ਹੀ ਮਰਿਆ !

**ਸਰਬਜੀਤ ਸਿੰਘ ਘੁਮਾਣ**

### ਭੜਕਾਊ ਗਾਇਕੀ ਨੇ ਕੁਰਾਹੇ ਪਾਏ ਨੌਜਵਾਨ

ਜੇ ਆਖੀਏ ਕਿ ਅਜੋਕੀ ਪੰਜਾਬੀ ਗਾਇਕੀ ਨੇ ਨੌਜਵਾਨ ਪੀੜੀ ਨੂੰ ਬਿਲਕੁਲ ਗੁੰਮਰਾਹ ਕਰ ਕੇ ਰੱਖ ਦਿੱਤਾ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਹਰ ਨਵਾਂ ਉੱਠ ਰਿਹਾ ਗਾਇਕ ਕੋਈ ਵੀ ਪੁੱਠਾ-ਸਿੱਧਾ ਗੀਤ ਗਾ ਕੇ ਸੋਸ਼ਲ ਮੀਡੀਆ ਰਾਤੋ-ਰਾਤ ਮਸ਼ਹੂਰ ਹੋਣਾ ਚਾਹੁੰਦਾ ਹੈ।

ਅਜੋਕੇ ਪੰਜਾਬੀ ਗੀਤਾਂ ਵਿਚ ਹਥਿਆਰ, ਗੈਂਗਵਾਰ, ਨਸ਼ੇ, ਧੱਕੇਸ਼ਾਹੀ, ਮਹਿੰਗੇ ਸ਼ੌਕ, ਅਧਨਗਨ ਮੁਟਿਆਰਾਂ ਨੂੰ ਵੱਡੇ ਪੱਧਰ 'ਤੇ ਦਿਖਾਇਆ ਜਾਂਦਾ ਹੈ। ਕਾਨੂੰਨ ਤੋੜਨ ਨੂੰ ਬਹੁਤ ਸ਼ਾਨ ਵਾਲਾ ਕੰਮ ਬਣਾ ਕੇ ਪੇਸ਼ ਕੀਤਾ ਜਾਂਦਾ ਹੈ।

ਨੌਜਵਾਨਾਂ ਦੀ ਕਈ ਵੀਡਿਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ, ਜਿਨਾਂ ਵਿਚ ਦੋ ਵੱਖ-ਵੱਖ ਗਾਇਕਾਂ ਦੇ ਫੈਨ ਆਪਸ ਵਿਚ ਟਕਰਾਉਂਦੇ ਦੇਖੇ ਗਏ। ਉਹ ਗੰਦੀ ਸ਼ਬਦਾਵਲੀ ਵਰਤ ਕੇ ਆਪਸ ਵਿਚ ਲੜਾਈ ਕਰ ਰਹੇ ਹਨ। ਪਿਛਲੇ ਦਿਨੀਂ ਯੂਕੇ ਦੇ ਇੱਕ ਸ਼ਹਿਰ ਵਿਚ ਹੋਏ ਸ਼ੋਅ ਵਿਚ ਗਾਇਕ ਦੀ ਕਿਸੇ ਗੱਲ ਤੋਂ ਮੱਚੀ ਭਗਦੜ ਵਿਚ ਤਿੰਨ ਪੰਜਾਬੀ ਨੌਜਵਾਨਾਂ ਦੀ ਜਾਨ ਜਾਂਦੀ ਰਹੀ। ਹੁਣ ਸੋਚਣ ਵਾਲੀ ਗੱਲ ਹੈ ਕਿ ਉਨਾਂ ਨੌਜਵਾਨਾਂ ਦੇ ਮਾਪਿਆਂ 'ਤੇ ਕੀ ਬੀਤਦੀ ਹੋਵੇਗੀ। ਆਖ਼ਰ ਉਨਾਂ ਦਾ ਕੀ ਕਸੂਰ ਸੀ ਜਿਨਾਂ ਪਤਾ ਨਹੀਂ ਕਿੰਨੇ ਸੁਪਨੇ ਬੁਣ ਕੇ ਆਪਣੇ ਪੁੱਤਾਂ ਨੂੰ ਵਿਦੇਸ਼ ਭੇਜਿਆ ਹੋਵੇਗਾ, ਪਰ ਭੜਕਾਊ ਗਾਇਕੀ ਨੇ ਉਨਾਂ ਦੀ ਜਾਨ ਲੈ ਲਈ। ਭੜਕਾਊ ਗਾਇਕੀ ਨੇ ਪੰਜਾਬ ਅੰਦਰ ਅਜਿਹਾ ਖਿਲਾਰਾ ਪਾਇਆ ਹੈ ਕਿ ਨੌਜਵਾਨ ਆਪਣੇ ਧੁੰਦਲੇ ਭਵਿੱਖ ਦੇ ਮੁੱਦੇ ਭੁਲਾ ਕੇ ਟਰਾਲੀਆਂ, ਗੱਡੀਆਂ ਭਰ ਭਰ ਕੇ ਅਖਾੜਿਆਂ 'ਤੇ ਜਾਂਦੇ ਹਨ। ਸਾਰਾ ਦਿਨ ਆਪਣੇ ਚਹੇਤੇ ਗਾਇਕਾਂ ਦੇ ਹੱਕ ਵਿਚ ਪੋਸਟਾਂ ਪਾ ਕੇ ਬਹਿਸਾਂ ਕਰਦੇ ਹਨ।

ਗਾਇਕੀ ਦੇ ਨਾਲ ਨਾਲ ਪੰਜਾਬੀ ਫਿਲਮਾਂ ਵੀ ਗੈਂਗਸਟਰ ਰਹਿ ਚੁੱਕੇ ਕਈ ਨੌਜਵਾਨਾਂ ਦੀਆਂ ਜ਼ਿੰਦਗੀਆਂ ਦੇ ਮਾੜੇ ਦੌਰ ਨੂੰ ਵਧੀਆ ਦਿਖਾ ਕੇ ਬਣਾਈਆਂ ਜਾ ਰਹੀਆਂ ਹਨ ਤੇ ਮੋਟੇ ਪੈਸੇ ਕਮਾ ਕੇ ਨੌਜਵਾਨੀ ਨੂੰ ਗਲਤ ਰਾਹਾਂ ਵੱਲ ਧੱਕਿਆ ਜਾ ਰਿਹਾ।

ਪੰਜਾਬ ਸਰਕਾਰ ਨੂੰ ਅਜਿਹੇ ਭੜਕਾਊ ਗਾਇਕਾਂ ਖਿਲਾਫ ਸਖਤ ਕਾਰਵਾਈ ਕਰਦਿਆਂ ਉਨਾਂ ਦੀ ਗਾਇਕੀ ਪਾਬੰਦੀ ਲਗਾ ਦੇਣੀ ਚਾਹੀਦੀ ਹੈ। ਨੌਜਵਾਨਾਂ ਨੂੰ ਅਜਿਹੀ ਗਾਇਕੀ ਤੋਂ ਕਿਨਾਰਾ ਕਰਨਾ ਚਾਹੀਦਾ ਹੈ, ਕਿਉਂਕਿ ਇਹ ਸਾਨੂੰ ਕੋਈ ਸੇਧ ਨਹੀਂ ਦਿੰਦੀ, ਸਗੋਂ ਕੁਰਾਹੇ ਪਾਉਂਦੀ ਹੈ।

**ਬੇਅੰਤ ਬਾਜਵਾ**

### ਪੰਜਾਬ 'ਚ ਨੌਜਵਾਨਾਂ ਦੀਆਂ ਨਸ਼ਿਆਂ ਕਾਰਨ ਮੌਤਾਂ

ਸਿਆਸਤ ਵਿਚ ਅਪਰਾਧੀ ਦਾਖ਼ਲ ਹੋ ਚੁੱਕੇ ਹਨ। ਇਹ ਅਪਰਾਧੀ ਪੈਸੇ ਦੇ ਜ਼ੋਰ 'ਤੇ ਚੋਣਾਂ ਜਿੱਤ ਕੇ ਹੁਕਮਰਾਨ ਬਣ ਜਾਂਦੇ ਹਨ ਅਤੇ ਪੂਰੇ ਸਿਸਟਮ ਨੂੰ ਆਪਣੀਆਂ ਗੰਦੀਆਂ ਚਾਲਾਂ ਕਾਰਨ ਦੂਸ਼ਿਤ ਕਰਨ ਲੱਗਦੇ ਹਨ।

ਪੰਜਾਬ 'ਚ ਨੌਜਵਾਨਾਂ ਦੀਆਂ ਨਸ਼ਿਆਂ ਕਾਰਨ ਰੋਜ਼ ਹੋ ਰਹੀਆਂ ਮੌਤਾਂ ਦੀਆਂ ਖ਼ਬਰਾਂ ਪੜ ਕੇ ਮਨ ਬਹੁਤ ਉਦਾਸ ਹੋ ਜਾਂਦਾ ਹੈ। ਦੁੱਖ ਹੁੰਦਾ ਹੈ ਕਿ ਜਿਹੜੇ ਪੰਜਾਬ ਦੇ ਗੱਭਰੂ ਪਹਿਲਾਂ ਦੁੱਧ-ਘਿਉ ਸਮੇਤ ਹੋਰ ਖੁੱਲੀਆਂ ਖ਼ੁਰਾਕਾਂ ਖਾਣ ਦੇ ਸ਼ੌਕੀਨ ਹੁੰਦੇ ਸਨ, ਹੁਣ ਉਹ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਖ਼ੁਦ ਨੂੰ ਤਬਾਹ ਕਰ ਰਹੇ ਹਨ। ਨਸ਼ਿਆਂ ਨੇ ਪਤਾ ਨਹੀਂ ਕਿੰਨੇ ਘਰ ਬਰਬਾਦ ਕਰ ਦਿੱਤੇ ਹਨ। ਨਸ਼ੇ ਕਾਰਨ ਮਰੇ ਨੌਜਵਾਨਾਂ ਦੇ ਮਾਪਿਆਂ ਦਾ ਬੁਢਾਪਾ ਰੁਲ ਰਿਹਾ ਹੈ। ਪੰਜਾਬ ਸਰਕਾਰ ਤੇ ਪੁਲਿਸ ਅਧਿਕਾਰੀ ਭਾਵੇਂ ਨਸ਼ੇ ਖ਼ਤਮ ਕਰਨ ਦੇ ਦਮਗਜੇ ਮਾਰ ਰਹੇ ਹਨ ਪਰ ਹਕੀਕਤ ਇਹ ਹੈ ਕਿ ਨਸ਼ੇ ਨਹੀਂ ਰੁਕ ਰਹੇ। ਨਸ਼ਿਆਂ ਦੇ ਸੌਦਾਗਰ ਬੇਲਗਾਮ ਹਨ। ਲੋਕ ਉਨਾਂ ਤੋਂ ਡਰਦੇ ਮਾਰੇ ਪੁਲਿਸ ਅਧਿਕਾਰੀਆਂ ਕੋਲ ਸ਼ਿਕਾਇਤ ਵੀ ਨਹੀਂ ਕਰਦੇ। ਨੌਜਵਾਨ ਘਰਦਿਆਂ ਤੋਂ ਚੋਰੀ-ਛਿਪੇ ਨਸ਼ਾ ਖ਼ਰੀਦ ਕੇ ਉਨਾਂ ਦਾ ਸੇਵਨ ਕਰਨ ਲੱਗਦੇ ਹਨ। ਹੌਲੀ-ਹੌਲੀ ਜਦੋਂ ਉਹ ਨਸ਼ੇ ਦੇ ਆਦੀ ਹੋ ਜਾਂਦੇ ਹਨ ਤਾਂ ਘਰੋਂ ਪੈਸੇ ਤੇ ਹੋਰ ਸਾਮਾਨ ਚੋਰੀ ਕਰ ਕੇ ਨਸ਼ੇ ਖ਼ਰੀਦਣ ਲੱਗਦੇ ਹਨ। ਅ ਨਸ਼ਿਆਂ ਕਾਰਨ ਮਰੇ ਨੌਜਵਾਨਾਂ ਦੇ ਪਰਿਵਾਰਾਂ ਨੂੰ ਸਾਰੀ ਉਮਰ ਸੰਤਾਪ ਭੋਗਣਾ ਪੈਂਦਾ ਹੈ। ਅੱਜਕੱਲ ਤਾਂ ਨੇਤਾਵਾਂ ਤੇ ਅਪਰਾਧੀਆਂ ਦੇ ਕਥਿਤ ਗੱਠਜੋੜ ਨੇ ਭਾਰਤ ਦਾ ਭੱਠਾ ਹੀ ਬਿਠਾ ਦਿੱਤਾ ਹੈ। ਸਿਆਸਤ ਵਿਚ ਅਪਰਾਧੀ ਦਾਖ਼ਲ ਹੋ ਚੁੱਕੇ ਹਨ। ਇਹ ਅਪਰਾਧੀ ਪੈਸੇ ਦੇ ਜ਼ੋਰ 'ਤੇ ਚੋਣਾਂ ਜਿੱਤ ਕੇ ਹੁਕਮਰਾਨ ਬਣ ਜਾਂਦੇ ਹਨ ਅਤੇ ਪੂਰੇ ਸਿਸਟਮ ਨੂੰ ਆਪਣੀਆਂ ਗੰਦੀਆਂ ਚਾਲਾਂ ਕਾਰਨ ਦੂਸ਼ਿਤ ਕਰਨ ਲੱਗਦੇ ਹਨ। ਨਸ਼ਿਆਂ ਸਮੇਤ ਲਗਪਗ ਹਰ ਖੇਤਰ ਵਿਚ ਉਹ ਮਾਫੀਆ ਬਣਾਈ ਬੈਠੇ ਹਨ। ਮੁੱਕਦੀ ਗੱਲ ਇਹ ਕਿ ਭਾਰਤ ਵਿਚ ਲੋਕਤੰਤਰ ਦਾ ਕਰੂਪ ਚਿਹਰਾ ਹੈ। ਇੱਥੇ 'ਚੋਰ ਤੇ ਕੁੱਤੀ' ਸਭ ਰਲੇ ਹੋਏ ਹਨ। ਅਜਿਹੇ ਵਿਚ ਸਾਡੇ ਮੁਲਕ ਦਾ ਰੱਬ ਹੀ ਰਾਖਾ ਹੈ।

**ਸੁਖਦੇਵ ਸਿੱਧੂ ਕੁਸਲਾ**

## ਕੀ ਹਾਲੇ ਵੀ ਔਰਤ ਹੀ ਔਰਤ...

ਭਾਵੇਂ ਛੋਟੀ ਕਿਰਪਾਨ ਜਾਂ ਪੈੱਪਰ ਸਪਰੇਅ ਹੀ ਕਿਉਂ ਨਾ ਹੋਵੇ!

ਜਿਸ ਨੂੰ ਆਉਣ ਵਾਲੇ ਸਮੇਂ ਬਾਰੇ ਹਾਲੇ ਵੀ ਕੋਈ ਸ਼ੰਕਾ ਰਹਿ ਗਈ ਹੋਵੇ, ਉਹ 18 ਜਨਵਰੀ 2018 ਦੀ ਮੁੱਖ ਪੰਨੇ ਉੱਤੇ ਲੱਗੀ ਖ਼ਬਰ ਪੜ ਸਕਦਾ ਹੈ ਜਿੱਥੇ 14 ਵਰਿਆਂ ਦੇ ਬੱਚੇ ਨੇ ਹਿਸਾਰ ਵਿਚ ਮੰਨਿਆ ਹੈ ਕਿ ਉਸ ਨੇ ਅਪਾਣੀ ਗਵਾਂਢਣ ਤਿੰਨ ਸਾਲ ਦੀ ਬੱਚੀ ਦਾ ਬਲਾਤਕਾਰ ਕਾਮੁਕ ਵੀਡੀਓ ਫਿਲਮਾਂ ਤੋਂ ਉਤਸਾਹਿਤ ਹੋ ਕੇ ਕੀਤਾ ਹੈ। ਭਾਰਤ ਮਾਤਾ ਦੇ ਦੋਗਲੇ ਪੁੱਤਰ 800 ਸਾਲ ਪਹਿਲਾਂ ਮਰ ਚੁੱਕੀ ਇਕ ਰਾਣੀ ਲਈ ਪੂਰੇ ਮੁਲਕ ਨੂੰ ਅੱਗ ਲਾਉਣ ਲਈ ਕਾਹਲੇ ਹਨ ਪਰ ਰੋਜ਼ ਦੀਆਂ ਮਸਲੀਆਂ ਜਾਂਦੀਆਂ 100 ਤੋਂ ਵੱਧ ਨਾਜ਼ੁਕ ਕਲੀਆਂ ਵਰਗੀਆਂ ਪਦਮਨੀਆਂ ਲਈ ਕੋਈ ਆਵਾਜ਼ ਚੁੱਕਣ ਨੂੰ ਤਿਆਰ ਨਹੀਂ। ਗੁਆਂਢੀ ਮੁਲਕ ਪਾਕਿਸਤਾਨ ਵਿਚ ਇਕ ਬੱਚੀ ਨਾਲ ਜ਼ੁਲਮ ਹੋਇਆ ਤਾਂ ਪੂਰੇ ਮੁਲਕ ਵਿਚ ਹਾਹਾਕਾਰ ਮਚ ਗਈ। ਪਰ ਅਸੀਂ ਮਰ ਚੁੱਕੇ ਜ਼ਮੀਰਾਂ ਵਾਲੇ ਬਣ ਚੁੱਕੇ ਹਾਂ। ਸਿਰਫ਼ ਵਿਖਾਵਾ ਕਰ ਸਕਦੇ ਹਾਂ। ਹੁਣ ਇਸ ਤੋਂ ਵੱਧ ਹੋਰ ਕੀ ਕਹਿਣ ਨੂੰ ਰਹਿ ਗਿਆ ਹੈ?

## ਨਹੀਂ ਲੱਭਣੇ ਲਾਲ ਗੁਆਚੇ

'ਇੱਕ ਗੱਲ ਥੋਨੂੰ ਦੱਸਦਾਂ ਪਰ ਕਿਸੇ ਕੋਲ ਮੇਰਾ ਨਾਮ ਨਾ ਲਿਓ'

'ਦੱਸੋ ਜੀ ਥੋਡਾ ਨਾ ਅਸੀਂ ਨੀਂ ਲੈਂਦੇ'

'ਚਾਰ ਚੁਫੇਰੇ ਦੇਖੋ'! ਲੈਫਟੀਨਿੰਟ ਨੇ ਕਿਹਾ ਤਾਂ ਅਸੀਂ ਚਾਰ-ਚੁਫੇਰੇ ਦੇਖ ਕੇ ਹੈਰਾਨ ਹੋ ਗਏ ਕਿ ਚਾਰ ਚੁਫੇਰੇ ਹਥਿਆਰਬੰਦ ਫੌਜੀਆਂ ਨੇ ਘੇਰਾ ਪਾਇਆ ਹੋਇਆ ਸੀ ਜਿਵੇਂ ਕਿ ਪਾਕਿਸਤਾਨੀ ਜੰਗੀ ਕੈਦੀ ਫੜੇ ਹੋਣ।

'ਕੀ ਮਤਲਬ ਜੀ?' ਮੀਕੇ ਨੇ ਅਫਸਰ ਤੋਂ ਪੁੱਛਿਆ।

'ਸਰਦਾਰ ਜੀ ਬੌਤ ਮਾੜਾ ਹੋਇਆ ਅੱਜ ਥੋਨੂੰ ਵਾਕਿਆ ਛੱਡ ਦੇਣਾ ਸੀ ਪਰ ਲੋਕ ਚਰਚਾ ਏਹ ਆ ਕਿ ਥੋਡੇ ਦੋ ਸਿੱਖਾਂ ਨੇ ਦੇਸ਼ ਦੀ ਪ੍ਰਧਾਨ ਮੰਤਰੀ ਹੀ ਮਾਰਤੀ! ਇਸ ਕਰਕੇ ਹੁਣ ਥੋਡੀ ਖਲਾਸੀ ਨੀ ਜੇ ਹੋਣੀ' ਲੈਫਟੀਨਿੰਟ ਦੀ ਗੱਲ ਸੁਣਕੇ ਸਾਰਿਆਂ ਦੇ ਹੱਥਾਂ ਦੇ ਤੋਤੇ ਉੱਡ ਗਏ। ਕੰਨਾਂ ਵਿੱਚ ਬਿੰਡੇ ਬੋਲਣ ਲੱਗ ਪਏ ਧਰਤੀ ਘੁੰਮਦੀ ਦਿਸਣ ਲੱਗੀ। ਇਹ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ ਸਾਰਿਆਂ ਦੇ ਮੂੰਹਾਂ ਤੇ ਪਲੱਤਣਾਂ ਫਿਰ ਗਈਆਂ। ਕਈਆਂ ਨੂੰ ਤਾਂ ਸੁਣ ਕੇ ਚੱਕਰ ਆ ਗਿਆ ਤੇ ਡਿੱਗ ਪਏ। ਪਰ ਕੋਈ ਇਹਨਾਂ ਨੂੰ ਹਸਪਤਾਲ ਨਹੀਂ ਲੈ ਕੇ ਗਿਆ, ਨਾਲ ਦੇ ਸਾਥੀਆਂ ਨੇ ਹੀ ਆਵਦਾ ਸਾਹ ਦੇ ਕੇ ਬਚਾਇਆ। ਮਿੰਟ ਵਿੱਚ ਕੀ ਦਾ ਕੀ ਹੋ ਗਿਆ? ਕਈ ਅੰਦਰੋਂ ਅੰਦਰ ਪ੍ਰਧਾਨ ਮੰਤਰੀ ਨੂੰ ਮਾਰਨ ਵਾਲਿਆਂ ਨੂੰ ਬੁਰਾ ਭਲਾ ਆਖ ਰਹੇ ਸਨ।

'ਕਿ ਕੁਛ ਚਿਰ ਹੋਰ ਰੁਕ ਜਾਂਦੇ ਸਾਡੀ ਖਲਾਸੀ ਤੋਂ ਬਾਅਦ ਕੁਸ਼ ਵੀ ਕਰ ਲੈਂਦੇ! ਮਾਰਨੀ ਸੀ ਤਾਂ ਸਾਡਾ ਖਿਆਲ ਰੱਖਕੇ ਮਾਰਦੇ ਤੁਸੀਂ ਤਾ ਬਣਗੇ ਹੀਰੋ ਤੇ ਸਾਨੂੰ ਬਣਾ ਤਾ ਜ਼ੀਰੋ! ਹੁਣ ਕੀ ਬਣੂੰਗਾ?'

ਸਾਰੇ ਸੋਚ ਰਹੇ ਸਨ। ਹੁਣ ਇਹਨਾਂ ਨੂੰ ਕਾਮਰੇਡ ਦੀਆਂ ਗੱਲਾਂ ਯਾਦ ਆਉਣ ਲੱਗੀਆਂ ਕਿ ਬੰਦੇ ਰੱਬ ਬਣੇ ਬੈਠੇ ਆ।

ਸਾਰੇ ਗੋਡਿਆਂ ਵਿੱਚ ਸਿਰ ਦੇ ਕੇ ਰੋ ਰਹੇ ਸਨ। ਪਰ ਕੋਈ ਚੁੱਪ ਕਰਵਾਉਣ ਵਾਲਾ ਨਹੀਂ ਸੀ।

'ਮੈ ਸੁਣਿਆਂ ਸੀ 'ਕਾਬਲ' ਦਿਆਂ ਜੰਮਿਆਂ ਨੂੰ ਨਿੱਤ ਮੁਹਿੰਮਾਂ, ਪਰ ਹੁਣ ਤਾਂ ਕੈਣਾ ਪਊ 'ਪੰਜਾਬ' ਦਿਆਂ ਜੰਮਿਆਂ ਨੂੰ ਨਿੱਤ ਮੁਹਿੰਮਾ' ਕਾਮਰੇਡ ਨੇ ਕਿਹਾ।

ਗੱਡੀਆਂ ਧੂੜਾਂ ਉਡਾਉਂਦੀਆਂ ਹੋਈਆਂ ਜਾ ਰਹੀਆਂ ਸਨ ਪਰ ਕਿੱਥੇ ਜਾਣਾ ਕਿਸੇ ਨੂੰ ਕੋਈ ਪਤਾ ਨਹੀ ਸੀ!

ਰਾਤ ਨੂੰ ਕਾਨਵਾਈ ਸ਼ਹਿਰ ਵਿੱਚ ਦਾਖਲ ਹੋਈ ਏਰੀਏ ਤੋਂ ਪਤਾ ਲੱਗਾ ਕਿ ਇਹ ਜੋਧਪੁਰ ਹੈ। ਸ਼ਹਿਰ ਤੋਂ ਬਾਹਰਵਾਰ ਉਜਾੜ ਵਿੱਚ ਪੁਰਾਣੀਆਂ ਬੈਰਕਾਂ ਸਨ। ਉੱਥੇ ਸਾਰਿਆਂ ਨੂੰ ਉਤਾਰ ਦਿੱਤਾ। ਜਿਸਦੇ ਚਾਰ ਚੁਫੇਰੇ ਕੰਡਿਆਂ ਵਾਲੀ ਤਾਰ ਲੱਗੀ ਸੀ। ਇੱਕ ਵੱਡਾ ਗੇਟ ਸੀ ਜਿਸਤੇ ਸਖ਼ਤ ਪਹਿਰਾ ਸੀ। ਇਹ ਵੀ ਆਖ ਦਿੱਤਾ ਸੀ ਕਿ ਕੰਡਿਆਂ ਵਾਲੀ ਤਾਰ ਵਿੱਚ ਬਿਜਲੀ ਦਾ ਕਰੰਟ ਹੈ, ਕੋਈ ਹੱਥ ਨਾ ਲਾਵੇ। ਬੈਰਕ ਅੰਦਰ ਬਦਬੂ ਮਾਰ ਰਹੀ ਸੀ, ਚੂਹਿਆਂ ਦੀਆਂ ਮੀਂਗਣਾਂ ਆਮ ਹੀ ਪਈਆਂ ਸਨ! ਕਿਰਲੀਆਂ ਅਤੇ ਚੂਹੇ ਕੰਧਾਂ ਉਤੇ ਲੁੱਡੀਆਂ ਪਾ ਰਹੀਆਂ ਸਨ। ਲੱਗਦਾ ਸੀ ਅੱਠ ਦਸ ਸਾਲ ਤੋਂ ਬੈਰਕ ਬੇ-ਆਬਾਦ ਪਈ ਹੈ। ਬਾਰੀਆਂ ਵਿੱਚ ਮੋਟੇ ਮੋਟੇ ਸਰੀਏ ਲਾਏ ਹੋਏ ਸਨ ਅਤੇ ਬਾਰੀਆਂ ਫਰਸ਼ ਨਾਲੋਂ ਬਹੁਤ ਉੱਚੀਆਂ ਸਨ। ਇੱਕ ਗੱਡੀ ਵਿੱਚ ਸਾਰਿਆਂ ਦਾ ਮਾੜਾ ਮੋਟਾ ਸਮਾਨ ਰੱਖਿਆ ਸੀ ਉਸ ਵਿੱਚੋਂ ਸਾਰਿਆਂ ਨੂੰ ਆਪੋ ਆਪਣਾ ਕੰਬਲ ਮੱਛਦਰਾਨੀ ਤੇ ਤੇਲ ਸਾਬਣ ਲੈਣ ਵਾਸਤੇ ਕਿਹਾ ਗਿਆ, ਬਾਕੀ ਫੌਜੀ ਸਮਾਨ, ਜੋ ਕੁਆਟਰ ਮਾਸਟਰ ਨੇ ਦਿਤਾ ਸੀ, ਉਹ ਸਮਾਨ ਗੱਡੀ ਵਿੱਚ ਨਹੀਂ ਸੀ। ਸਾਰਿਆਂ ਟੁੱਟੇ ਦਿਲਾਂ ਨਾਲ ਸਮਾਨ ਚੁੱਕਿਆ ਤੇ ਫਰਸ਼ ਤੇ ਹੀ ਲੰਮੇ ਪੈ ਗਏ।

ਪਹਿਲੀ ਗੱਲ ਤਾਂ ਹਵਾ ਚੱਲਦੀ ਹੀ ਨਹੀਂ ਸੀ ਜੇ ਚੱਲਦੀ ਸੀ ਤੇ ਬਾਰੀਆਂ ਉੱਚੀਆਂ ਹੋਣ ਕਰਕੇ ਕੈਦੀਆਂ ਨੂੰ ਨਹੀਂ ਸੀ ਲਗਦੀ! ਦਿਨ ਰਾਤ ਗਰਮੀ ਵਿੱਚ ਹੀ ਕੱਟਣੇ ਸਨ।

'ਯਾਰ ਮਿੰਟਾਂ 'ਚ' ਕੀ ਕੁਸ਼ ਹੋ ਗਿਆ!' ਕੇਵਲ ਨੇ ਇੱਟ ਦਾ ਸਿਰਹਾਣਾ ਰੱਖਦੇ ਹੋਏ ਨੇ ਕਿਹਾ।

'ਹਾਂ ਯਾਰ ਆਹ ਤਾਂ ਪਤਾ ਈ ਨੀ ਸੀ ਆਹ ਤਾਂ ਲੋਹੜਾ ਆ ਗਿਆ'! ਮੀਕੇ ਨੇ ਕਿਹਾ।

'ਮਾਰਿਆ ਪੁਲਸ ਆਲਿਆਂ ਤੇ ਗੁੱਸਾ ਫੌਜੀਆਂ ਤੇ ਏਹ ਭਲਾ ਕੀ ਗੱਲ ਹੋਈ?'

'ਏਹ ਤਾਂ ਓਹ ਗੱਲ ਹੋਈ ਡਿੱਗੀ ਖੋਤੇ ਤੋਂ ਗੁੱਸਾ ਘੁਮਿਆਰ ਤੇ।'

'ਹੁਣ ਆਪਾਂ ਨੂੰ ਕੀ ਕਰਨਗੇ?'

'ਕੀ ਪਤਾ ਮੇਰਾ ਖਿਆਲ ਆ ਕੇ ਆਹ ਪ੍ਰਧਾਨ ਮੰਤਰੀ ਦੇ ਕਤਲ ਦੀ ਗੱਲ ਠੰਢੀ ਪੈਣ ਤੋਂ ਬਾਦ ਛੱਡ ਦੇਣਗੇ'

'ਜੇ ਛੱਡਣਾਂ ਹੁੰਦਾ ਤਾਂ ਹੁਣੇ ਛੱਡ ਦਿੰਦੇ ਪਰ ਮੈਨੂੰ ਲਗਦਾ ਕਿ ਰੱਬ ਨੇ ਆਪਣੀ ਕਿਸਮਤ ਵਿੱਚ ਕੁੱਟ ਖਾਣੀ ਲਿਖੀ ਆ!' ਦਰਸ਼ਨ ਨੇ ਕਿਹਾ।

'ਪੰਡਤਾ ਕੋਈ ਰੱਬ ਰੁੱਬ ਨੀ! ਬੰਦਾ ਆਪਣੀ ਕਿਸਮਤ ਆਪ ਲਿਖਦੈ!' ਕਾਮਰੇਡ ਨੇ ਕਿਹਾ।

'ਤੂੰ ਆ ਗਿਆ ਨਾਸਤਿਕਾਂ ਵਾਲੀਆਂ ਗੱਲਾਂ ਤੇ ਕੌਮਨਿਸ਼ਟਾ?' ਦਰਸ਼ਨ ਨੇ ਕਿਹਾ ਜਿਸਨੂੰ ਰੱਬ ਤੇ ਅਥਾਹ ਵਿਸ਼ਵਾਸ਼ ਸੀ।

'ਲੈ ਬਾਬੇ ਫਰੀਦ ਜੀ ਨੇ ਨੀ ਕਿਹਾ ਸੀ 'ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ' (ਪੰਨਾ 1378) ਹੁਣ ਦੱਸ ਬੰਦਾ ਆਵਦੇ ਲੇਖ ਆਪ ਲਿਖਦਾ ਕਿ ਰੱਬ'?

'ਜੇ ਸਲੋਕ ਵੱਲ ਦੇਖੀਏ ਤਾ ਬੰਦਾ ਆਵਦੇ ਲੇਖ ਆਪ ਲਿਖਦੈ।'

'ਹਾਂ ਜਦੋਂ ਬੰਦਾ ਚੰਗਾ ਕੰਮ ਕਰਦਾ ਤਾਂ ਕਹੂਗਾ ਮੈਂ ਕੀਤਾ ਤੇ ਘਾਟਾ ਪੈ ਗਿਆ ਉਹ ਰੱਬ ਨੇ ਪਾ ਤਾ!' ਕਾਮਰੇਡ ਨੇ ਕਿਹਾ।

'ਹਾਂ ਠੀਕ ਆ ਭਰਾਵੋ ਜੇ ਆਪਾਂ ਨਾ ਭੱਜਦੇ ਤਾਂ ਆਪਣਾ ਏਹ ਹਾਲ ਨਾ ਹੁੰਦਾ।''

'ਹਾਂ ਜੇੜੇ ਨਈਂ ਭੱਜੇ ਓਹ ਅਰਾਮ ਨਾਲ ਨੌਕਰੀਆਂ ਕਰੀ ਜਾਂਦੇ ਆ ਤੇ ਅਸੀਂ ਕੁੱਟ ਖਾਈ ਜਾਨੇ ਆਂ।

'ਜੇ ਪ੍ਰਧਾਨ ਮੰਤਰੀ ਦਾ ਕਤਲ ਨਾ ਹੁੰਦਾ ਤਾਂ ਫਿਰ ਵੀ ਆਪਾਂ ਫਰੀ ਸੀ।'

'ਲੋਕ ਚਰਚਾ ਦੇ ਮੁਤਾਬਿਕ ਜੇ ਜਿਉਂਦੀ ਰਹਿ ਜਾਂਦੀ, ਛੱਡਦੀ ਆਪਾਂ ਨੂੰ ਫੇਰ ਵੀ ਨਹੀਂ ਸੀ! ਸਾਰਿਆਂ ਨੂੰ ਮਾਰ ਦੇਣਾ ਸੀ'

ਮੀਕੇ ਨੇ ਕਿਹਾ।

'ਭਰਾਵੋ ਐਸ ਕੁੱਤਖਾਨੇ ਤੇ ਬੇਜ਼ਤੀ ਭਰੀ ਜਿੰਦਗੀ ਨਾਲੋਂ ਮੌਤ ਵੀਹ ਦਰਜੇ ਚੰਗੀ' ਕੇਵਲ ਨੇ ਕਿਹਾ।

'ਓਹ ਤਾਂ ਠੀਕ ਆ ਕੇਵਲਾ ਭਲਾ ਕੱਲੀ ਸਾਰੇ ਸਿੱਖਾਂ ਨੂੰ ਕਿਵੇਂ ਮਾਰ ਦਿੰਦੀ?' ਦਰਸ਼ਨ ਨੇ ਪੁੱਛਿਆ।

'ਓਹ ਕੱਲੀ ਨੀ ਨਾਲ ਸਾਰੀ ਸਰਕਾਰ ਸੀ, ਪਰ ਅੱਗੇ ਓਹ ਲੱਗੀ ਸੀ। ਏਸ ਕਰਕੇ ਗੋਲੀ ਖਾਣੀ ਪਈ।'

'ਵੈਸੇ ਵੀ ਸਾਰੇ ਸਿੱਖਾਂ ਨੂੰ ਮਾਰਨ ਵਾਲੀ ਗੱਲ ਝੂਠ ਲਗਦੀ ਆ ਭਲਾ ਸਾਰੇ ਸਿੱਖਾਂ ਨੂੰ ਕਿਵੇਂ ਮਾਰਦੀ?' ਦਰਸ਼ਨ ਨੇ ਹੈਰਾਨ ਹੋ ਕੇ ਕਿਹਾ।

'ਜਿਵੇਂ ਹਿਟਲਰ ਨੇ ਯਹੂਦੀਆਂ ਨੂੰ ਮਾਰਿਆ, ਔਰੰਗਜ਼ੇਬ ਨੇ ਮੁਸਲਮਾਨ ਨਾ ਬਨਣ ਵਾਲੇ ਹਿੰਦੂਆਂ ਨੂੰ ਮਾਰਿਆ ਜਿਵੇਂ ਗੋਰਿਆਂ ਨੇ ਜਲਿਆਂ ਵਾਲੇ ਬਾਗ ਵਿੱਚ ਸਿੱਖ ਹਿੰਦੂ ਤੇ ਮੁਸਲਮਾਨਾਂ ਨੂੰ ਮਾਰਿਆ ਜਿਵੇਂ ਅਫਗਾਨਿਸਤਾਨ ਵਿੱਚ ਰਸ਼ੀਅਨਾਂ ਨੇ ਮੁਸਲਮਾਨਾਂ ਨੂੰ, ਜਿਵੇਂ ਸੱਦਾਮ ਹੂਸੈਨ ਨੇ ਕੁਰਦਾਂ ਨੂੰ ਮਾਰਿਆ ਜਾਂ ਇਜ਼ਰਾਈਲ ਵਾਲੇ ਮੁਸਲਮਾਨਾ ਨੂੰ ਮਾਰ ਰਹੇ ਹਨ' ਕੇਵਲ ਨੇ ਕਿਹਾ।

'ਓ ਪਾਗਲੋ ਏਨੇ ਆਪਾਂ ਨੂੰ ਹਿਟਲਰ ਵਾਂਗੂੰ ਨਈਂ ਸੀ ਮਾਰਨਾ, ਏਨਾ ਆਪਾਂ ਨੂੰ ਹੋਰ ਤਰੀਕੇ ਨਾ ਮਾਰਨਾ ਸੀ!' ਕਾਮਰੇਡ ਨੇ ਕਿਹਾ।

## ਭਾਰਤ ਨੂੰ ਲੈ ਡੁੱਬੇਗਾ...

ਦੇਸ਼ ਦੇ ਲੋਕਾਂ ਦੇ ਬੇਹੱਦ ਵਧੇ ਆਰਥਿਕ ਪਾੜੇ ਦੀ ਭਿਆਨਕ ਤਸਵੀਰ ਸਭ ਦੇ ਸਾਹਮਣੇ ਹੈ ਤੇ ਅੰਕੜੇ ਵੀ ਬੜੀ ਖੌਫਨਾਕ ਦਾਸਤਾਨ ਪੇਸ਼ ਕਰਦੇ ਹਨ। ਇਸ ਸੱਚ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਨੀਤੀਆਂ ਅਜੇ ਵੀ ਲੋਕ ਪੱਖੀ ਨਹੀਂ ਹਨ। ਅਰਥਸ਼ਾਸ਼ਤਰੀ ਦੇਸ਼ ਵਿੱਚ ਗਰੀਬੀ ਦਾ ਵੱਡਾ ਕਾਰਨ 60 ਫੀਸਦੀ ਅਬਾਦੀ ਦਾ ਕੇਵਲ ਖੇਤੀ ਉੱਤੇ ਨਿਰਭਰ ਹੋਣਾ ਮੰਨਦੇ ਹਨ। ਖੇਤੀ ਇੱਕ ਅਜਿਹਾ ਖੇਤਰ ਹੈ ਜਿੱਥੇ ਸਭ ਤੋਂ ਜ਼ਿਆਦਾ ਵਸੋਂ ਸਭ ਤੋਂ ਘੱਟ ਆਮਦਨ ਨਾਲ ਗੁਜਾਰਾ ਕਰ ਰਹੀ ਹੈ। ਮਾਹਿਰਾਂ ਅਨੁਸਾਰ ਖੇਤੀਬਾੜੀ ਵਿਕਾਸ ਦਰ 4.8 ਫੀਸਦੀ ਤੋਂ ਘਟ ਕੇ 2 ਫੀਸਦੀ ਰਹਿ ਗਈ ਹੈ। ਖੇਤੀਬਾੜੀ ਦਾ ਜੀ.ਡੀ.ਪੀ. ਵਿੱਚ ਯੋਗਦਾਨ ਕੇਵਲ 11 ਫੀਸਦੀ ਹੈ ਜੋ ਨਿਰੰਤਰ ਘਟਦਾ ਜਾ ਰਿਹਾ ਹੈ। ਵਿਸ਼ਵ ਬੈਂਕ ਅਨੁਸਾਰ ਵਿਸ਼ਵ ਬੈਂਕ ਸੰਨ 2030 ਤੱਕ ਸੰਸਾਰ ਵਿੱਚੋਂ ਗਰੀਬੀ ਖਤਮ ਕਰਨ ਲਈ ਕੰਮ ਕਰ ਰਹੀ ਹੈ। ਵਿਸ਼ਵ ਦੇ 40 ਫੀਸਦੀ ਜ਼ਿਆਦਾ ਗਰੀਬ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਬੀਮਾ ਅਤੇ ਹੋਰ ਸੁਵਿਧਾਵਾਂ ਦੇ ਜ਼ਰੀਏ ਸਾਰੇ ਦੇਸ਼ਾਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ।ਅਗਰ ਹੁਣ ਵੀ ਇਸ ਵਧ ਰਹੇ ਆਰਥਿਕ ਪਾੜੇ ਨੂੰ ਨਾ ਰੋਕਿਆ ਗਿਆ ਤਾਂ ਇਹ ਭਾਰਤ ਨੂੰ ਡੁਬੋਣ ਲਈ ਕਾਫੀ ਹੈ।

## ਪੰਜਾਬ 'ਚ ਚਿੱਟੇ ਦੇ...

ਹਰਲ-ਹਰਲ ਕਰਦੇ ਬੇਰੁਜ਼ਗਾਰੀ ਦੇ ਡੰਭੇ ਪਏ ਨੌਜਵਾਨਾਂ ਦੇ ਵੱਡੇ ਵਰਗ ਨੇ ਆਈਲੈਟਸ ਨੂੰ ਆਪਣੀ ਜ਼ਿੰਦਗੀ ਦੀ ਆਖਰੀ ਮੰਜ਼ਲ ਮਿੱਥ ਲਿਆ ਹੈ। ਜਿੱਥੇ ਦੇਸ਼ ਦੀ ਬੇਰੁਜ਼ਗਾਰੀ ਦੀ ਦਰ 10 ਫੀਸਦੀ ਹੈ, ਉੱਥੇ ਹੀ ਪੰਜਾਬ ਦੀ ਬੇਰੁਜ਼ਗਾਰੀ ਦੀ ਦਰ 16 ਫੀਸਦੀ ਨੂੰ ਪਾਰ ਕਰ ਗਈ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਬੇਰੁਜ਼ਗਾਰੀ ਗੁਰਬਤ ਨੂੰ ਜਨਮ ਦਿੰਦੀ ਹੈ ਅਤੇ ਗੁਰਬਤ ਹੰਢਾ ਰਿਹਾ ਨੌਜਵਾਨ ਨਿਰਾਸ਼ਤਾ ਅਤੇ ਬੇਵਸੀ ਦਾ ਸ਼ਿਕਾਰ ਹੋ ਕੇ ਅਸਥਾਈ ਸਕੂਨ ਦੀ ਤਲਾਸ਼ ਵਿੱਚ ਨਸ਼ਿਆਂ ਦਾ ਸਹਾਰਾ ਲੈ ਲੈਂਦਾ ਹੈ। ਅਜਿਹੀ ਦਿਲ ਕੰਬਾਊ ਸਥਿਤੀ ਤੋਂ ਬਚਣ ਲਈ ਮਾਪੇ ਆਪਣੇ ਇਕਲੌਤੇ ਪੁੱਤਾਂ ਨੂੰ ਜ਼ਮੀਨ ਅਤੇ ਗਹਿਣਾ ਗੱਟਾ ਵੇਚ ਕੇ ਵਿਦੇਸ਼ ਭੇਜਣ ਦਾ ਹੂਲਾ ਫੱਕਦੇ ਹਨ ਤਾਂ ਜੋ ਉਨਾਂ ਦਾ ਪੁੱਤ ਕਿਤੇ ਨਸ਼ਿਆਂ ਦੀ ਮਾਰੂ ਹਨੇਰੀ ਦੀ ਲਪੇਟ ਵਿੱਚ ਨਾ ਆ ਜਾਵੇ। ਬਹੁਤ ਸਾਰੇ ਮਾਪੇ ਹਉਕਾਂ ਭਰਕੇ ਆਪਣੇ ਆਪ ਨੂੰ ਮੁਖਾਤਿਬ ਹੁੰਦੇ ਹਨ, "ਭਾਵੇਂ ਅੱਖਾਂ ਤੋਂ ਓਹਲੇ ਹੋ ਗਿਆ ਹੈ, ਪਰ ਜਿਉਂਦਾ ਤਾਂ ਰਹੂ। ਇੱਥੇ ਤਾਂ ..."

ਦੂਸ਼ਿਤ ਸਰਿੰਜਾਂ ਰਾਹੀਂ ਚਿੱਟੇ ਦੇ ਟੀਕੇ ਲਾਉਣ ਕਾਰਨ ਨਸ਼ਈ ਵੱਡੀ ਗਿਣਤੀ ਵਿੱਚ ਏਡਜ਼ ਦਾ ਸ਼ਿਕਾਰ ਹੋ ਰਹੇ ਹਨ। ਸਿਹਤ ਵਿਭਾਗ ਪੰਜਾਬ ਦੀ ਰਿਪੋਰਟ ਅਨੁਸਾਰ ਅਕਤੂਬਰ 2019 ਤੋਂ ਦਸੰਬਰ 2019 ਤੱਕ 2948 ਏਡਜ਼ ਦੇ ਮਰੀਜ਼ ਸਾਹਮਣੇ ਆਏ ਹਨ। ਇਹ ਤਾਂ ਉਹ ਮਰੀਜ਼ ਹਨ ਜੋ ਆਪ ਟੈੱਸਟ ਕਰਵਾਉਣ ਲਈ ਸਾਹਮਣੇ ਆਏ। ਇਸ ਤੋਂ ਬਿਨਾਂ ਪੰਜਾਬ ਦੇ ਹਰ ਪਿੰਡ ਵਿੱਚ ਔਸਤ 40-50 ਚਿੱਟੇ ਦੀ ਵਰਤੋਂ ਕਰਨ ਵਾਲੇ ਨਸ਼ਈ ਮਰੀਜ਼ ਸਰਿੰਜਾਂ ਦੀ ਵਿਕਰੀ ਉੱਤੇ ਪਾਬੰਦੀ ਲੱਗਣ ਕਾਰਨ ਜਾਂ ਤਾਂ ਇੱਕ ਸਰਿੰਜ ਨਾਲ ਹੀ ਆਪਸ ਵਿੱਚ ਟੀਕਾ ਲਾ ਲੈਂਦੇ ਹਨ ਜਾਂ ਫਿਰ ਇਸ ਤਰਾਂ ਦਾ ਹੀ ਕੋਈ ਹੋਰ ਹੂਲਾ ਫੱਕਦੇ ਹਨ।

ਪਿਛਲੇ ਦਿਨੀਂ ਪੰਜਾਬ ਦੇ ਇੱਕ ਇਤਿਹਾਸਕ ਪਿੰਡ ਵਿੱਚ ਕੂੜੇ ਦੇ ਢੇਰ ਤੋਂ ਸਰਿੰਜ ਲੱਭਦਾ ਨਸ਼ਈ ਨੌਜਵਾਨ ਇੱਕ ਪ੍ਰੈੱਸ ਰਿਪੋਰਟਰ ਦੀ ਨਜ਼ਰ ਚੜ ਗਿਆ। ਜਦੋਂ ਉਸ ਵੱਲੋਂ ਆਪਣੀ ਪੱਧਰ ਉੱਤੇ ਪੜਤਾਲ ਕੀਤੀ ਤਾਂ ਉਸ ਪਿੰਡ ਦੇ 14 ਕੁ ਮੁੰਡੇ ਇੰਜ ਹੀ ਜੁਗਾੜ ਫਿੱਟ ਕਰਕੇ ਚਿੱਟੇ ਦੇ ਟੀਕੇ ਲਾਉਂਦੇ ਸਨ। ਮੀਡੀਆ ਰਾਹੀਂ ਗੱਲ ਜਗ-ਜਾਹਰ ਹੋਣ ਉੱਤੇ ਉਨਾਂ 14 ਮੁੰਡਿਆਂ ਦਾ ਜਦੋਂ ਐੱਚ.ਆਈ.ਵੀ. ਟੈੱਸਟ ਹੋਇਆ ਤਾਂ 8 ਮੁੰਡੇ ਏਡਜ਼ ਦੇ ਪੀੜਤ ਨਿੱਕਲੇ। ਉਸ ਪਿੰਡ ਵਿੱਚ ਅਜਿਹੇ 5-7 ਹੋਰ ਟੋਲੇ ਵੀ ਹਰਲ-ਹਰਲ ਕਰਦੇ ਫਿਰਦੇ ਸਨ।

ਇਸ ਤਰਾਂ ਹੀ ਕਿਸੇ ਹੋਰ ਪਿੰਡ ਦੇ ਏਡਜ਼ ਦਾ ਸ਼ਿਕਾਰ ਹੋਏ ਨੌਜਵਾਨ ਲੜਕੇ ਨੇ ਸੋਸ਼ਲ ਮੀਡੀਆ ਉੱਤੇ ਲਾਈਵ ਹੋ ਕੇ ਪ੍ਰਗਟਾਵਾ ਕੀਤਾ ਸੀ ਕਿ ਪਿੰਡ ਵਿੱਚ ਉਹਦੇ ਵਰਗੇ ਅੰਦਾਜ਼ਨ 100 ਮੁੰਡੇ ਚਿੱਟੇ ਦਾ ਟੀਕਾ ਲਾਉਂਦੇ ਹਨ ਅਤੇ ਜ਼ਿਆਦਾਤਰ ਏਡਜ਼ ਦਾ ਸ਼ਿਕਾਰ ਹਨ। ਇਸ ਪੱਖ ਤੋਂ ਪੰਜਾਬ ਦੇ ਨੌਜਵਾਨਾਂ ਦੀ ਆਰਥਿਕ, ਮਾਨਸਿਕ, ਬੌਧਿਕ ਅਤੇ ਸਮਾਜਿਕ ਕੰਗਾਲੀ ਦੇ ਨਾਲ-ਨਾਲ ਸਰੀਰਕ ਬਰਬਾਦੀ ਅਤੇ ਮਾਨਵੀ ਕਦਰਾਂ ਕੀਮਤਾਂ ਦੇ ਹੋ ਰਹੇ ਘਾਣ ਸਬੰਧੀ ਪਿੱਛੇ ਜਿਹੇ ਆਈ ਨੈਸ਼ਨਲ ਯੂਥ ਅਫੇਅਰਜ਼ ਦੀ ਰਿਪੋਰਟ ਅੱਖਾਂ ਖੋਲਣ ਵਾਲੀ ਹੈ, ਜਿਸ ਵਿੱਚ ਲਿਖਿਆ ਹੈ, "ਪੰਜਾਬ ਦਾ ਨੌਜਵਾਨ ਵਰਗ ਸਿਹਤ, ਵਿਕਾਸ ਅਤੇ ਸਮਾਜਿਕ ਕਾਰਜਾਂ ਵਿੱਚ ਭਾਗ ਲੈਣ ਦੇ ਮਾਮਲਿਆਂ ਵਿੱਚ ਭਾਰਤ ਦੇ ਅਤਿ ਪਛੜੇ ਸੂਬਿਆਂ ਦੇ ਨੌਜਵਾਨਾਂ ਤੋਂ ਵੀ ਪਛੜ ਗਿਆ ਹੈ।"

ਸੂਬੇ ਦੇ ਵਿਕਾਸ ਦਾ ਪੈਮਾਨਾ ਗਲੀਆਂ, ਨਾਲੀਆਂ, ਮਾਲਜ਼, ਸੜਕਾਂ, ਪੁਲ ਜਾਂ ਖੂਬਸੂਰਤ ਗੇਟ ਉਸਾਰਨੇ ਨਹੀਂ ਹਨ। ਭਲਾ ਜੇ ਇਨਾਂ ਦੀ ਵਰਤੋਂ ਕਰਨ ਵਾਲੇ ਹੀ ਨਾ ਰਹੇ ਤਾਂ ਇਹੋ ਜਿਹੇ ਵਿਕਾਸ ਦਾ ਫ਼ਾਇਦਾ ਹੀ ਕੀ? ਸਿਵਿਆਂ ਦੇ ਰਾਹ ਪਈ ਜਵਾਨੀ ਨੂੰ ਬਚਾਉਣ ਲਈ ਸਮਾਜ ਸੇਵੀ ਸੰਸਥਾਵਾਂ, ਲੇਖਕ, ਪੱਤਰਕਾਰ, ਧਾਰਮਿਕ ਸ਼ਖ਼ਸੀਅਤਾਂ, ਅਧਿਆਪਕ ਅਤੇ ਬੁੱਧੀਜੀਵੀ ਵਰਗ ਦਾ ਅੱਗੇ ਆਉਣਾ ਅਤਿਅੰਤ ਜ਼ਰੂਰੀ ਹੈ। ਜੇਕਰ ਅਜਿਹਾ ਸੰਭਵ ਨਾ ਹੋਇਆ ਤਾਂ ਅਸੀਂ ਬੁਜ਼ਦਿਲਾਂ ਦੀ ਕਤਾਰ ਵਿੱਚ ਸ਼ਾਮਲ ਹੋਵਾਂਗੇ ਅਤੇ ਇਤਿਹਾਸ ਸਾਡੀ ਹੋਣੀ ਉੱਤੇ ਕੀਰਨੇ ਪਾਵੇਗਾ।

## ਇਸਲਾਮ ਜਗਤ ਵਿਚ...

ਇਸ ਤੋਂ ਇਲਾਵਾ ਉਲਮਾ-ਏ-ਇਸਲਾਮ ਦੇ ਜਨਰਲ ਸਕੱਤਰ ਨੂਰ ਹਸਨ ਕਾਸਮੀ ਨੇ ਸਰਕਾਰ ਵੱਲੋਂ ਮੋਦੀ ਨੂੰ ਦਿੱਤੇ ਸੱਦੇ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ। ਉਨਾ ਇਹ ਵੀ ਕਿਹਾ ਕਿ ਬੰਗਲਾਦੇਸ਼ ਵਿੱਚ ਮੁਸਲਮਾਨਾਂ ਨੂੰ ਗੈਰ-ਮੁਸਲਮਾਨਾਂ ਦੀ ਰੱਖਿਆ ਕਰਕੇ ਫਿਰਕੂ ਸਦਭਾਵਨਾ ਬਣਾ ਕੇ ਰੱਖਣੀ ਚਾਹੀਦੀ ਹੈ। ਇਸੇ ਦੌਰਾਨ ਲੱਗਭੱਗ 3000 ਲੋਕਾਂ ਨੇ ਬਿਜੋਏ ਨਗਰ ਦੀ ਸੜਕ ਉੱਤੇ 'ਮੁਸਲਮਾਨਾਂ ਨੂੰ ਮਾਰਨਾ ਬੰਦ ਕਰੋ' ਨਾਅਰੇ ਲਿਖੀਆਂ ਤਖਤੀਆਂ ਨਾਲ ਮੁਜ਼ਾਹਰਾ ਕੀਤਾ।

ਉਨਾਂ ਨਰਿੰਦਰ ਮੋਦੀ ਦਾ ਪੁਤਲਾ ਵੀ ਫੂਕਿਆ। ਬੰਗਲਾਦੇਸ਼ ਅੰਜੁਮਨੇ ਤਲਮਿਜ਼ੇ ਇਸਲਾਮੀਆ ਸਿਲਹਟ ਨੇ ਜੁੰਮੇ ਦੀ ਨਮਾਜ਼ ਤੋਂ ਬਾਅਦ ਸ਼ੋਭਾਘਾਟ ਵਿਖੇ 10 ਹਜ਼ਾਰ ਲੋਕਾਂ ਦੀ ਇੱਕ ਰੈਲੀ ਕੀਤੀ। ਸਿਲਹਟ ਵਿੱਚ ਹੀ ਹਜ਼ਾਰਾਂ ਮੁਸਲਿਮ ਧਰਮ ਗੁਰੂਆਂ ਦੇ ਸਾਂਝੇ ਮੰਚ 'ਉਲਮਾ ਮਸ਼ਾਏ ਪ੍ਰੀਸ਼ਦ' ਵੱਲੋਂ ਜਲੂਸ ਕੱਢਿਆ ਗਿਆ। ਇਸ ਦਿਨ ਹੀ ਵਿਦਿਆਰਥੀ ਸੰਗਠਨਾਂ ਦੇ ਸਾਂਝੇ ਮੋਰਚੇ ਵੱਲੋਂ ਵੀ ਵੱਖਰਾ ਪ੍ਰਦਰਸ਼ਨ ਕੀਤਾ ਗਿਆ।

ਇਸ ਤੋਂ ਇੱਕ ਦਿਨ ਪਹਿਲਾਂ ਵੀਰਵਾਰ ਨੂੰ ਬੰਗਲਾਦੇਸ਼ ਦੀਆਂ ਮੰਨੀਆਂ-ਪ੍ਰਮੰਨੀਆਂ ਹਸਤੀਆਂ, ਜਿਨਾਂ ਵਿੱਚ ਅਬਦੁਲ ਗੁਫਾਰ ਚੌਧਰੀ, ਅਨੁਪਮ ਸੇਨ, ਹਸਨ ਇਮਾਮ, ਰਾਮੇਂਦਰ ਮਜੂਮਦਾਰ, ਤਾਰਿਕ ਅਲੀ ਵਰਗੇ ਬੁੱਧੀਜੀਵੀ ਸ਼ਾਮਲ ਸਨ, ਨੇ ਇੱਕ ਸਾਂਝੇ ਬਿਆਨ ਵਿੱਚ ਦਿੱਲੀ ਦੀ ਹਿੰਸਾ ਉੱਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਦਿੱਲੀ ਵਿੱਚ ਸਥਿਤੀ ਸਹੀ ਨਹੀਂ ਹੈ ਤਾਂ ਇਹ ਇਸ ਸਾਰੇ ਖੇਤਰ ਵਿੱਚ ਅਸਥਿਰਤਾ ਪੈਦਾ ਕਰ ਸਕਦੀ ਹੈ। ਉਨਾਂ ਅੱਗੇ ਕਿਹਾ ਕਿ ਭਾਰਤ ਨੂੰ ਅਸੀਂ ਆਪਣਾ ਗੁਆਂਢੀ ਮਿੱਤਰ ਸਮਝਦੇ ਹਾਂ, ਪ੍ਰੰਤੂ ਭਾਰਤ ਵਿੱਚ ਜਾਰੀ ਹਿੰਸਾ ਦੱਖਣੀ ਏਸ਼ੀਆ ਵਿੱਚ ਸ਼ਾਂਤੀ, ਲੋਕਤੰਤਰ, ਵਿਕਾਸ ਅਤੇ ਭਾਈਚਾਰਕ ਸਦਭਾਵਨਾ ਲਈ ਹਾਨੀਕਾਰਕ ਹੋ ਸਕਦੀ ਹੈ।

### ਟੈਨਸੀ ਦੇ ਕੁਝ ਹਿੱਸਿਆਂ...

ਕੈਨਦਰੀ ਏਜੰਸੀ ਮੁਤਾਬਕ ਤੂਫਾਨ ਵਿੱਚ 22 ਮਾਰਚ 1952 ਨੂੰ ਟੇਨੇਸੀ ਵਿੱਚ 38 ਲੋਕਾਂ ਦੀ ਮੌਤ ਹੋਈ ਸੀ ਅਤੇ 5 ਫਰਵਰੀ, 2008 ਨੂੰ ਇੱਕ ਤੂਫਾਨ ਵਿੱਚ 22 ਲੋਕਾਂ ਦੀ ਮੌਤ ਹੋ ਗਈ ਸੀ।ਨੈਸ਼ਵਿਲ ਇਲੈਕਟ੍ਰਿਕ ਸਰਵਿਸ ਦੇ ਅਨੁਸਾਰ, ਬਿਜਲੀ ਦੀ ਕਿੱਲਤ ਕਰਕੇ 50,000 ਤੋਂ ਵੱਧ ਘਰ ਅਤੇ ਕਾਰੋਬਾਰ ਹਨੇਰੇ ਚ ਹਨ । ਨੈਸ਼ਵਿਲ ਇਲੈਕਟ੍ਰਿਕ ਸਰਵਿਸ ਦੇ ਅਨੁਸਾਰ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਇਸ ਹਫਤੇ ਦੇ ਅੰਤ ਵਿੱਚ ਟੈਨਸੀ ਜਾਣਗੇ। ਟਰੰਪ ਨੇ ਮੰਗਲਵਾਰ ਨੂੰ ਨੈਸ਼ਨਲ ਐਸੋਸੀਏਸ਼ਨ ਆਫ ਕਾਉਂਟੀਜ ਲੈਜਸਲੇਟਿਵ ਕਾਨਫ਼ਰੰਸ ਵਿੱਚ ਮੰਗਲਵਾਰ ਨੂੰ ਵਾਸ਼ਿੰਗਟਨ ਵਿੱਚ ਕਿਹਾ, ਮੈਂ ਭਿਆਨਕ, ਬਹੁਤ ਭਿਆਨਕ ਤੂਫਾਨ ਦੇ ਮੱਦੇਨਜ਼ਰ ਟੈਨਸੀ ਦੇ ਮਹਾਨ ਲੋਕਾਂ ਨੂੰ ਆਪਣੀਆਂ ਨਿੱਘੀਆਂ ਇੱਛਾਵਾਂ ਭੇਜਣਾ ਚਾਹੁੰਦਾ ਹਾਂ। ."ਅਸੀਂ ਟੈਨਸੀ ਵਿਚਲੇ ਨੇਤਾਵਾਂ ਦੇ ਨਾਲ ਉਨਾਂ ਦੇ ਗਵਰਨਰ ਬਿੱਲ ਲੀ ਨਾਲ ਕੰਮ ਕਰ ਰਹੇ ਹਾਂ ਤਾਂ ਜੋ ਇਹ ਸੁਨਿਸਚਿਤ ਕੀਤਾ ਜਾ ਸਕੇ ਕਿ ਸਭ ਕੁਝ ਸਹੀ ਢੰਗ ਨਾਲ ਲੋਕਾਂ ਦੀ ਮੱਦਦ ਹੋ ਰਹੀ ਹੈ ਅਤੇ ਮੈਂ ਸ਼ੁੱਕਰਵਾਰ ਨੂੰ ਉਥੇ ਜਾਵਾਂਗਾ।"ਭਾਰੀ ਤੁਫਾਨੀ ਮੌਸਮ ਨੇ ਦਰਜਨਾਂ ਘਰਾਂ ਅਤੇ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ, ਅਤੇ ਘੱਟੋ ਘੱਟ 45 ਇਮਾਰਤਾਂ ਢਹਿ ਗਈਆਂ ਅਤੇ ਪੁਲਿਸ ਨੇ ਕਿਹਾ ਕਿ ਇੱਥੇ ਮੁੱਖ ਤੌਰ ਤੇ ਸ਼ਹਿਰ ਅਤੇ ਪੂਰਬ ਦੇ ਇਲਾਕਿਆਂ ਵਿੱਚ ਨੁਕਸਾਨ ਵਾਲੀਆਂ ਕਈ ਇਮਾਰਤਾਂ ਹਨ। ਪੁਲਿਸ ਨੇ ਕਿਹਾ, ਕਿ ਅਸੀਂ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੇ ਹਾਂ ਕਿ ਪੀੜਤ ਵਿਅਕਤੀਆਂ ਨੂੰ ਪ੍ਰਭਾਵਤ ਖੇਤਰਾਂ ਚੋਂ ਸੁਰੱਖਿਅਤ ਬਾਹਰ ਕੱਢਿਆ ਜਾ ਸਕੇ।

## ਦਲ ਖਾਲਸਾ ਵੱਲੋਂ ਪੰਥ...

ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਲ ਖਾਲਸਾ ਸਾਬਕਾ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਸਿੱਖ ਕੌਮ ਦਾ ਆਪਣਾ ਵੱਖਰਾ ਕੈਲੰਡਰ ਹੋਣਾ ਜਰੂਰੀ ਹੈ ਅਤੇ ਮੂਲ ਕੈਲੰਡਰ ਜੋ 2003 ਵਿੱਚ ਪੰਥ ਨੇ ਰੱਲ-ਮਿਲਕੇ ਬੜੀਆਂ ਰੀਝਾਂ ਨਾਲ ਲਾਗੂ ਕੀਤਾ ਸੀ ਨੂੰ ਮੁੜ ਬਹਾਲ ਕੀਤਾ ਜਾਵੇ। ਦਲ ਖਾਲਸਾ ਨੇ ਨਾਨਕਸ਼ਾਹੀ ਕੈਲੰਡਰ ਦੀਆਂ ਕਾਪੀਆਂ ਅੱਜ ਦਰਬਾਰ ਸਾਹਿਬ ਵਿਚ ਸੰਗਤਾਂ ਨੂੰ ਵੰਡੀਆਂ। ਉਨਾਂ ਦਸਿਆ ਕਿ ਇਸ ਦੀਆਂ ਕਾਪੀਆਂ ਹੋਲਾ ਮਹੱਲਾ ਅਤੇ ਵਿਸਾਖੀ ਦੇ ਜੋੜ ਮੇਲਿਆਂ ਮੌਕੇ ਸੰਗਤਾਂ ਨੂੰ ਵੰਡੀਆਂ ਜਾਣਗੀਆਂ।

ਕੈਲੰਡਰ ਰਿਲੀਜ਼ ਕਰਨ ਮੌਕੇ ਪ੍ਰਮੁੱਖ ਤੌਰ ਤੇ ਦਲ ਖ਼ਾਲਸਾ ਦੇ ਸਕੱਤਰ ਜਸਵੀਰ ਸਿੰਘ ਖੰਡੂਰ, ਬਾਬਾ ਹਰਦੀਪ ਸਿੰਘ ਮਹਿਰਾਜ, ਅਮਰੀਕ ਸਿੰਘ ਈਸੜੂ, ਰਣਬੀਰ ਸਿੰਘ, ਕੁਲਵੰਤ ਸਿੰਘ ਫੇਰੂਮਾਨ, ਗੁਰਵਿੰਦਰ ਸਿੰਘ, ਸੂਬੇਦਾਰ ਬਲਦੇਵ ਸਿੰਘ ਗੰ੍ਰਥਗੜ, ਗੁਰਪ੍ਰੀਤ ਸਿੰਘ, ਡਾ. ਕੁਲਦੀਪ ਸਿੰਘ ਰਜਧਾਨ, ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਆਦਿ ਹਾਜ਼ਰ ਸਨ।

## ਭਾਈ ਹਰਮਿੰਦਰ ਸਿੰਘ ਮਿੰਟੂ..

ਇਸ ਗੱਲ ਤੇ ਜੋਰ ਦਿੱਤਾ ਗਿਆ ਕਿ ਖਾਲਿਸਤਾਨ ਦੇ ਸ਼ਹੀਦਾਂ ਬਾਰੇ ਗਲਤ ਪ੍ਰਚਾਰ ਕਰਨ ਵਾਲਿਆਂ ਤੋਂ ਸਿੱਖ ਕੌਮ ਸੁਚੇਤ ਰਹੇ ਕਿਉਂਕਿ ਇਹ ਸੰਘਰਸ਼ ਹੱਕ, ਸੱਚ, ਇਨਸਾਫ ਅਤੇ ਧਰਮ ਤੇ ਅਧਾਰਤ ਹੈ ਅਤੇ ਖਾੜਕੂ ਯੋਧਿਆਂ ਦੀਆਂ ਕੁਰਬਾਨੀਆਂ ਮਹਾਨ ਹਨ । ਜਿਨਾਂ ਯੋਧਿਆਂ ਨੇ ਇਸ ਕੌਮੀ ਸੰਘਰਸ਼ ਵਿੱਚ ਯੋਗਦਾਨ ਪਾਇਆ ਉਨਾਂ ਦਾ ਕੋਈ ਨਿੱਜੀ ਮੁਫਾਦ ਨਹੀਂ ਸੀ। ਸਿੱਖ ਨੌਜਵਾਨਾਂ ਦੀ ਕਨੂੰਨੀ ਤੌਰ ਤੇ ਮੱਦਦ ਕਰ ਰਹੇ ਭਾਈ ਕੀਰਤ ਸਿੰਘ ਸੌਲੈਸਟਰ ਨੇ ਬਰਤਾਨਵੀ ਸਿੱਖ ਨੌਜਵਾਨਾਂ ਨਾਲ ਭਾਰਤ ਸਰਕਾਰ ਦੇ ਇਸ਼ਾਰੇ ਤੇ ਬਰਤਾਨਵੀ ਪੁਲਿਸ ਵਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ। ਭਾਈ ਹਰਜੀਤ ਸਿੰਘ ਨੇ ਜੇਲ ਵਿੱਚੋਂ ਫੋਨ ਰਾਹੀਂ ਸਿੱਖ ਸੰਗਤਾਂ ਨੂੰ ਸੰਬੋਧਨ ਕੀਤਾ ਜੋ ਕਿ ਯੂ.ਕੇ. ਵਿੱਚ 17 ਸਾਲ ਦੀ ਕੈਦ ਕੱਟ ਰਿਹਾ ਹੈ। ਭਾਈ ਹਰਦੀਪ ਸਿੰਘ ਮਾਨੋਚਾਹਲ ਦੇ ਢਾਡੀ ਜਥੇ ਨੇ ਖਾਲਿਸਤਾਨ ਦੇ ਸ਼ਹੀਦਾਂ ਸਬੰਧੀ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸਿੱਖ ਨੌਜਵਾਨਾਂ ਦੀ ਹਾਰਦਿਕ ਪ੍ਰਸੰਸਾ ਕੀਤੀ । ਸਿੱਖ ਯੂਥ ਯੂ.ਕੇ. ਦੇ ਮੁਖੀ ਭਾਈ ਦੀਪਾ ਸਿੰਘ ਵਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਸਿੱਖਾਂ ਅਤੇ ਸਿੱਖੀ ਦੀ ਕਾਤਲ ਕਾਂਗਰਸ, ਸਿੱਖਾਂ ਅਤੇ ਸਿੱਖੀ ਨਾਲ ਵਿਸ਼ਵਾਸ਼ਘਾਤ ਕਰਨ ਵਾਲੇ ਬਾਦਲਕਿਆਂ ਨੂੰ ਅਤੇ ਸਿੱਖ ਵਿਰੋਧੀ ਲਾਬੀ ਨੂੰ ਸਪੱਸ਼ਟ ਸੁਨੇਹਾ ਦਿੱਤਾ ਗਿਆ ਕਿ ਖਾਲਿਸਤਾਨ ਸਿੱਖਾਂ ਦਾ ਕੌਮੀ ਨਿਸ਼ਾਨਾ ਹੈ ਅਤੇ ਇਸ ਵਾਸਤੇ ਸੰਘਰਸ਼ ਨਿਰੰਤਰ ਜਾਰੀ ਰੱਖਾਂਗੇ ।

# ਪੰਜਾਬੀ ਮੁਟਿਆਰਾਂ ਦੀ ਖੇਡਾਂ ’ਚ ਚੜ੍ਹਦੀ ਕਲਾ

**✪ ਆਈਸੀਸੀ ਮਹਿਲਾ ਟੀ-20 ਵਿਸ਼ਵ ਕੱਪ ਦੇ ਫਾਈਨਲ ਵਿਚ ਹਰਫਨ ਮੌਲਾ ਹਰਮਨਪ੍ਰੀਤ ਕੌਰ ਨੇ ਪੰਜਾਬ ਦਾ ਨਾਮ ਚਮਕਾਇਆ ✪ ਨਵਜੋਤ ਕੌਰ ਤੇ ਗੁਰਸ਼ਰਨ ਕੌਰ ਨੇ ਪੰਜਾਬ ਦਾ ਨਾਮ ਕੁਸ਼ਤੀ ’ਚ ਚਮਕਾਇਆ ✪ ਹਿਨਾ ਸਿੱਧੂ ਭਾਰਤ ਦੀ ਪਹਿਲੀ ਨਿਸ਼ਾਨੇਬਾਜ਼ ਬਣੀ**

ਪਰਿਵਾਰ ਨੂੰ ਸਾਂਭਣ, ਪੜ੍ਹਾਈ ਅਤੇ ਰਾਜਨੀਤਕ ਖੇਤਰ ਵਿਚ ਮੱਲਾਂ ਮਾਰਨ ਦੇ ਨਾਲੋ-ਨਾਲ ਪੰਜਾਬ ਦੀਆਂ ਕੁੜੀਆਂ ਨੇ ਖੇਡਾਂ ਦੇ ਖੇਤਰ ਵਿਚ ਮੁੰਡਿਆਂ ਨਾਲੋਂ ਵਧੀਆ ਨਾਮ ਚਮਕਾਇਆ ਹੈ ਜਿਸ ਕਾਰਨ ਅੱਜ ਪੰਜਾਬੀ ਕੁੜੀਆਂ ਦਾ ਨਾਂ ਵਿਸ਼ਵ ਭਰ ਵਿਚ ਗੂੰਜਿਆ ਹੈ। ਪਹਿਲਾਂ ਖੇਡਾਂ ਦੇ ਖੇਤਰ ਵਿਚ ਪੰਜਾਬ ਦੀਆਂ ਕੁੜੀਆਂ ਘੱਟ ਹਿੱਸਾ ਲੈਂਦੀਆਂ ਸਨ ਪਰ ਸਮੇਂ ਦੇ ਬਦਲਣ ਨਾਲ ਕੁੜੀਆਂ ਨੇ ਖੇਡਾਂ ਦੇ ਖੇਤਰ ਵਿਚ ਅੱਗੇ ਆਉਣਾ ਸ਼ੁਰੂ ਕਰ ਦਿੱਤਾ ਹੈ। ਇਸ ਨਾਲ ਖੇਡਾਂ ਦੇ ਨਤੀਜੇ ਵੀ ਪਹਿਲਾਂ ਨਾਲੋਂ ਵਧੀਆ ਆ ਰਹੇ ਹਨ। ਆਈਸੀਸੀ ਮਹਿਲਾ ਟੀ-20 ਵਿਸ਼ਵ ਕੱਪ ਦੇ ਫਾਈਨਲ ਵਿਚ ਪਹੁੰਚ ਕੇ ਭਾਰਤ ਦੀ ਟੀਮ ਨੇ ਇਤਿਹਾਸ ਰਚ ਦਿੱਤਾ ਹੈ ਉੱਥੇ ਹੀ ਇਸ ਟੀਮ ਦੀ ਪ੍ਰਧਾਨਗੀ ਪੰਜਾਬ ਦੇ ਮੋਗਾ ਦੀ ਜੰਮਪਲ ਹਰਮਨਪ੍ਰੀਤ ਕੌਰ ਵੱਲੋਂ ਕੀਤੀ ਗਈ ਜੋ ਆਲਰਾਊਂਡਰ ਖਿਡਾਰਨ ਹੈ।



*ਹਰਮਨਪ੍ਰੀਤ ਕੌਰ*

ਸਹੁਰੇ ਪਰਿਵਾਰ ਦਾ ਸਾਥ ਨਾ ਮਿਲਣ ਦੇ ਬਾਵਜੂਦ ਆਪਣੇ ਪੇਕੇ ਪਰਿਵਾਰ ਦੇ ਸਹਿਯੋਗ ਨਾਲ ਕੁਸ਼ਤੀ ਦੇ ਖੇਤਰ ਵਿਚ ਤਰਨ ਤਾਰਨ ਦੀ ਗੁਰਸ਼ਰਨਪ੍ਰੀਤ ਕੌਰ ਨੇ ਕਈ ਤਗਮੇ ਭਾਰਤ ਦੀ ਝੋਲੀ ਪਾਏ ਹਨ। ਉਸ ਵੱਲੋਂ ਆਪਣੀ ਛੋਟੀ ਜਿਹੀ ਬੱਚੀ ਦੇ ਪਾਲਣ ਪੋਸ਼ਣ ਦੇ ਨਾਲ ਨਾਲ ਖੇਡ ਨੂੰ ਵੀ ਬਰਾਬਰ ਸਮਾਂ ਦਿੱਤਾ ਜਾ ਰਿਹਾ ਹੈ। ਉਹ ਸਾਲ 2012 ਵਿਚ ਕਜ਼ਾਕਿਸਤਾਨ ਓਲੰਪਿਕ ਖੇਡਾਂ ਵਿਚ ਹਿੱਸਾ ਲੈ ਚੁੱਕੀ ਹੈ। ਉਸ ਨੇ ਵਿਸ਼ਵ ਭਰ ਦੇ ਕਈ ਮੁਕਾਬਲਿਆਂ ਵਿਚ ਹਿੱਸਾ ਲੈ ਕੇ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ।



*ਗੁਰਸ਼ਰਨਪ੍ਰੀਤ ਕੌਰ*

ਨਵਜੋਤ ਕੌਰ ਕੁਸ਼ਤੀ ਦੇ ਖੇਤਰ ਵਿਚ ਏਸ਼ੀਅਨ ਖੇਡਾਂ ਵਿਚ ਜਿੱਤ ਹਾਸਲ ਕਰ ਚੁੱਕੀ ਹੈ।



*ਨਵਜੋਤ ਕੌਰ*

ਨਿਸ਼ਾਨੇਬਾਜ਼ੀ ਦੇ ਖੇਤਰ ਵਿਚ ਲੁਧਿਆਣਾ ਦੀ ਜੰਮਪਲ ਹਿਨਾ ਸਿੱਧੂ ਆਈਐੱਸਐੱਸਐੱਫ ਦੀ ਵਿਸ਼ਵ ਰੈਂਕਿੰਗ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਭਾਰਤੀ ਦੀ ਪਹਿਲੀ ਮਹਿਲਾ ਨਿਸ਼ਾਨੇਬਾਜ਼ ਬਣ ਚੁੱਕੀ ਹੈ। ਉਸ ਨੇ ਵਿਸ਼ਵ ਕੱਪ ਵਿੱਚ ਦੋ ਸੋਨੇ ਤੇ ਦੋ ਚਾਂਦੀ ਦੇ ਤਮਗੇ ਜਿੱਤੇ। ਇਸੇ ਤਰਾਂ ਨਿਸ਼ਾਨੇਬਾਜ਼ੀ ਵਿਚ ਅਵਨੀਤ ਸਿੱਧੂ ਰਾਸ਼ਟਰਮੰਡਲ ਅਤੇ ਏਸ਼ਿਆਈ ਖੇਡਾਂ ਵਿੱਚ ਜਿੱਤ ਹਾਸਿਲ ਕਰਨ ਵਾਲੀ ਪਹਿਲਾ ਪੰਜਾਬਣ ਖਿਡਾਰਨ ਬਣ ਗਈ ਹੈ।



*ਹਿਨਾ ਸਿੱਧੂ*

ਜਦਕਿ ਨਿਸ਼ਾਨੇਬਾਜ਼ੀ ਵਿਚ ਮਲਿਕਾ ਗੋਇਲ ਅਤੇ ਹਰਵੀਨ ਕੌਰ ਨੇ ਵੀ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ। ਜ਼ਿਲਾ ਲੁਧਿਆਣਾ ਦੇ ਪਿੰਡ ਚਕਰ ਦੀ ਸਿਮਰਨਜੀਤ ਕੌਰ ਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਤਗਮਾ ਜਿੱਤਣ ਵਾਲੀ ਪਹਿਲੀ ਪੰਜਾਬਣ ਮੁੱਕੇਬਾਜ਼ ਦਾ ਖਿਤਾਬ ਹਾਸਲ ਕੀਤਾ। ਉਸ ਨੇ ਏਸ਼ੀਅਨ ਚੈਂਪੀਅਨਸ਼ਿਪ ਵਿਚੋਂ ਦੇਸ਼ ਲਈ ਚਾਂਦੀ, ਇੰਡੀਅਨ ਓਪਨ ਟੂਰਨਾਮੈਂਟ ਵਿਚੋਂ ਚਾਂਦੀ, ਪ੍ਰੈਜ਼ੀਡੈਂਟ ਕੱਪ ਵਿੱਚੋਂ ਸੋਨ ਤਮਗਾ ਜਿੱਤ ਕੇ ਪੰਜਾਬ ਦਾ ਮਾਣ ਵਧਾਇਆ ਹੈ। ਪਹਿਲੀ ਵਾਰ ਭਾਰਤੀ ਹਾਕੀ ਟੀਮ ਵਿਚ ਪੰਜਾਬ ਦੀਆਂ ਦੋ-ਦੋ ਖਿਡਾਰਨਾਂ ਗੁਰਜੀਤ ਕੌਰ ਅਤੇ ਰੀਨਾ ਖੋਖਰ ਨੇ ਆਪਣੀ ਥਾਂ ਬਣਾਈ ਹੈ। ਗੁਰਜੀਤ ਕੌਰ ਡਰੈਗ ਫਲਿੱਕਰ ਵਜੋਂ ਭਾਰਤੀ ਟੀਮ ਦਾ ਧੁਰਾ ਬਣੀ ਰਹੀ ਅਤੇ ਭਾਰਤੀ ਟੀਮ ਨੂੰ ਓਲੰਪਿਕ ਲਈ ਕੁਆਲੀਫਾਈ ਕਰਵਾਉਣ ਵਿਚ ਉਸ ਦਾ ਵੱਡਾ ਯੋਗਦਾਨ ਰਿਹਾ। ਇਸੇ ਤਰਾਂ ਪੰਜਾਬ ਦੀ ਜੰਮਪਲ ਰੀਨਾ ਖੋਖਰ ਨੇ ਭਾਰਤੀ ਹਾਕੀ ਟੀਮ ਵਿਚ ਮੱਧ ਪ੍ਰਦੇਸ਼ ਹਾਕੀ ਅਕਾਦਮੀ ਵਲੋਂ ਹਿੱਸਾ ਲੈ ਕੇ ਵਧੀਆ ਪੇਸ਼ਕਾਰੀ ਦਿੱਤੀ। ਇਸ ਤੋਂ ਇਲਾਵਾ ਅਥਲੈਟਿਕਸ ਦੇ ਖੇਤਰ ਵਿਚ ਮਨਦੀਪ ਕੌਰ, ਮਨਜੀਤ ਕੌਰ, ਜਿਮਨਾਸਟਿਕ ਵਿਚ ਪ੍ਰਭਜੋਤ ਕੌਰ, ਜੂਡੋ ਵਿਚ ਰਾਜਵਿੰਦਰ ਕੌਰ ਨੇ ਵਿਸ਼ਵ ਪੱਧਰ ਦੇ ਮੁਕਾਬਲਿਆਂ ਵਿਚ ਜਿੱਤਾਂ ਹਾਸਲ ਕੀਤੀਆਂ। ਕੁਸ਼ਤੀ ਦੀ ਖਿਡਾਰਨ ਅਤੇ ਪੰਜਾਬ ਪੁਲੀਸ ਵਿਚ ਬਤੌਰ ਸਬ ਇੰਸਪੈਕਟਰ ਤਾਇਨਾਤ ਗੁਰਸ਼ਰਨਪ੍ਰੀਤ ਕੌਰ ਨੇ ਕਿਹਾ ਕਿ ਲੜਕੀਆਂ ਨੂੰ ਜਦੋਂ ਵੀ ਸਮਾਂ ਮਿਲਿਆ ਹੈ, ਉਨਾਂ ਨੇ ਵਧੀਆ ਕਰ ਵਿਖਾਇਆ ਹੈ।

## ਸਤਿੰਦਰ ਕੌਰ ਸਿੱਧੂ ਬਣੇ ਬ੍ਰਿਟਿਸ਼ ਕੋਲੰਬੀਆ ਦੀ ਅਦਾਲਤ ਦੇ ਜੱਜ



**ਸਰੀ/ਗੁਰਵਿੰਦਰ ਸਿੰਘ ਧਾਲੀਵਾਲ:** ਇੱਕ ਪੰਜਾਬਣ ਸਤਿੰਦਰ ਕੌਰ ਸਿੱਧੂ ਦੇ ਬ੍ਰਿਟਿਸ਼ ਕੋਲੰਬੀਆ ਦੀ ਇੱਕ ਅਦਾਲਤ ਦੀ ਜੱਜ ਬਣਨ ’ਤੇ ਸਮੂਹ ਪ੍ਰਵਾਸੀ ਪੰਜਾਬੀਆਂ ਵਿਚ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਸਤਿੰਦਰ ਕੌਰ ਸਿੱਧੂ ਨਾਲ ਜੈਫ਼ਰੇ ਕੈਂਪਬੈੱਲ ਤੇ ਕੈਰਿਨਾ ਸੈਕਾ ਦੀ ਵੀ ਜੱਜ ਵਜੋਂ ਨਿਯੁਕਤੀ ਹੋਈ ਹੈ। ਬੀਬਾ ਸਿੱਧੂ ਆਉਂਦੀ 30 ਮਾਰਚ ਨੂੰ ਆਪਣਾ ਨਵਾਂ ਅਹੁਦਾ ਸੰਭਾਲਣਗੇ। ਬੀਬਾ ਸਤਿੰਦਰ ਕੌਰ ਸਿੱਧੂ ਨੇ 1995 ਵਿਚ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ ਤੋਂ ਵਕਾਲਤ ਪਾਸ ਕੀਤੀ ਸੀ ਤੇ 1996 ਵਿਚ ਉਹ ਬ੍ਰਿਟਿਸ਼ ਕੋਲੰਬੀਆ ਬਾਰ ਨਾਲ ਜੁੜ ਗਏ ਸਨ। ਸਤਿੰਦਰ ਕੌਰ ਸਿੱਧੂ ਨੇ ਨਿਊ ਵੈਸਟਮਿੰਸਟਰ ਵਿਚ ਸਰਕਾਰੀ ਵਕੀਲ ਵਜੋਂ ਵੀ ਕੰਮ ਕੀਤਾ। ਉਨਾਂ ਆਪਣੇ ਕਾਰਜਕਾਲ ਦੌਰਾਨ ਬਹੁਤ ਗੁੰਝਲਦਾਰ ਅਪਰਾਧਕ ਮਾਮਲੇ ਵੀ ਨਿਪਟਾਏ। ਬੀਬਾ ਸਿੱਧੂ ਅਕਸਰ ਆਪਣੇ ਪੇਪਰ ਕੈਨੇਡੀਅਨ ਬਾਰ ਐਸੋਸੀਏਸ਼ਨ, ਸਰਕਾਰੀ ਵਕੀਲਾਂ ਦੀਆਂ ਕਾਨਫ਼ਰੰਸਾਂ ਅਤੇ ਕੈਨੇਡੀਅਨ ਪੁਲਿਸ ਕਾਲਜ ਦੀਆਂ ਕਾਨਫ਼ਰੰਸਾਂ ਵਿਚ ਪੜ੍ਹਦੇ ਰਹਿੰਦੇ ਹਨ। ਉਨਾਂ ਪੇਪਰਾਂ ਦੀ ਕਾਫ਼ੀ ਸ਼ਲਾਘਾ ਵੀ ਹੁੰਦੀ ਹੈ। ‘ਵੁਆਇਸ ਔਨਲਾਈਨ’ ਵੱਲੋਂ ਪ੍ਰਕਾਸ਼ਿਤ ਰਤਨ ਮਾਲ ਦੀ ਰਿਪੋਰਟ ਮੁਤਾਬਕ ਸਤਿੰਦਰ ਸਿੱਧੂ ਪੰਜਾਬੀ ਬਹੁਤ ਵਧੀਆ ਬੋਲਦੇ ਹਨ। ਕੈਨੇਡਾ ਵਿਚ ਜੱਜ ਬਣਨ ਲਈ ਇੱਛੁਕ ਵਕੀਲਾਂ ਨੂੰ ਪਹਿਲਾਂ ਸਬੰਧਤ ਸੂਬੇ ਦੀ ਜੁਡੀਸ਼ੀਅਲ ਕੌਂਸਲ ਕੋਲ ਆਪਣੀਆਂ ਅਰਜ਼ੀਆਂ ਦੇਣੀਆਂ ਪੈਂਦੀਆਂ ਹਨ। ਇਹੋ ਕੌਂਸਲ ਹੀ ਜੱਜਾਂ ਦੀਆਂ ਨਿਯੁਕਤੀਆਂ ਕਰਦੀ ਹੈ। ਇਸ ਕੌਂਸਲ ਵਿੱਚ ਚੀਫ਼ ਜੱਸ, ਐਸੋਸੀਏਟ ਚੀਫ਼ ਜੱਜ ਤੇ ਕੁਝ ਹੋਰ ਜੱਜ, ਪ੍ਰਮੁੱਖ ਵਕੀਲ ਤੇ ਆਮ ਲੋਕ ਤੱਕ ਮੌਜੂਦ ਹੁੰਦੇ ਹਨ ਅਤੇ ਉਹ ਸਾਰੇ ਮਿਲ ਕੇ ਸਹੀ ਜੱਜਾਂ ਦੀ ਚੋਣ ਕਰਦੇ ਹਨ।

## ਓਕਕ੍ਰੀਕ ਗੁਰਦੁਆਰਾ ਤੇ ਹਮਲੇ ਦੇ ਅਧਰੰਗ ਤੋ ਪੀੜਤ ਬਾਬਾ ਪੰਜਾਬ ਸਿੰਘ ਦੀ ਮੌਤ

**ਵਾਸ਼ਿੰਗਟਨ/ਰਾਜ ਗੋਗਨਾ:** ਬੀਤੇ ਦਿਨ ਬਾਬਾ ਪੰਜਾਬ ਸਿੰਘ ਜੋ ਸੰਨ 2012 ਵਿੱਚ ਵਿਸਕਾਨਸਿਨ ਸੂਬੇ ਦੇ ਸ਼ਹਿਰ ਓਕਕ੍ਰੀਕ ਦੇ ਸਿੱਖ ਗੁਰਦੁਆਰੇ ਵਿਚ ਗੋਲੀ ਨਾਲ ਅਧਰੰਗ ਦਾ ਸ਼ਿਕਾਰ ਹੋਏ ਸਨ ਅਤੇ ਉਹ ਤਕਰੀਬਨ ਸੱਤ ਸਾਲਾਂ ਤੋਂ ਪੂਰੀ ਤਰਾਂ ਮੰਜੇ ‘ਤੇ ਹੀ ਸੀ। ਇਕ ਬੰਦੂਕਧਾਰੀ ਨੇ ਵਿਸਕੌਨਸਿਨ ਸੂਬੇ ਦੇ ਓਕਕ੍ਰੀਕ ਵਿੱਚ ਇਸ ਗੁਰਦੁਆਰੇ ਵਿੱਚ ਦਾਖਲ ਹੋ ਕੇ ਗੋਲੀਬਾਰੀ ਕੀਤੀ ਸੀ ਜਿਸ ਵਿੱਚ 6 ਸ਼ਰਧਾਲੂ ਮੌਕੇ ਤੇ ਮਾਰੇ ਗਏ ਸਨ ਅਤੇ ਕਈ ਹੋਰ ਜ਼ਖਮੀ ਹੋ ਗਏ ਸੀ।ਦੁਖਾਂਤ ਵਿੱਚ ਵਿਸਕਾਨਸਿਨ ਦੇ ਇਕ ਬਜ਼ੁਰਗ ਬਾਬਾ ਪੰਜਾਬ ਸਿੰਘ ਜੋ ਉਸ ਸਮੇਂ ਗੁਰਦੁਆਰੇ ਵਿੱਚ ਸੀ, ਨੂੰ ਵੀ ਗੋਲੀ ਮਾਰ ਦਿੱਤੀ ਗਈ ਸੀ ਅਤੇ ਉਸ ਨੂੰ ਗੰਭੀਰ ਰੂਪ ਵਿੱਚ ਜਖਮੀ ਹੋਇਆ ਸੀ ਜਿਸ ਕਾਰਨ ਉਹ ਅਧਰੰਗ ਦਾ ਸ਼ਿਕਾਰ ਹੋ ਗਿਆ ਸੀ।ਪੰਜਾਬ ਸਿੰਘ ਨੇ ਆਪਣੀ ਜ਼ਿੰਦਗੀ ਦੇ 7 ਸਾਲ ਦਾ ਸਮਾਂ ਬਿਸਤਰੇ ‘ਤੇ ਬਿਤਾਉਣ ਤੋਂ ਬਾਅਦ ਮੰਗਲਵਾਰ ਨੂੰ ਆਖਰੀ ਸਾਹ ਲਏ।ਸਿੰਘ ਦੇ ਪਰਿਵਾਰ ਹਾਲਾਂਕਿ ਦੁਖਾਂਤ ਤੋਂ ਬਹੁਤ ਜਿਆਦਾ ਦੁੱਖੀ ਹੋਏ ਪਰ ਉਸ ਨੇ ਸਾਰੀ ਉਮਰ ਇੱਕ ਬਹਾਦਰ ਚਿਹਰਾ ਰੱਖਿਆ।ਅਮਰੀਕਾ ਭਰ ਦੇ ਬਹੁਤ ਸਾਰੇ ਸਿੱਖਾਂ ਲਈ, ਉਸ ਸਿੱਖ ਦਾ ਲਚਕੀਲੇਪਣ ਪ੍ਰਭਾਵਸ਼ਾਲੀ ਚਿਹਰਾ ਸੀ ਅਤੇ ਇਸ ਗੱਲ ਦੀ ਯਾਦ ਦਿਵਾਉਂਦਾ ਸੀ ਕਿ ਕਿਵੇਂ ਨਸਲਵਾਦ ਜ਼ਿੰਦਗੀ ਅਤੇ ਪਰਿਵਾਰਾਂ ਨੂੰ ਤਬਾਹ ਕਰਦਾ ਹੈ।ਆਪਣੇ ਪਰਿਵਾਰ ਲਈ ਬੋਲਦਿਆਂ ਸਿੱਖਾਂ ਨੇ ਕਿਹਾ ਕਿ ਇਹ ਦੁੱਖ ਦੀ ਗੱਲ ਹੈ, ਪਰ ਸ਼ਾਂਤੀ ਅਤੇ ਸਵੀਕਾਰਤਾ ਵੀ ਹੈ ਕਿ ਅਸੀਂ ਆਪਣੇ



ਪਿਤਾ, ਬਾਬਾ ਪੰਜਾਬ ਸਿੰਘ ਦੇ ਦੇਹਾਂਤ ਦੀ ਪੁਸ਼ਟੀ ਕਰਦੇ ਹਾਂ।ਉਹ ਸਾਡੇ ਸਾਰਿਆਂ ਲਈ ਪਿਆਰਾ ਪਤੀ, ਪਿਤਾ ਅਤੇ ਪਰਿਵਾਰਕ ਮੈਂਬਰ ਸੀ ਅਤੇ ਸਾਡੀ ਕਮਿਊਨਿਟੀ ਦੇ ਬਹੁਤ ਸਾਰੇ ਲੋਕਾਂ ਨੇ ਉਸ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਸੀ।ਬਾਬੇ ਨੇ ਆਪਣਾ ਜੀਵਨ ਵਿੱਚ ਇਕ ਸਿੱਖ ਧਾਰਮਿਕ ਅਧਿਆਪਕ ਵਜੋਂ ਸੇਵਾ ਕਰਦਿਆ ਆਪਣੀਜ਼ਿੰਦਗੀ ਬਤੀਤ ਕੀਤੀ ਜਿਸ ਨੇ ਦੇਸ਼ ਅਤੇ ਵਿਸ਼ਵ ਦੀ ਯਾਤਰਾ ਕਰਦਿਆਂ ਕਥਾ ਵੀ ਕੀਤੀ। ਜੋ ਸਿੱਖ ਧਰਮ ਦੇ ਪਾਠ ਅਤੇ ਇਤਿਹਾਸ ਨੂੰ ਸਾਂਝਾ ਕਰਦੇ ਹਨ ।ਓਕ ਕ੍ਰੀਕ ਵਿੱਚ ਹੋਏ ਇਸ ਜਬਰਦਸਤ ਹਮਲੇ ਅਤੇ ਨਾਲ ਉਸ ਨੂੰ ਜੀਵਨ ਭੋਗਣ ਵਾਲੀਆਂ ਸੱਟਾਂ ਦੁਆਰਾ ਬਾਬਾ ਜੀ ਦੀ ਸਮਰੱਥਾ ਅਤੇ ਆਸ਼ਾਵਾਦ ਵਿੱਚ ਕੋਈ ਵੀ ਤਬਦੀਲੀ ਨਹੀਂ ਸੀ ਆਈ।ਭਾਵੇਂ ਸ਼ਰਧਾਲੂ ਉਸ ਦੇ ਅਧਰੰਗ ਤੋਂ ਬਾਅਦ ਹਸਪਤਾਲ ਵਿੱਚ ਨਿਯਮਿਤ ਤੌਰ ਤੇ ਜਾਂਦੇ ਸੀ, ਉਹ ਉਸ ਨੂੰ ਪੁੱਛਦੇ ਕੀ ਤੁਸੀਂ ਚੜ੍ਹਦੀ ਕਲਾ ਵਿਚ ਰਹਿ ਰਹੇ ਹੋ, ਜੋ ਸਦੀਵੀ ਆਸ਼ਾਵਾਦੀ ਸਿੱਖ ਹੋਣ ਦਾ ਸਬੂਤ ਦਿੰਦਾ ਰਿਹਾ।ਹਰ ਵਾਰ, ਬਿਨਾਂ ਕਿਸੇ ਅਸਫਲ, ਉਹ ਦੋ ਵਾਰ“ ਹਾਂ “ਕਹਿਣ ਲਈ ਝਪਕਦਾ ਰਿਹਾ. ਓਕਕ੍ਰੀਕ ਦਾ ਦੁਖਾਂਤ ਦੇ ਮੱਦੇਨਜ਼ਰ ਉਸ ਦੀ ਲਚਕੀਲੇਪਣ ਨੇ ਸਿੱਖ ਕੌਮ ਦਾ ਵੱਡਾ ਪ੍ਰਤੀਕਰਮ ਦਿਖਾਇਆ, ਅਤੇ ਇਹ ਉਨਾਂ ਬਹੁਤ ਸਾਰੇ ਪਾਠਾਂ ਵਿਚੋਂ ਇਕ ਸੀ ਜੋ ਉਸ ਨੇ ਆਪਣੀ ਜ਼ਿੰਦਗੀ ਦੌਰਾਨ ਨਿਰੰਤਰ ਸਿਖਾਇਆ। ਪੁੱਤਰ ਰਘੁਵਿੰਦਰ ਸਿੰਘ ਨੇ ਕਿਹਾ, ਕਿ ਮੇਰੇ ਪਿਤਾ ਦੇ ਸੱਟਾਂ ਲੱਗੀਆਂ ਅਤੇ ਉਸ ਦਾ ਦਿਹਾਂਤ, ਉਸ ਦਿਨ ਹੋਈਆਂ ਹੋਰ ਜਾਨਾਂ ਦੇ ਨਾਲ, ਜ਼ਹਿਰੀਲੇ ਨਫ਼ਰਤ ਦੀ ਯਾਦ ਦਿਵਾਉਂਦੀ ਹੈ ਜੋ ਸਾਡੇ ਪਰਿਵਾਰ ਲਈ ਅਜੇ ਵੀ ਬੜੇ ਦੁੱਖ ਵਾਲੀ ਗੱਲ ਦੇ ਨਾਲਅਸੀਂ ਦੁਖੀ ਹਾਂ।ਪਰ ਮੈਂ ਚਾਹੁੰਦਾ ਹਾਂ ਕਿ ਬਾਬਾ ਜੀ ਸਿੱਖੀ ਦੁਆਰਾ ਪ੍ਰੇਰਿਤ ਕਦਰਾਂ ਕੀਮਤਾਂ ਨੂੰ ਯਾਦ ਕੀਤੇ ਜਾਣ, ਜੋ ਉਨਾਂ ਨੇ ਹਰ ਰੋਜ਼ ਮਿਸਾਲ ਦਿੱਤੀ - ਜਿਸ ਵਿੱਚ ਪਿਆਰ, ਬਰਾਬਰੀ, ਨਿਮਰਤਾ, ਸਦੀਵੀ ਆਸ਼ਾਵਾਦ ਅਤੇ ਦੂਜਿਆਂ ਦੀ ਸੇਵਾ ਆਦਿ ਸ਼ਾਮਲ ਹੈ।ਇਹ ਕਦਰਾਂ ਕੀਮਤਾਂ ਜੋ ਸਾਡੀ ਸਮੂਹਿਕ ਮਾਨਵਤਾ ਲਈ ਅਤਿ ਮਹੱਤਵਪੂਰਣ ਹਨ, ਸਾਡੇ ਸਾਰਿਆਂ ਨੂੰ ਨੇੜੇ ਲਿਆ ਸਕਦੀਆਂ ਹਨ ਉਸ ਨੇ ਕਿਹਾ ਸਾਡੀ ਉਮੀਦ ਇਹ ਹੈ ਕਿ ਉਸ ਦੀ ਜ਼ਿੰਦਗੀ ਸਾਡੀ ਨਿਸ਼ਚਾ ਦੀ ਇਕ ਜ਼ਰੂਰੀ ਸੱਚਾਈ ਦੀ ਯਾਦ ਦਿਵਾਉਂਦੀ ਹੈ। ਕਿ ਸਾਡੇ ਸਾਹਾਂ ਦੀ ਗਿਣਤੀ ਪਰਮਾਤਮਾ ਦੁਆਰਾ ਲਿਖੀ ਗਈ ਹੈ, ਪਰ ਇਹ ਸਾਡੇ ਲਈ ਆਉਂਦੀ ਹੈ ਕਿ ਅਸੀਂ ਉਨਾਂ ਦੀ ਵਰਤੋਂ ਵਿੱਚ ਆਪਣੀ ਪੂਰੀ ਕੋਸ਼ਿਸ਼ ਕਰੀਏ। ਦੁੱਖ ਦੀ ਘੜੀ ਵਿੱਚ ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ, ਡਾਕਟਰ ਰਾਜਵੰਤ ਸਿੰਘ, ਡਾਕਟਰ ਸੁਰਿੰਦਰ ਸਿੰਘ ਗਿੱਲ ਡਾਇਰੈਕਟਰ ਸਿੱਖਸ ਆਫ ਅਮਰੀਕਾ, ਕੰਵਲਜੀਤ ਸਿੰਘ ਸੋਨੀ ਪ੍ਰਧਾਨ ਸਿੱਖਸ ਆਫ ਅਮਰੀਕਾ, ਬਲਜਿੰਦਰ ਸਿੰਘ ਸ਼ੰਮੀ ਚੇਅਰਮੈਨ ਗੁਰਦੁਆਰਾ ਬਾਲਟੀਮੋਰ ਨੇ ਪ੍ਰੀਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਹੋਲਾ ਮਹੱਲਾ ਅਤੇ ਨਾਨਕਸ਼ਾਹੀ ਸੰਮਤ ਸਾਲ 552 ਦੀ ਅਰੰਭਤਾ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ ਹੋਵਣ।

ਗੁਰਦੁਆਰਾ ਸਾਹਿਬ ਪੈਲਾਟਾਈਨ ਦੇ ਪ੍ਰਬੰਧਕੀ ਬੋਰਡ ਦੀਆਂ 5 ਅਪ੍ਰੈਲ,2020 ਨੂੰ ਹੋਣ ਜਾ ਰਹੀਆਂ ਚੋਣਾਂ ਵਿੱਚ ਪੰਥਕ ਸਲੇਟ ਦੇ ਸੇਵਾਦਾਰਾਂ ਨੂੰ ਆਪਣਾ ਕੀਮਤੀ ਵੋਟ ਪਾ ਕੇ ਗੁਰਦੁਆਰਾ ਸਾਹਿਬ ਅਤੇ ਸੰਗਤ ਦੀ ਸੇਵਾ ਦਾ ਮੌਕਾ ਬਖਸ਼ੋ ਜੀ।

Sikh Religious Society Chicago (Palatine Gurdwara) election will be held on April 5, 2020. Please cast your valuable vote to elect Panthic Slate candidates.

- ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਬ ਸਾਂਝੀਵਾਲਤਾ ਦੇ ਆਦਰਸ਼ 'ਤੇ ਪਹਿਰਾ ਦੇਣਾ।
- ਵਿਸ਼ਵ ਪ੍ਰਸਿਧ ਰਾਗੀ, ਢਾਡੀ ਜਥੇ ਅਤੇ ਕਥਾਵਾਚਕ ਬੁਲਾਉਣੇ।
- ਸਿੱਖ ਇਤਿਹਾਸ ਨਾਲ ਸਬੰਧਤ ਸਾਰੇ ਹੀ ਦਿਨ-ਦਿਹਾੜੇ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਣੇ।
- ਬੱਚਿਆਂ ਅਤੇ ਨੌਜਵਾਨਾਂ ਨੂੰ ਸਿੱਖ ਵਿਰਸੇ ਅਤੇ ਖੇਡਾਂ ਨਾਲ ਜੋੜਨਾ।
- ਗੁਰਮਤਿ ਸਕੂਲ, ਲਾਇਬਰੇਰੀ ਅਤੇ ਮੈਡੀਕਲ ਕਲਿਨਿਕ ਦੀਆਂ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਵਸੀਲੇ ਮੁਹੱਈਆ ਕਰਨੇ।
- ਬਜ਼ੁਰਗਾਂ ਦੇ ਸਤਿਕਾਰ ਤੇ ਤਾਲਮੇਲ ਲਈ ਪ੍ਰੋਗਰਾਮ ਬਣਾਉਣੇ।
- ਬੋਰਡ ਦੇ ਕੰਮ-ਕਾਜ ਵਿਚ ਪੂਰਨ ਪਾਰਦਰਸ਼ਤਾ ਲਿਆਉਣਾ।
- ਸੰਗਤ ਦੀਆਂ ਲੋੜਾਂ ਲਈ ਨਵੀਂ ਪ੍ਰਾਪਰਟੀ ਨੂੰ ਵਿਕਸਤ ਕਰਨਾ।

- Stand for universal brotherhood and unity message of Sri Guru Granth Sahib Ji
- Invite renowned Raagi/ Dhaadhi Jathas & Kathavaachaks
- Celebrate historical events and Gurpurbs with full devotion and enthusiasm
- Connect our kids and youth with Sikh values and sports
- Expansion of Gurmat School, library and medical clinic to server community needs
- Programs for respect and strong relationship with Seniors
- Bring total transparency in board work
- Develop new property for community needs

## ਗੁਰਦੁਆਰਾ ਸਾਹਿਬ ਪੈਲਾਟਾਈਨ ਦੀਆਂ ਚੋਣਾਂ ਵਿੱਚ ਪੰਥਕ ਸਲੇਟ ਦੇ ਸੇਵਾਦਾਰ

### ਬੋਰਡ ਦੇ ਉਮੀਦਵਾਰ Board of Trustee Candidates


ਯਾਦਵਿੰਦਰ ਸਿੰਘ ਗਰੇਵਾਲ
Yadwinder Singh Grewal
Vote Ballot No 1


ਅੱਛਰ ਸਿੰਘ
Achhar Singh
Vote Ballot No 3


ਸ਼ਿਵਿੰਦਰਜੀਤ ਸਿੰਘ (ਦਾਰਾ ਸਿੰਘ)
Shivinderjit Singh (Dara Singh)
Vote Ballot No 7


ਤਰਲੋਚਨ ਸਿੰਘ ਮੁਲਤਾਨੀ
Tarlochan Singh Multani
Vote Ballot No 8

### ਸੀ ਆਈ ਸੀ ਦੇ ਉਮੀਦਵਾਰ CIC Candidate


ਜਸਬੀਰ ਕੌਰ ਮਾਨ
Jasbir Kaur Mann
Vote Ballot No 2

## ਸੰਗਤ ਨੂੰ ਅਪੀਲ

5 ਅਪ੍ਰੈਲ, 2020 ਨੂੰ ਗੁਰਦੁਆਰਾ ਸਾਹਿਬ ਪੈਲਾਟਾਈਨ ਦੀਆਂ ਚੋਣਾਂ ਵਿੱਚ ਪੰਥਕ ਸਲੇਟ ਦੇ ਸੇਵਾਦਾਰਾਂ ਨੂੰ ਆਪਣਾ ਕੀਮਤੀ ਵੋਟ ਪਾ ਕੇ ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ (ਗੁਰਦੁਆਰਾ ਸਾਹਿਬ ਪੈਲਾਟਾਈਨ) ਦੇ ਸੁਚਾਰੂ ਪ੍ਰਬੰਧ ਅਤੇ ਸੰਗਤ ਦੀ ਸੇਵਾ ਦਾ ਮੌਕਾ ਬਖਸ਼ੋ ਜੀ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com




22

GET FLAT 22 CENTS

DISCOUNT AT




TA TravelCenters of America

PETRO Stopping Centers

We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com